ਦੇ ਉਤੇ ਭੀ ਏਹੋ ਜਿਹੇ ਸੁਖਦਾਈ ਸਾਧਨ ਕਾਰਣ ਅੰਗਲਾ ਕਰਦੇ ਹਨ ॥

ਹੋਮ ਜਗ ਨਈਬੇਦ ਆਦਿ ਕੈ ਪੂਜਾ ਅਨੇਕ
ਜਪ ਤਪ ਸੰਜਮ ਅਨੇਕ ਪੁੰਨ ਦਾਨ ਕੈ ।

ਜਗ ਵਿਚ ਹੋਮ ਕਰਨੇ ਦੇਵਤਿਆਂ ਨੂੰ ਅਨੇਕਾਂ ਹੀ ਭਾਂਤਾਂ ਦੀਆਂ ਪੂਜਾ ਕਰਕੇ ਪਦਾਰਥਾਂ ਦੇ ਭੋਗ ਲਗੌਣੇ ਏਹ ਜੋ ਪਹਿਲੋਂ ਦੇ ਬਹੁਤ ਹੀ ਕਰਮ ਚਲੇ ਆਏ ਹਨ ਜਪ ਤਪ ਕਰਨੇ ਇੰਦ੍ਰੀਆਂ ਦਾ ਰੋਕਣਾ ਹੋਰ ਅਨੇਕਾਂ ਹੀ ਪੁੰਨ ਦਾਨ ਕਰਨੇ ॥

ਜਲ ਥਲ ਗਿਰ ਤਰ ਤੀਰਥ ਭਵਨ ਭੂਅ
ਹਿਮਾਚਲ ਧਾਰਾ ਅਗ੍ਰ ਅਰਪਨ ਪ੍ਰਾਨ ਕੈ ।

ਜਲਾਂ, ਥਲਾਂ, ਪਹਾੜਾਂ, ਬ੍ਰਿਛਾਂ, ਤੀਰਥਾਂ ਲੋਕਾਂ ਇਤਯਾਦਿਕ ਸਾਰੀ ਧਰਤੀ ਦੇ ਤੀਰਥਾਂ ਦੇ ਯਤਨ ਕਰਨੇ ਵੀ ਹਿਮਾਲਾ ਪਰਬਤ ਦੀ ਬਰਫ ਵਿਚ ਪਾਣੀ ਦਾ ਕੰਕਰ ਗਾਲਕੇ ਮਰਨਾ ਅਤੇ ਗੰਗਾ ਦੀ ਧਾਰਾ ਵਿਚ ਪ੍ਰਾਨ ਅਰਪਨ ਕਰਨੇ; ਭਾਵ ਇਤਯਾਦਿਕ ਕਠਨ ਕਾਂਸ਼ੇ ਕਰਦਿਆਂ ਲੈਣੇ ਜਿਨ੍ਹਾਂ ਸਾਧਨ ਹਨ।

ਰਾਗ ਨਾਦ ਬਾਦ (ਏ) ਸੰਗੀਤ ਬੇਦ ਪਾਠ ਬਹੁ
ਸਹਿਜ ਸਮਾਧ ਸਾਧ ਕੋਟ ਜੋਗ ਧਯਾਨ ਕੈ ।

ਗਾਇਆਂ ਦੇ ਸ਼ਬਦ ਰਾਗ ਵਿਚ ਅਲਾਪਣੇ ਕਰਨੇ ਜੋ ਹਨ ਅਤੇ ਅਡੋਲ ਸਮਾਧੀ ਦੇ ਸਾਧੂਆਂ ਦੀ ਹੈ ਅਤੇ ਕ੍ਰੋੜਾਂ ਹੀ ਜੋਗੀਆਂ ਦੇ ਜੋਗ ਦੇ ਧਯਾਨ ਕਰਨੇ ਜੋ ਹਨ ॥

ਚਰਨ ਸਰਨ ਗੁਰ ਸਿਖ ਸਾਧ ਸੰਗ ਪਰ
ਵਾਰ ਡਾਰੋਂ ਨਿਗ੍ਰਹ ਹਠ ਜਤਨ ਕੋਟਾਨਕੈ॥੨੫੫

ਜਿਹੜੇ ਸਿਖ ਗੁਰਾਂ ਦੇ ਚਰਨਾਂ ਦੀ ਸ਼ਰਨ ਆਇ ਹਨ ਉਹਨਾਂ ਦੀ ਸਾਧ ਸੰਗਤ ਦੀ ਧੂੜੀ ਦੇ ਉਤੋਂ ਦੀ ਉਪ੍ਰੋਕਤ ਹਠ ਕਰਕੇ ਇੰਦ੍ਰੀਆਂ ਦਾ ਰੋਕਣਾ ਆਦਿਕ ਜੋ ਅਨੇਕਾਂ ਹੀ ਯਤਨ ਹਨ ਉਹਨਾਂ ਨੂੰ ਵਾਰ ਘੋਲ ਦੇਈਏ ॥

"ਪਾਠ ਪੜਿਓ ਅਰ ਬੇਦ ਬੀਚਾਰਿਓ" ਏਹ ਸਾਰੀ ਅਸ਼ਟਪਦੀ ਸੋਰਠ ਵਿਚੋਂ ਵੇਖੋ ਸ੍ਰੀ ੫ ਗੁਰੂ ਜੀ ਆਖਦੇ ਹਨ

"ਗੁਰੂ ਦਸਮ" "ਤੀਰਥ ਕੋਟਿ ਕੀਏ ॥ ਪੁਨਾ—ਮੋਨ ਭਜੇ ਨਹੀਂ" ਚੰਦ ਇਤਯਾਦਿਕ ॥

ਮਿਠਾ ਅਤੇ ਕੌੜਾ ਵਚਨ ਬੋਲਣ ਵਾਲਿਆਂ ਦਾ ਨਿਰਣਾ ਕਰਦੇ ਹਨ—

ਮਧੁਰ ਬਚਨ ਸਮਸਰਿ ਨ ਪੁਜਸ ਮਧੁ
ਕਟਕ ਸਬਦ ਸਰ ਬਿਖ ਨ ਬਿਖਮ ਹੈ।

ਮਿਠੇ ਬੋਲ ਸਮਾਨ ਸ਼ਹਿਦ ਨਹੀਂ ਪੁਜਦਾ ਅਤੇ ਜਿਤਨਾ ਕੁ ਕੌੜਾ ਬਚਨ (ਦੁਖਦਾਈ ਹੈ) ਓਡੀ ਕੁ ਵਡੀ ਭਾਵ ਕੌੜੇ ਬਚਨ ਦੇ ਬਰਾਬਰ ਸਪ ਦੀ ਵਿਹੁ ਵੀ (ਵਿਖਮ) ਕਠਨ, ਕੌੜੀ ਨਹੀਂ ਹੈ॥

ਵਾਰ ੬ ਪੌੜੀ ੧੯॥ ਗੁਰਮੁਖ ਮਿਠਾ ਬੋਲਣਾ ਜੋ ਬੋਲੇ ਸੋਈ ਜਪ ਜਾਪੇ॥

ਮਧੁਰ ਬਚਨ ਸੀਤਲਤਾ ਮਿਸਟਾਨ ਪਾਨ
ਕਟਕ ਸਬਦ ਸੰਤਪਤ ਕਟ ਕਮ ਹੈ।

ਮਿਠੇ ਬੋਲ ਜੋ ਹਨ ਸੋ ਇਸ ਮਿਠੇ ਨੂੰ ਪੀਏ ਸੀਤਲਤਾਈ ਹੁੰਦੀ ਹੈ, ਭਾਵ ਮਿਠਾ ਬਚਨ ਬੋਲਣ ਨਾਲ ਹਿਰਦਾ ਅਪਣਾ ਵੀ ਤੇ ਅਗਲੇ ਦਾ ਵੀ ਠੰਢਾ ਹੁੰਦਾ ਹੈ ਅਤੇ ਤਾਜ਼ੀ ਆਉਂਦੀ ਹੈ ਅਤੇ ਸਹਤ ਤਪਤ ਦੇ ਜੋ ਅਹਾ ਹੈ ਖਿਸਦੀ ਆਕਨ ਵਾਲੀ ਤਸੀ, ਕੁਲੱਤਣ ਕਮਤੀ ਹੈ ਕਠੋਰ ਬਚਨਾਂ ਨਾਲੋਂ॥

ਮਧੁਰ ਬਚਨ ਕੈ ਤ੍ਰਿਪਤ ਔ ਸੰਤੋਖ ਸਾਂਤਿ
ਕਟਕ ਸਬਦ ਅਸੰਤੋਖ ਦੋਖ (ਰੋਖ) ਸ੍ਰਮ ਹੈ।

ਮਿਠੇ ਬਚਨਾਂ ਦੇ ਉਚਾਰਨ ਕਰਕੇ ਰਜੀ ਦਾ ਹੈ ਅਤੇ ਸੰਤੋਖ ਦੀ ਸ਼ਾਂਤੀ ਪ੍ਰਾਪਤ ਹੁੰਦੀ ਹੈ ਅਤੇ ਕਠੋਰ ਬਚਨਾਂ ਦੇ ਬੋਲਣ ਕਰਕੇ ਨਹੀਂ ਰਜੀ ਦਾ ਵਿਖ ਦੂਸ਼ਨ ਦਾ ਬੜਾ ਭਾਰਾ (ਸ੍ਰਮ) ਕਲੇਸ਼ ਹੁੰਦਾ ਹੈ॥

ਮਧੁਰ ਬਚਨ ਲਗ ਅਗਮ ਸੁਗਮ ਹੋਇ
ਕਟਕ ਸਬਦ ਲਗਿ ਸੁਗਮ ਅਗਮ ਹੈ॥ ੨੫੬॥

ਮਿਠੇ ਬਚਨ ਬੋਲਣ ਨਾਲ ਔਖੇ ਕਾਰਜ ਵੀ ਸੌਖੇ ਹੋ ਜਾਂਦੇ ਹਨ ਅਤੇ ਕੌੜੇ ਕਠੋਰ ਬਚਨ ਬੋਲਣ ਨਾਲ ਸੌਖੇ ਕੰਮ ਵੀ ਔਖੇ ਹੋ ਜਾਂਦੇ ਹਨ॥੨੫੬॥

ਅਜੇਹੇ ਗੁਰਮੁਖਾਂ ਦੀ ਕ੍ਰਿਆ ਹੋਰ ਕਿਧਰੇ ਟੋਲ੍ਹਤ ਨਹੀਂ ਲੱਭੀ, ਜੀਵਦੇ ਅਸੀਂ ਜਿਮੁਕਤ ਆਖਦੇ ਹਨ॥

ਗੁਰਮੁਖ ਸਬਦ ਸੁਰਤਿ ਸਾਧ ਸੰਗ ਮਿਲ
ਗਿਆਨ ਧਿਆਨ ਜੋਤਿ ਕੈ ਉਦੋਤ ਪ੍ਰਗਟਾਏ ਹੈ।

ਜਦ ਗੁਰਮੁਖ ਸਾਧ ਸੰਗਤ ਵਿਚ ਮਿਲ ਅਤੇ ਗੁਰੂ ਸਬਦ ਵਿਚ ਸੁਰਤਿ

ਰੀਤੀ ਪਰ ਤੇ ਇਨਾਂ ਨੂੰ ਕੀਕਰ ਕਰਨ ਮਨਾਯਾ ਹੋਯਾ ਜੀਉਰ ਸੂਰਜ ਦੀਆਂ ਕਿਰਨਾਂ ਦਾ ਪ੍ਰਕਾਸ਼ ਪ੍ਰਗਟ ਹੁੰਦਾ ਹੈ॥

ਨੋਟ—ਇਸ ਕਬਿਤ ਵਿਚ ਦ੍ਰਿਸ਼ਟਾਂਤ ਦਾਰਸ਼ਟਾਂਤ ਦੋਵੇਂ ਚਲ ਰਹੇ ਹਨ ਕਰ ਸੂਰਜ ਦੇ ਚੜ੍ਹਨ ਨਾਲ ਕਮਲ ਫੁਲਦਾ ਹੈ ਅਤੇ ਭੌਰਾ ਉਸ ਉਪਰ ਬਹਿੰਦਾ ਹੈ ਈਕੁਰ ਹੀ ਗਿਆਨ ਸੂਰਜ ਗੁਰੂ ਜੀ ਪ੍ਰਕਾਸ਼ ਕਰ ਦੇਣੇ ਤਾਂ ਗੁਰਮੁਖਾਂ ਦਾ ਹਿਰਦਾ ਕਮਲ ਪ੍ਰਫੁਲਤ ਹੁੰਦਾ ਹੈ॥

ਨਾਭਿ ਸਰਵਰੁ ਬਿਖੈ ਬ੍ਰਹਮ ਕਮਲ ਦਲ
ਹੋਇ ਪਰਫੁਲਿਤ ਬਿਮਲ ਜਲ ਛਾਯੋ ਹੈ।

ਜਦ ਸੂਰਜ ਚੜ੍ਹਦਾ ਹੈ ਤਾਂ ਤਾਲ ਦੇ ਨਿਰਮਲ ਪਾਣੀ ਵਿਚ ਕੌਲ ਦੇ ਪਤ੍ਰ ਫੁਲਦੇ ਹਨ, ਈਕੁਰ ਹੀ ਜਦ ਗੁਰੂ ਗਿਆਨ ਦਾ ਪ੍ਰਕਾਸ਼ ਕਰਦੇ ਹੈਨ ਤਾਂ ਹਿਰਦੇ ਵਿਚ ਵਾਹਿਗੁਰੂ ਦਾ ਨਾਮ ਪ੍ਰਗਟ ਹੁੰਦਾ ਹੈ ਅਤੇ ਹਿਰਦਾ ਖਿੜਦਾ ਹੈ ਅਤੇ ਅਨੰਦ ਨਾਲ ਭਰ ਜਾਂਦਾ ਹੈ॥

ਮਧੁ ਮਕਰੰਦ ਰਸ ਪ੍ਰੇਮ ਪਰ ਪੂਰਨ ਕੈ
ਮਨੁ ਮਧੁਕਰ ਸੁਖ ਸੰਪਟ ਸਮਾਯੋ ਹੈ।

ਜਦ ਰਾਤ ਪੈ ਜਾਂਦੀ ਹੈ ਤਾਂ ਫੁਲ ਜੋ ਭੌਰੇ ਵਰ ਮੁੰਦਿਆ ਹੁੰਦਾ ਹੈ ਉਸਦੇ ਵਿਚ ਭੌਰਾ ਜਮਾ ਜਾਂਦਾ ਹੈ ਭਾਵ ਬੰਦ ਵਿਚ ਰਹਿੰਦਾ ਹੈ ਅਤੇ ਪੈਰ ਫਿਰਕੇ ਆਦਿਕ ਕੁਝ ਨਹੀਂ ਕਰ ਸਕਦੇ ਜਦ ਫਿਰ ਸੂਰਜ ਚੜ੍ਹਦਾ ਹੈ ਤਾਂ ਉਸੇ ਹੀ ਮਿਠੀ ਸੁਗੰਧੀ ਵਾਲੀ ਫੁਲਾਂ ਦੀ ਪੁੜੀ ਜੋ ਅਨੰਦ ਦੇਣ ਵਾਲੀ ਤੇ ਸੁਖ ਕਰਨ ਵਾਲੀ ਹੈ ਸਮਾ ਇਆ ਰਹਿੰਦਾ ਹੈ ਭਾਵ ਫਿਰ ਭੀ ਉਸ ਅਨੰਦ ਨੂੰ ਛਡਕੇ ਭੌਰਾ ਨਹੀਂ ਜਾਂਦਾ ਅਤੇ ਹੋਰਨਾਂ ਭੌਰਿਆਂ ਨੂੰ ਸਦਦਾ ਹੈ ਈਕੁਰ ਹੀ ਗੁਰਮੁਖਾਂ ਦਾ ਹਿਰਦਾ ਜੋ (ਅਨੰਦ) ਵਾਹਿਗੁਰੂ ਦੇ ਨਾਮ ਨਾਲ ਭਰਿਆ ਹੋਇਆ ਹੈ ਉਸ ਡਬੇ ਵਿਚ ਸਮਾਉਣੇ ਵਾਸਤੇ ਹੋਰ ਸਿਖਾਂ ਨੂੰ ਸਦਦੇ ਹਨ ਅਤੇ ਆਪ ਉਸ ਅਨੰਦ ਨੂੰ ਲੈਂਦੇ ਹਨ॥

ਅਕਥ ਕਥਾ ਬਿਨੋਦ ਮੋਦ ਔ ਅਮੋਦ ਸਿੰਧ
ਉਨਮਨ ਹੁਇ ਅਨੰਦ ਅਨਭੈ ਨ ਧਾਯੋ ਹੈ ॥੨੪੭॥

(ਬਿਨੋਦ) ਤਮਾਸ਼ਾ (ਮੋਦ) ਅਨੰਦ (ਅਮੋਦ) ਖੁਸ਼ੀ ਵਿਚ ਉਹ ਭੌਰੇ ਅਤੇ ਹੋਰ ਜਿਨ੍ਹਾਂ ਭੌਰੇ ਆਦਿ ਹੈਨ ਹਨ ਉਸ ਕਮਲ ਦੇ ਅਨੰਦ ਨੂੰ ਛਡਕੇ ਹੋਰ ਕੇਵਲ ਆਦਿਕ ਤੇ ਨਹੀਂ ਜਾਂਦੇ ਅਤੇ ਜੋ ਕੇਵਲੀ ਜੋ ਕਹਿਣ ਵਾਲੇ ਉਹ ਧਰ ਧਿਆਨਾਂ ਨੂੰ ਭੀ ਲਿਆਉਂਦੇ ਹਨ। ਇਸ ਤਮਾਸ਼ੇ ਦੀ ਅਕਥ ਕਥਾ ਹੈ, ਜਿਵੇਂ ਹੀ ਜੋ ਸਿਖ ਗੁਰੂ ਦੇ ਗਿਆਨ ਆਉਂਦੇ ਹਨ ਅਤੇ ਜੋ ਉਨ੍ਹਾਂ ਨੂੰ ਅਨੰਦ

ਹੋਣ ਦੇ ਵਿੱਚ ਅਲੌਕਿਕ ਅਤੇ ਅਮੋਲਕ ਦੇ ਅਨੰਦ (ਆਮੋਦ) ਭੁਗਤ ਅਨੰਦ ਵਾਲੇ ਹਨ ਅਜੇਹੀ ਬ੍ਰਿਤੀ ਵਾਹਿਗੁਰੂ ਵਿਚ (ਮਗਨ) ਮਸਤ ਲਾਈ ਰਖਦੇ ਹਨ ਅਤੇ ਹੋਰ ਕਿਧਰੇ ਦੇਵੀ ਦੇਵਤਿਆਂ ਵੱਲ ਨਹੀਂ ਦੌੜਦੇ। ਸੋ ਇਸ ਤਰ੍ਹਾਂ ਉਹਨਾਂ ਦੇ ਉਮਾਹ ਦੀ ਕਥਾ ਕਹੀ ਨਹੀਂ ਜਾਂਦੀ ॥੧੭੩॥

ਆਪ ਆਖਦੇ ਹਨ ਕਿ ਗੁਰਮੁਖਾਂ ਤੇ ਅਜੇਹੇ ਅਨੰਦ ਵਿਚ ਅਨੰਦ ਰਹਿੰਦੇ ਹਨ ਪਰ ਮਨਮੁਖਾਂ ਦਾ ਹਾਲ ਜੀ ਉਹਨਾਂ ਦਾ ਚਿਤ ਹਰਾਂ ਥਾਵਾਂ ਵਿਚ ਭਰਮਦਾ ਫਿਰਦਾ ਹੈ ਅਤੇ ਜੇ ਓਹ ਗੁਰ ਉਪਦੇਸ਼ ਤੋਂ ਬਿਨਾ ਹੋਰ ਕੰਮ ਕਰਦੇ ਹਨ ਓਹ ਓਹਨਾਂ ਨੂੰ ਅਜੇਹੇ ਦੁਖਦਾਈ ਹੁੰਦੇ ਹਨ ਜੀਕੁਰ ਕਚੀਆਂ ਧਾਤਾਂ ਖਾਧਿਆਂ ਦੁਖ ਦੇਂਦੀਆਂ ਹਨ ॥

ਜੈਸੇ ਕਾਚੋ ਪਾਰੋ ਮਹਾਂ ਬਿਖਮ ਨ ਖਾਯੋ ਜਾਇ
ਮਾਰੇ ਨਿਹਕਲੰਕ ਹ੍ਵੈ ਕਲੰਕ ਨ ਮਿਟਾਵਈ।

ਜੇਹਾ ਕੁ ਕੱਚਾ ਪਾਰਾ ਬਹੁਤ ਕਰੜਾ ਹੁੰਦਾ ਹੈ ਅਤੇ ਖਾਧਾ ਨਹੀਂ ਜਾਂਦਾ ਅਤੇ ਜੇਕਰ ਕੋਈ ਖਾ ਵੀ ਲਵੇ ਤਾਂ ਉਸਨੂੰ ਕੋਈ ਅਜੇਹਾ (ਕਲੰਕ-ਰੋਗ) ਰੋਗ ਲਾ ਦੇਂਦਾ ਹੈ ਜੇਹੜਾ ਕਿਸੇ ਹਕੀਮ ਕੋਲੋਂ ਵੀ ਨਾ ਦੂਰ ਕੀਤਾ ਜਾਵੇ। ਅਤੇ ਜੇਕਰ ਉਸੇ ਹੀ ਪਾਰੇ ਨੂੰ ਕਿਸੇ ਉਸਤਾਦ (ਮਨਜਾਣੋਂ) ਦੀ ਰਾਹੀਂ ਮਾਰਕੇ ਖਾਈ ਜਾਵੇ ਫਿਰ ਵਡੇ ਰੋਗੀ ਨੂੰ (ਨਿਹਕਲੰਕ) ਬਿਨਾਂ ਰੋਗ ਤੋਂ ਕਰਦਾ ਹੈ ॥

ਤੈਸੇ ਮਨ ਸਬਦ ਬੀਚਾਰਿ ਮਾਰ ਹਉਮੈ ਮਾਰਿ
ਪਰਉਪਕਾਰੀ ਹ੍ਵੈ ਬਿਕਾਰ ਨ ਘਟਾਵਈ।

ਤੇਹਾ ਕੁ ਹੀ ਮਨ ਨੂੰ ਗੁਰਸ਼ਬਦ ਦੇ ਵਿਚਾਰ ਨਾਲ ਮਾਰੇ (ਮਾਰਨਾ ਹੀ ਮਾਰਨਾ ਹੈ) ਕਿ ਹੰਕਾਰ ਨੂੰ ਦੂਰ ਕਰੇ, ਸੋ ਤਾਂ ਤੇ ਓਹ ਗੁਰਮੁਖ ਪਰਉਪਕਾਰ ਦੇ ਕਰਨ ਵਾਲਾ ਹੁੰਦਾ ਹੈ ਅਤੇ ਜੇ ਮਨ ਨੂੰ ਵਸ ਨ ਕਰੇ ਤਾਂ ਕਿਸੇ ਵਿਕਾਰ ਤੋਂ ਨਹੀਂ ਘਟਦੇ, ਭਾਵੇਂ ਦੁਖ ਪਾਉਂਦਾ ਹੈ ਪਾਰੇ ਵਾਕੁਰ ॥

ਸਾਧ ਸੰਗ ਅਧਮ ਅਸਾਧ ਹ੍ਵੈ ਮਿਲਤ (ਜਲ)
ਚੂਨਾ ਕਥ ਤੰਬੋਲ ਰਸ ਰੰਗ ਪ੍ਰਗਟਾਵਈ।

ਸਾਧਸੰਗਤ ਵਿਚ ਜਾਵੇਂ ਕੋਈ ਪਾਪੀ ਸਾਧੂ ਹੀ ਆ ਮਿਲੇ (ਪਰ ਉਸ ਦਾ ਚੰਗਾ ਹੋ ਜਿਹਾ ਨਾਮ ਦੀ ਰੰਗਤ ਨਾਲ ਹੋ ਜਾਂਦਾ ਹੈ) ਜੇਹਾ ਕੁ ਚੂਨਾ ਪਾਨ ਦੇ ਪੱਤਿਆਂ ਨਾਲ ਮਿਲਕੇ ਲਾਲ ਰੰਗ ਨੂੰ ਪ੍ਰਗਟ ਕਰਦਾ ਹੈ ॥

ਤੈਸੇ ਹੀ ਚੰਦਨ ਮਿਲ ਕੁਸਮ ਬਹੁਰ ਦੂੰਣ

ਚਰਨ ਕਮਲ ਸੁਖ ਸੰਪਟ ਸਮਾਵਈ ॥ ੨੫੮ ॥

ਜਿਹਾ ਕੁ ਭੌਰਾ ਰਾਤ ਭੁਲੇਖੇ (ਗੰਦਕੀ ਆਦਕ ਤੇ ਫਿਰਦਾ) ਭੁਲਾਂ ਕੇ ਆ ਬੈਠੇ ਤਾਂ ਉਸਨੂੰ ਬਹੁਤ ਸੁਖ ਹੁੰਦਾ ਹੈ (ਭਾਵ ਸੂਰਜ ਦੇ ਛੁਬਣ ਨਾਲ ਭਾਵੇਂ ਚਾਕੂਰ ਕੌਲ ਵਿਚ ਮੀਟ ਲੈਂਦਾ ਹੈ ਪਰ ਫਿਰ ਵੀ ਪਾਣੀ ਵਿਚ ਦੇ ਦੁਖ ਤੋਂ ਬਚਿਆ ਰਹਿੰਦਾ ਹੈ) ਤਿਹਾ ਕੁ ਹੀ ਮਨ ਕੈਵਲ ਚਾਰੇ ਕੂੰਟਾਂ ਵਿਚ ਫਿਰਦਾ ਹੋਇਆ ਜੇ ਗੁਰਾਂ ਦੇ ਚਰਨ ਉਤੇ ਆ ਸਮਾਵੇ ਤਾਂ ਬਹੁਤ ਸੁਖ ਹੁੰਦਾ ਹੈ ॥੨੫੮॥

ਅਜੇਹੇ ਗੁਰਮੁਖਾਂ ਨੇ ਆਪਣੇ ਅੰਗਾਂ ਨੂੰ ਈਕੁਣ ਸਫਲ ਕੀਤਾ ਹੈ ॥

ਗੁਰਮੁਖ ਮਾਰਗ ਹ੍ਵੈ ਧਾਵਤ ਬਰਜ ਰਾਖੇ
ਸਹਜ ਬਿਸ੍ਰਾਮ ਧਾਮ ਨਿਹਚਲ ਬਾਸ ਹੈ ।

ਗੁਰਮੁਖਾਂ ਨੇ ਗੁਰਾਂ ਦੇ ਰਸਤੇ (ਸਤਸੰਗ) ਵਲ ਆਕੇ ਦੌੜਦੇ ਹੋਏ ਇੰਦ੍ਰਿਆਂ ਨੂੰ ਰੋਕ ਰਖਿਆ ਅਤੇ ਸਹਜੇ ਹੀ ਇਸਥਿਰ ਵਸਣ ਵਾਲੇ ਘਰ ਵਿਚ ਬਿਸ੍ਰਾਮ ਕੀਤਾ (ਭਾਵ ਘਰ ਵਿਚ ਟਹਿਕਣੀ ਮਨ ਆਦਕ ਨੂੰ ਮਿਲਿਆ) ।

ਚਰਨ ਸਰਨ ਰਜ ਰੂਪ ਹੈ ਅਨੂਪ ਰੂਪ
ਦਰਸ ਦਰਸਿ ਸਮ ਦ੍ਰਿਸਟਿ ਪ੍ਰਗਾਸ ਹੈ ।

ਅਜੇਹਾਂ ਉਪ੍ਰੋਕਤ ਗੁਰਮੁਖਾਂ ਨੇ ਗੁਰਾਂ ਦੀ ਸ਼ਰਨ ਜਾਕੇ ਗੁਰਾਂ ਦੇ ਚਰਨਾਂ ਦੀ ਧੂੜੀ ਲਾਈ ਅਤੇ ਬੜੇ ਸੁੰਦ੍ਰ ਰੂਪ ਵਾਲੇ ਤੇ ਉਪਮਾ ਦੇ ਜੋਗ ਹੋਏ, ਅਤੇ ਜਦ ਗੁਰਾਂ ਦਾ ਦਰਸ਼ਨ ਦਰਸਿਆ ਤਾਂ (ਨੇਤ੍ਰਾਂ ਵਿਚ) ਸਮ ਦ੍ਰਿਸਟੀ ਦਾ ਪ੍ਰਕਾਸ਼ ਹੋਯਾ ।

ਸਬਦ ਸੁਰਤਿ ਲਿਵ ਬੱਜਰ ਕਪਾਟ ਖੁਲ੍ਹੇ
ਅਨਹਦ ਨਾਦ ਬਿਸਮਾਦ ਕੋ ਬਿਸ੍ਵਾਸ ਹੈ ।

ਜਦ ਗੁਰਾਂ ਦੇ ਸ਼ਬਦ ਵਿਚ ਬ੍ਰਿਤੀ ਲਾਕੇ ਪ੍ਰੀਤੀ ਕੀਤੀ ਤਾਂ ਪੱਥਰ ਦੇ ਦਰਵਾਜ਼ੇ ਖੁਲ ਗਏ ਅਤੇ ਫਿਰ ਅਸਚਰਜ (ਵਾਹਿਗੁਰੂ ਦੇ) ਇਕ ਰਸ ਸ਼ਬਦ ਦਾ ਭਰੋਸਾ ਹੋਇਆ ॥

ਅੰਮ੍ਰਿਤ ਬਾਣੀ ਅਲੇਖ ਲੇਖ ਕੈ ਅਲੇਖ ਭਏ
ਪਰ ਦਛਨਾ ਕੈ ਸੁਖ ਦਾਸਨ ਕੇ ਦਾਸ ਹੈ ॥ ੨੫੯

ਗੁਰਾਂ ਦੀ ਅੰਮ੍ਰਿਤ ਵਰਗੀ ਬਾਣੀ ਦੇ ਅਲੇਖ ਨੂੰ ਲਿਖਕੇ ਜਮਾਂ ਦੇ ਲੇਖੇ ਤੋਂ ਰਹਿਤ ਹੋਏ (ਉਹ ਜਨਮ ਸਫਲ ਹੋਏ) ਅਤੇ ਗੁਰਾਂ ਦੀਆਂ ਪਰਦਖਣਾਂ ਕਰਕੇ

ਸੁਧੀ ਹੋਣ ਦੇ ਸੋਂ ਸਫਲ ਹੋਤਿ ਅਤੇ ਦਾਸਾਂ ਦੇ ਦਾਸ ਹੋਏ ॥ ੨੫੯ ॥

ਉਪਰੋਕਤ ਭਾਵ ਅਤੇ ਉਪਰੋਕਤ ਅਸਿਥ ਸਾਂਗਤ ਅਤੇ ਵਚਨਨ ਅਨੁਵੇਦਨ ॥

ਗੁਰ ਸਿਖ ਸਾਧ ਰੂਪ ਰੰਗ ਅੰਗ ਅੰਗ ਛਬਿ
ਦੇਹ ਕੈ ਬਿਦੇਹ ਔ ਸੰਸਾਰੀ ਨਿਰੰਕਾਰੀ ਹੈ ।

ਗੁਰਾਂ ਦੇ ਸਿਖ ਜੋ ਸੰਤਾ ਦਾ ਸਰੂਪ ਹਨ ਇਹਨਾਂ ਨੇ ਜਦ (ਸਾਧ ਸੰਗਤ) ਗੁਰਾਂ ਵਿਚ ਪ੍ਰੇਮ ਕੀਤਾ ਤਾਂ ਸਾਰੇ ਅੰਗ ਸਰੀਰ ਦੇ (ਸਫਲ) ਬੜੀ ਉਪਮਾ ਵਾਲੇ ਹੋਏ ਅਤੇ ਆਪਣੀ ਦੇਹ ਦੇ ਹੰਕਾਰ ਤੋਂ ਬਿਦੇਹ ਹੋਏ ਅਤੇ ਸੰਸਾਰ ਵਿਚ ਰਹਿਕੇ ਗ੍ਰਿਹਸਥੀ ਕਹਾਕੇ ਨਿਰੰਕਾਰੀ ਹੋ ਗਏ ਕਿਆਂ ਵਾਹਿਗੁਰੂ ਨੂੰ ਮਿਲ ਗਏ "ਗੁਰਮੁਖਿ ਮਿਲਿ ਭਏ ਨਿਰੰਕਾਰੀ" ॥

ਦਰਸ ਦਰਸ ਸਮ ਦਰਸ ਬ੍ਰਹਮ ਧਿਆਨ
ਸਬਦ ਸੁਰਤਿ ਗੁਰ ਬ੍ਰਹਮ ਬੀਚਾਰੀ ਹੈ ।

ਵਾਹਿਗੁਰੂ ਦੇ ਦਰਸ਼ਨ ਦੇ (ਧਿਆਨ) ਨੂੰ ਕਰਨ ਨਾਲ ਸਮ ਦ੍ਰਿਸ਼ਟੀ ਹੋਈ ਅਥਵਾ ਗੁਰਾਂ ਦੇ ਦਰਸ਼ਨ ਕਰਨ ਨਾਲ ਸਮਾਨ ਦ੍ਰਿਸ਼ਟੀ ਵਾਲੇ ਬ੍ਰਹਮ ਗਿਆਨੀ ਹੋਏ (ਧਨਾਸਰੀ ਮਹਲਾ ੫) "ਬ੍ਰਹਮ ਪਸਾਰੁ ਪਸਾਰਿਓ ਭੀਤਰਿ ਸਤਿਗੁਰ ਤੇ ਸੋਝੀ ਪਾਈ" ਅਤੇ ਗੁਰਾਂ ਦੇ ਉਪਦੇਸ਼ ਵਿਚ ਪ੍ਰੀਤੀ ਕਰਨ ਨਾਲ ਵਾਹਿਗੁਰੂ ਦੇ ਵਿਚਾਰਨ ਵਾਲੇ ਗੁਰਮੁਖ ਹੋਏ ॥

ਗੁਰ ਉਪਦੇਸ ਪਰਵੇਸ ਲੇਖ ਕੈ ਅਲੇਖ
ਚਰਨ ਸਰਨ ਕੈ ਬਿਕਾਰੀ ਉਪਕਾਰੀ ਹੈ ।

ਗੁਰ ਉਪਦੇਸ਼ ਵਿਚ ਦਲੀਲ ਜੋੜੀ ਸੰਸਾਰ ਦੇ ਲੇਖਿਆਂ ਤੋਂ (ਜਮ ਧਰਮ ਦੇ ਲੇਖਿਆਂ ਤੋਂ) (ਅਲੇਖ) ਛੁਟ ਗਏ । ਭਾਵ ਜਦ ਗੁਰ ਸ਼ਬਦ ਨੂੰ ਲਿਖਿਆ ਵਿਚਾਰਿਆ ਤਾਂ ਸੰਸੇ ਦੂਰ ਹੋ ਗਈਆਂ (ਇਹ ਹਥ ਸਫਲ ਹੋਏ) ਅਤੇ ਚੰਦਨ ਰੂਪੀ ਗੁਰਾਂ ਦੀ ਸ਼ਰਨ ਗਏ ਜੋ ਵਿਕੇ ਵਿਕਾਰਾਂ ਤੋਂ ਛੁਟਣ ਉਪਕਾਰ ਕਰਨ ਵਾਲੇ ਹੋ ਗਏ (ਇਹ ਪੈਰ ਸਫਲ ਹੋਏ) ॥

ਪਰਦੱਛਨਾ ਕੈ ਬ੍ਰਹਮਾਦਿਕ ਪਰ ਬ੍ਰਿਮਾਦਿ
ਪੂਰਨ ਬ੍ਰਹਮ ਅੱਗ੍ਰ ਭਾਗ ਅਗ੍ਰਭਾਗੀ ਹੈ ॥੨੬੦॥

ਪੂਰਨ ਵਾਹਿਗੁਰੂ ਦਾ ਸਰੂਪ ਜੋ ਗੁਰੂ ਹਨ ਉਹਨਾਂ ਦੀਆਂ ਪਰਕਰਮਾਂ ਕਰਨੇ ਨਾਲ ਬ੍ਰਹਮਾ ਤੋਂ ਲੈਕੇ ਸਾਰੇ ਦੇਵਤੇ ਜਾਤੇ ਪਰੇ (ਪਰ) ਭਲੀ ਪ੍ਰਕਾਰ

ਹੋ ਕੇ ਪਰਤੀਤੀ ਆਦਰ ਅਤੇ ਅਨੇਕ ਆਗਿਆ ਮੰਨਣ ਵਾਲੇ ਹੋਏ ॥ ੨੬੦ ॥

ਅਜੇਹਾਂ ਗੁਰਮੁਖਾਂ ਦੇ (ਨਿਮਤ੍ਰੋ) ਸੰਜੋਗ ਵਿਚ ਹੋਰ ਜੇਹੜੇ ਸਿਖ ਸੰਸਾਰੀ ਆਏ ਹਨ ਓਹ ਭੀ ਦੋਨਾਂ ਤਰਾਂ ਹੋ ਗਏ ॥

ਗੁਰਮੁਖ ਮਾਰਗ ਹ੍ਵੈ ਭ੍ਰਮਨ ਕੌ ਭ੍ਰਮ ਖੋਯੋ

ਚਰਨ ਸਰਨ ਗੁਰ ਏਕ ਟੇਕ ਧਾਰੀ ਹੈ ।

ਗੁਰਮੁਖਾਂ ਦੇ (ਰਸਤੇ) ਅਤਿਅੰਤ ਵਿਚ ਜਾਣੇ ਕਰਕੇ ਜੋ ਹੋਰਦੇ ਦੇਵੀ ਦੇਵਤਿਆਂ ਦੇ ਭਰਮਦੇ ਭਰਮਾਏ ਹੋਏ ਜੀਵ ਦੇਸ਼ ਵਿਚਦੇ ਸੀ ਓਹ ਓਹਨਾਂ ਦੇ ਭਰਮ ਦੂਰ ਕੀਤਾ ਅਤੇ ਗੁਰਾਂ ਦੀ ਚਰਨ ਸਰਨ ਜਾਕੇ ਇਕ ਵਾਹਿਗੁਰੂ ਦੀ ਓਟ ਧਾਰਨੀ ਕੀਤੀ ਹੈ ॥

ਦਰਸ ਦਰਸ ਸਮ ਦਰਸ ਧਿਆਨ ਧਾਰਿ

ਸਬਦ ਸੁਰਤਿ ਕੈ ਸੰਸਾਰੀ ਨਿਰੰਕਾਰੀ ਹੈ ।

ਜਿਨ੍ਹਾਂ ਗੁਰ ਸਿਖਾਂ ਨੇ ਗੁਰਮੁਖਾਂ ਦਾ ਦਰਸ਼ਨ ਦਰਸ਼ਨਾਂ ਦਾ ਸਮਾਨ ਦ੍ਰਿਸ਼ਟੀ ਦੇ ਧਿਆਨ ਧਾਰਨ ਵਾਲੇ ਓਹ ਹੋ ਗਏ ਅਤੇ ਗੁਰ ਉਪਦੇਸ਼ ਵਿਚ ਪ੍ਰੀਤੀ ਕਰਕੇ ਗੁਰਸਿਖੀਆਂ ਤੋਂ ਵਾਹਿਗੁਰੂ ਦੇ ਪਿਆਰੇ ਬਣ ਗਏ ॥

ਸਤਿਗੁਰ ਸੇਵਾ ਕਰ ਸੁਤਿ ਨਰ ਸੇਵਕ ਹ੍ਵੈ,

ਮਾਨ ਗੁਰ ਆਗਿਆ ਸਭ ਲੋਕ ਆਗਿਆ ਕਾਰੀ ਹੈ ।

ਜਿਨ੍ਹਾਂ ਸਿਖਾਂ ਨੇ ਗੁਰਾਂ ਦੀ ਸੇਵਾ ਕੀਤੀ ਹੈ ਓਹਨਾਂ ਦੇ ਆਦਮੀ ਅਤੇ ਦੇਵਤੇ ਭੀ ਦਾਸ ਹੋ ਗਏ ॥ ਅਤੇ ਜਿਨ੍ਹਾਂ ਨੇ ਗੁਰਾਂ ਦੀ ਆਗਿਆ ਮੰਨੀ ਹੈ ਓਹਨਾਂ ਦੀ ਆਗਿਆ ਮੰਨਣ ਵਾਲਾ ਸਾਰਾ ਜਗਤ ਹੋਇਆ ਹੈ ॥

ਪੂਜਾ ਪ੍ਰਾਨ ਪ੍ਰਾਨ ਪਤਿ ਸਰਬ ਨਿਧਾਨ ਦਾਨ

ਪਾਰਸ ਪਰਸ ਗਤਿ ਪਰਉਪਕਾਰੀ ਹੈ ॥ ੨੬੧॥

ਜਿਨ੍ਹਾਂ ਗੁਰ ਸਿਖਾਂ ਨੇ ਤਨ ਮਨ ਧਨ ਦਾਤੇ ਗੁਰਮੁਖਾਂ ਨੂੰ ਪ੍ਰਾਣਾਂ ਦੇ ਮਾਲਕ ਸਮਝਕੇ ਪੂਜਾ ਕੀਤੀ ਹੈ ਉਨ੍ਹਾਂਨੂੰ ਗੁਰਮੁਖਾਂ ਨੇ ਸਾਰੇ ਖਜ਼ਾਨੇ ਬਖਸ਼ ਦਿਤੇ। ਜੇਹਾ ਕੁ ਪਾਰਸ ਨਾਲ ਛੋਹਕੇ ਸਾਰੀਆਂ ਧਾਤੂਆਂ ਅਸ਼ਟਧਾਤ ਰੀਤੀ ਆਦਕੀਆਂ ਸਭੀ ਸੋਨਾ ਕਰਨ ਵਾਲੀਆਂ ਹੋਜਾਂਦੀਆਂ ਹਨ ਤੇਹਾ ਕੁ ਓਹ ਗੁਰ ਸਿਖ ਗੁਰਮੁਖਾਂ ਨਾਲ (ਗਤਿ) ਸਪਰਸ਼ ਹੋਕੇ ਪਰਉਪਕਾਰ ਕਰਨ ਵਾਲੇ ਹੋਜਾਂਦੇ । ੨੬੧ ॥

ਸਾਖਿਆਤ ਬ੍ਰਹਮ ਦਾ ਰੂਪ ਜੋ ਗੁਰੂ ਹਨ ਉਨ੍ਹਾਂ ਦਾ ਮਹਿਮਾ ਨਹੀਂ ਕਹੀ ਜਾਂਦੀ ਪਰੰਤੂ ਜੋ ਸਿਖ ਅਜਿਹੇ ਉਪਰੋਕਤਿ ਗੁਰਮੁਖਾਂ ਦੇ ਸਤਸੰਗਾਂ ਨੂੰ ਮਿਲਦਾ ਹੈ ਉਹ ਜੀਵਨ ਮੁਕਤ ਹੋ ਜਾਂਦਾ ਹੈ ॥

ਪੂਰਨ ਬ੍ਰਹਮ ਗੁਰ ਮਹਿਮਾ ਕਹੈ ਸੁ ਥੋਰੀ
ਕਥਨੀ ਬਦਨੀ ਜਾਇ ਨੇਤਿ ਨੇਤਿ ਨੇਤਿ ਹੈ ।

ਪ੍ਰਮਾਤਮਾ ਦਾ ਸਰੂਪ ਜੋ ਸਤਗੁਰੂ ਹਨ ਉਨ੍ਹਾਂ ਦੀ ਜਿਤਨੀ ਉਸਤਤਿ ਕਰੀਏ ਉਤਨੀ ਹੀ ਥੋੜੀ ਹੈ ਕਿਉਂਕਿ ਓਹ ਮਹਿਮਾ ਕਥਾ, ਕਥਾਕਰੀ, ਦੁਵਾਰਾ ਕਰਕੇ ਨਿਆਰੇ ਹੈ॥

ਪੂਰਨ ਬ੍ਰਹਮ ਗੁਰ ਪੂਰਨ ਸਰਬ ਮਈ
ਨਿੰਦਾ ਕਹੀਐ ਸੁ ਕਾਂਕੀ ਨਮੋ ਨਮੋ ਹੇਤਿ ਹੈ ।

ਪਰਮੇਸ਼ਰ ਦਾ ਸਰੂਪ ਜੋ ਸਤਗੁਰੂ ਜੀ ਹਨ, ਓ ਸਾਰੇ ਪੂਰਨ ਹੋ ਰਹੇ ਹਨ ਅਤੇ ਸਾਰਿਆਂ ਦਾ ਸਰੂਪ ਹਨ, ਇਸ ਲਈ ਨਿੰਦਿਆ ਕਿਸ ਦੀ ਕਰੀਏ, ਸੋ ਅਜਿਹੇ ਗੁਰਾਂ ਨੂੰ ਭਾਵ ਦੇ ਮਨ ਵਾਲੇ (ਹੇਤਿ) ਪ੍ਰੇਮ ਕਰਕੇ (ਨਮੋ) ਨਮਸਕਾਰ ਹੋਵੇ ॥

ਆਸਾ ਗੁਰੂ ੧ ॥

ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚੁ ਲਹੀਐ ॥

ਤਾਂਹੀ ਤੇ ਬਿਬਰਜਤ ਅਸਤੁਤਿ ਨਿੰਦਾ ਦੋਊ
ਅਕਥ ਕਥਾ ਬੀਚਾਰ ਮੋਨ ਬ੍ਰਤ ਲੇਤ ਹੈ ।

ਇਸ ਵਾਸਤੇ (ਅਜਿਹਾਂ ਗੁਰਮੁਖਾਂ ਨੇ) ਉਸਤਤਿ ਨਿੰਦਿਆ ਦੋਵੇਂ ਦੂਰ ਕਰ ਛਡੀਆਂ ਹਨ, ਅਤੇ ਵਾਹਿਗੁਰੂ ਦੀ ਕਥਾ ਨੂੰ ਵਿਚਾਰਕੇ ਚੁਪ ਕਰਨ ਵਾਲਾ ਮੂਨ ਧਾਰ (ਲੈਂਦੇ) ਰਹਿੰਦੇ ਹਨ ॥

(ਕੇਦਾਰਾ ਕਬੀਰ ਜੀ ॥)

ਉਸਤਤਿ ਨਿੰਦਾ ਦੋਊ ਬਿਬਰਜਿਤ ਤਜਹੁ ਮਾਨੁ ਅਪਮਾਨਾ ।
ਲੋਹਾ ਕੰਚਨੁ ਸਮ ਕਰਿ ਜਾਨਹਿ ਤੇ ਮੂਰਤਿ ਭਗਵਾਨਾ ॥

ਜਲ ਬੁਧਿ ਸੁਧਿ ਕਰਿ ਦੇਹ ਕੇ ਬਿਦੇਹ ਭਏ
ਜੀਵਨ ਮੁਕਤਿ ਗਤਿ ਬਿਸਮ ਸੁਚੇਤ ਹੈ ॥ ੨੯੮

ਉਹ ਅਜਿਹੇ ਗੁਰਮੁਖ [illegible] ਵਾਲੀ ਅਕਲ ਤੋਂ [illegible] ਦੇਹ ਦੇ ਹੰਕਾਰ ਤੋਂ ਰਹਿਤ ਹੋਏ ਹਨ, ਅਤੇ ਜੀਵਨ ਮੁਕਤੀ ਨੂੰ ਪਹੁੰਚ [illegible] ॥

ਅਜਿਹੇ ਗੁਰਮੁਖਿ ਜੀਵਨ ਮੁਕਤੀਆਂ ਦੇ ਮਿਲਾਪ ਦਾ ਬੜਾ ਪ੍ਰਤਾਪ ਹੈ।

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਅਤਿ
ਪ੍ਰੇਮ ਕੈ ਪਰਸਪਰ ਬਿਸਮ ਸੁਭਾਨ ਹੈ।

ਗੁਰ ਸਿਖਾਂ ਦੀ ਸਤਸੰਗਤ ਦੇ ਮਿਲਾਪ ਦਾ ਬਹੁਤ ਪ੍ਰਤਾਪ ਹੈ (ਅਜਿਹੇ ਸਿਖ) ਆਪੋ ਵਿਚ ਦੀ ਪ੍ਰੇਮ ਕਰਕੇ ਅਸਚਰਜ ਬਾਨ (ਸਾਧ ਸੰਗਤ ਵਿਚ ਵਸਦੇ ਹਨ ॥

ਦ੍ਰਿਸ਼ਟਿ ਦਰਸ ਕੈ ਦਰਸ ਕੈ ਦ੍ਰਿਸ਼ਟਿ ਹਰੀ
ਹੇਰਤ ਹਿਰਾਤ ਸੁਧਿ ਰਹਤ ਨ ਧਿਆਨ ਹੈ।

ਅਜਿਹੇ ਗੁਰਾਂ ਦੇ ਸਿਖਾਂ ਦਾ ਦਰਸ਼ਨ ਨੇਤ੍ਰਾਂ ਦੀ ਨਜ਼ਰ ਨਾਲ (ਦਰਸ) ਕਰਕੇ ਹੋਰ ਮੰਦ ਦ੍ਰਿਸ਼ਟੀ ਦੂਰ ਕੀਤੀ ਅਤੇ ਹੋਰ ਪਦਾਰਥ ਦੇਵੀ ਦੇਵਤਿਆਂ ਦੇ ਦੇਖਣ ਵਿਖਾਉਣ ਦੀ (ਸੁਧ) ਖਬਰ ਉਨ੍ਹਾਂ ਅਜਿਹੇ ਸਿਖਾਂ ਨੂੰ ਨਾ ਰਹੀ ॥

ਸਬਦ ਕੈ ਸੁਰਤਿ ਸੁਰਤਿ ਕੈ ਸਬਦ ਹਰੇ
ਕਹਿਤ ਸੁਨਤ ਗਤਿ ਰਹਤ ਨ ਗਿਆਨ ਹੈ।

ਅਜਿਹੇ ਗੁਰ ਸਿਖਾਂ ਪਾਸੋਂ ਗੁਰ ਉਪਦੇਸ਼ ਸੁਣਕੇ ਹੋਰ ਸ਼ਬਦ ਦੇ ਦੀ ਆਦਤ ਸੁਣਨੇ (ਹਰੇ) ਦੂਰ ਕੀਤੇ ਅਤੇ ਹੋਰ ਕੁਝ ਮੂੰਹੋਂ ਆਖਣਾ ਸੁਣਨਾ ਅੰਦਰ ਵਿਸ ਦੀ ਰੀਤ ਵੀ ਦੂਰ ਕੀਤੀ ਭਾਵ ਏਨ੍ਹਾਂ ਦਾ ਗਿਆਨ ਹੀ ਨਹੀਂ ਰਹਿੰਦਾ ॥

ਅਸਨ ਬਸਨ ਤਨ ਮਨ ਬਿਸਿਮਰਨ ਹ੍ਵੈ
ਦੇਹ ਕੈ ਬਿਦੇਹ ਉਨਮੱਤ ਮਧੁ ਪਾਨ ਹੈ ॥੨੬੪॥

ਸਰੀਰ ਤੋਂ ਅੰਨ ਬਸਤ੍ਰ ਮਨ ਤੋਂ ਵਿਕਾਰ ਭੁਲ ਗਏ ਭਾਵ ਚੰਗੇ ਚੰਗੇ ਭੋਜਨ ਖਾਣੇ ਕਪੜੇ ਪਹਿਰਨੇ ਏਨ੍ਹਾਂ ਵਲੋਂ ਸਰੀਰ ਹਟ ਗਿਆ ਅਤੇ ਮਨ ਵਿਕਾਰਾਂ ਵਲੋਂ ਰੁਕ ਗਿਆ ਅਜਿਹਾ ਦੇਹ ਦਾ ਪਾਲਣਾ ਪੋਸਣਾ ਛਡ ਕੇ ਨਾਮ ਅੰਮ੍ਰਿਤ ਦੇ ਪੀਣ ਵਿਚ ਹੀ ਮਸਤਾਨੇ ਰਹਿੰਦੇ ਹਨ ॥੨੬੪॥

ਗੁਰਮੁਖਾਂ ਦੇ ਸਤਿਸੰਗ ਰਸਤੇ ਵਲ ਮਨਮੁਖ ਆਉਣ ਨਹੀਂ ਵਰ ਜਾਂਦੇ ਹਨ ਸੋ ਉਹਨਾਂ ਨੂੰ ਪਛਾਣੀਏ ਦੀਕੂੰ ਤਿਹਾਂ ਕੁ ਅਜਿਹੇ ਵਰਤਨ ਕਰਦੇ ਹਨ ॥

ਜੈਸੇ ਲਗਮਾਤ੍ਰ ਹੀਨ ਪੜਤ ਔਰ ਕੋ ਔਰ
ਪਿਤਾ ਪੂਤ ਪੂਤ ਪਿਤਾ ਸਮਸਰਿ ਜਾਨੀਐ।

ਜਿਹਾ ਕੁ ਲਗ ਮਾਤ੍ਰ ਤੋਂ ਬਿਨਾ ਅਖਰ ਨੂੰ ਹੋਰ ਦਾ ਹੋਰ ਪੜੀਦਾ ਹੈ

(ਪਿਤਾ ਪੁਤ੍ਰ ਪੁਤ੍ਰ ਪਿਤਾ) ਜੋ ਇਨ੍ਹਾਂ ਅਨੇਕ ਅਖਰਾਂ ਨੂੰ ਕੋ ਆਪੂੰ ਜਾ ਜੋੜੇ ਤੇ (ਪਿਤ੍ਰਿ ਪੁਤ੍ਰ, ਪੁਤ੍ਰ ਪਿਤ੍ਰ) ਇਕੋ ਜੇਹੇ (ਪਤ, ਪਤ, ਪਤ, ਪਤ,) (ਸਾਮਸਰਿ) ਬਰਾਬਰ ਜਾਣੇ ਜਾਣਗੇ ॥

ਸੁਰਤਿ ਬਿਹੂਨ ਜੈਸੇ ਬਾਵਰੋ ਬਖਾਨੀਅਤਿ
ਔਰ ਕਹੈ ਔਰ ਕਛੂ ਹਿਰਦੈ ਮੈ ਆਨੀਐ ।

ਜਿਹਾ ਕੁ ਅਕਲ ਤੋਂ ਬਿਨਾ ਆਦਮੀ ਬੌਰਾ ਕਹੀਦਾ ਹੈ ਕਿਉਂਕਿ ਜਿਸਨੂੰ ਆਖੀਦਾ ਕੁਝ ਹੈ ਤੇ ਹੋਰ (ਲਿਆਉਂਦਾ) ਸਮਝਦਾ ਮਨ ਵਿਚ ਕੁਝ ਹੈ ॥

ਜੈਸੇ ਗੂੰਗ ਸਭਾ ਮਧ ਕਹਿ ਨ ਸਕਤ ਬਾਤ
ਬੋਲਤ ਹਸਾਇ ਹੋਇ ਬਚਨ ਬਿਧਾਨੀਐ ।

ਜਿਹਾ ਕੁ ਗੂੰਗਾ ਸਭਾ ਵਿਚ ਬਾਤ ਨਹੀਂ ਕਹਿ ਸਕਦਾ, ਜੇ ਉਹ ਬੋਲਗਾ ਭੀ ਤਾਂ ਉਸਨੂੰ ਲੋਕ ਹਾਸੀ ਕਰਨਗੇ ਭਾਵ ਉਸਨੂੰ ਚੰਗੇ (ਬਿਧਾਨੀਐ) ਮਰਯਾਦਾ ਅਨੁਸਾਰ ਬਚਨ ਬੋਲਣੇ ਨਹੀਂ ਆਉਂਦੇ ਇਸ ਲਈ ਉਸਨੂੰ ਮਖੌਲ ਹੁੰਦਾ ਹੈ ॥

ਗੁਰਮੁਖ ਮਾਰਗ ਮੈ ਮਨਮੁਖ ਥਕਤ ਹੈ
ਲਛਨ ਸਗਨ ਮਾਨੈ ਕੈਸੇ ਮਨ ਮਾਨੀਐ ॥੨੬੪॥

ਗੁਰਮੁਖਾਂ ਦੇ ਰਸਤੇ ਵਿਚ ਮਨਮੁਖ ਥਕ ਜਾਂਦੇ ਹਨ ਕਿਉਂਕਿ ਮਨਮੁਖ ਲਛਨ ਸਗਨ ਮੰਨਦੇ ਹਨ ਕਿ ਅਜ ਚੰਗਾ ਵਾਰ, ਗ੍ਰਹ, ਨਛਤ੍ਰ, ਨਹੀਂ ਹੈ ਇਸ ਲਈ ਗੁਰਮੁਖਾਂ ਦਾ ਮਨ ਮਨਮੁਖਾਂ ਤੇ ਕੀਕਰ ਮੰਨੇ ਕਿ ਏਨ੍ਹਾਂ ਨੂੰ ਸੰਗਤ ਵਿਚ ਰਲਾ ਲੈਣ ॥ ਸਿਰੀ ਰਾਗ ਗੁਰੂ ੫ ॥

ਸੇਈ ਸਾਸਤਿ ਸਉਣ ਸੋਇ ਜਿਤੁ ਜਪੀਐ ਹਰਿ ਨਾਉ ।

ਗੁਰੂ ੫ ਭੈਰਉ ॥

ਪ੍ਰਭ ਹਮਾਰੇ ਸਾਸਤ੍ਰ ਸਉਣ । ਸੂਖ ਸਹਜ ਆਨੰਦ ਗ੍ਰਿਹ ਭਉਣ ।

ਗੁਰੂ ੫ ਭੈਰਉ ॥

ਨਾਮੁ ਹਮਾਰੈ ਸਉਣ ਸੰਜੋਗ । ਨਾਮੁ ਹਮਾਰੈ ਤ੍ਰਿਪਤਿ ਸੁ ਭੋਗ ॥੨੬੪॥

ਉਪ੍ਰੋਕਤ ਗੁਰਮੁਖਾਂ ਦੀ ਥੋੜੀ ਜਿਹੀ ਮਹਿਮਾ ਭੀ ਮੂਰਖ ਪਦਾਰਥ ਨਹੀਂ ਜਾਣ ਸਕਦੇ ॥

ਕੋਟਨ ਕੋਟਾਨਿ ਛਬਿ ਰੂਪ ਰੰਗ ਸੋਭਾ ਨਿਧਿ
ਕੋਟਨ ਕੋਟਾਨਿ ਕੋਟ ਜਗਮਗ ਜੋਤਿ ਕੈ ।

ਕ੍ਰੋੜਾਂ ਹੀ (ਛਬਿ) ਸਜਾਵਟਾਂ ਕ੍ਰੋੜਾਂ ਹੀ ਰੂਪ ਰੰਗ ਅਤੇ ਕ੍ਰੋੜਾਂ ਹੀ ਸੋਭਾ

ਹੀਆਂ ਨਿਧੀਆਂ (ਜੋ ਪਦਾਰਥ ਹਨ) ਉਹ ਭੀ ਉਨ੍ਹਾਂ ਦੇ ਪ੍ਰਕਾਸ਼ ਕਰਨ ਵਾਲੀਆਂ ਜੋਤੀਆਂ ਸੂਰਜ ਚੰਦ੍ਰਮਾ ਆਦਿਕ ਹਨ ॥

ਕੋਟਨਿ ਕੋਟਾਨਿ ਰਾਜ ਭਾਗ ਪ੍ਰਭਤਾ ਪ੍ਰਤਾਪ

ਕੋਟਨਿ ਕੋਟਾਨ ਸੁਖ ਅਨੰਦ ਉਦੋਤਿ ਕੈ ।

ਕ੍ਰੋੜਾਂ ਰਾਜ ਭਾਗ ਕ੍ਰੋੜਾਂ (ਪ੍ਰਭਤਾ) ਵਡਿਆਈਆਂ ਅਤੇ ਕ੍ਰੋੜਾਂ ਹੀ ਪ੍ਰਤਾਪ, ਕ੍ਰੋੜਾਂ ਹੀ ਸੁਖ ਦੇਣ ਵਾਲੇ ਪਦਾਰਥ ਪ੍ਰਗਟ ਹੋ ਰਹੇ (ਅਥਵਾ ਅਨੰਦ ਨੂੰ ਪ੍ਰਗਟ ਕਰਨ ਵਾਲੇ।

ਕੋਟਨਿ ਕੋਟਾਨਿ ਰਾਗ ਨਾਦ ਬਾਦ ਗਿਆਨ ਧੁਨਿ

ਕੋਟਨਿ ਕੋਟਾਨਿ ਜੋਗ ਭੋਗ ਓਤ ਪੋਤ ਕੈ ।

ਕ੍ਰੋੜਾਂ ਹੀ ਭਾਂਤੀ ਦੇ ਰਾਗ, ਵਾਜਿਆਂ ਦਾ ਆਵਾਜ਼, ਗਿਆਨ ਧੁਨ ਅਤੇ ਕ੍ਰੋੜਾਂ ਹੀ ਜੋਗ ਅਤੇ ਭੋਗਾਂ ਵਿਚ ਤਾਣੇ ਪੇਟੇ ਵਾਕਰ ਮਿਲਾਪ ਕਰਨ ਵਾਲੇ, ਭਾਵ ਗਿਆਨੀ ਧੁਨੀ ਆਦਕ ॥

ਕੋਟਨਿ ਕੋਟਾਨਿ ਤਿਲ ਮਹਿਮਾ ਅਗਾਧ ਬੋਧ

ਨਮੋ ਨਮੋ ਦ੍ਰਿਸਟਿ ਦਰਸ ਸਬਦ ਸ੍ਰੋਤ ਕੈ ॥੨੯੪॥

ਕ੍ਰੋੜਾਂ ਹੀ ਦ੍ਰਿਸ਼ਟੀਆਂ ਦਰਸ਼ਨ ਸ਼ਬਦਾਂ ਦੀ ਸੋਝ ਕਰਕੇ ਭਾਵ ਜੇਹੜੇ ਜਿਹੇ ਪਦਾਰਥ ਅਤੇ ਪਦਾਰਥ ਦੇਣ ਵਾਲੇ ਗੁਰਮੁਖਾਂ ਦੀ ਤਿਲ ਮਾਤ੍ਰ ਮਹਿਮਾ ਨੂੰ ਭੀ ਨਹੀਂ ਜਾਣ ਸਕਦੇ, ਇਸ ਲਈ ਅਸੀਂ ਮਨ ਤਨ ਕਰਕੇ ਨਮਸਕਾਰ ਕਰਦੇ ਹਾਂ ॥ ੨੯੪ ॥

ਉਪ੍ਰੋਕਤਿ ਗੁਰਮੁਖਾਂ ਦੀ ਪ੍ਰੀਤੀ ਸੂਰਜ ਕਮਲ ਆਦਕਾਂ ਤੋਂ ਅਧਿਕ ਹੈ ॥

ਅਹਿਨਿਸ ਭ੍ਰਮਤ ਕਮਲ ਕੁਮਦਨੀ ਕੈ ਸਸਿ

ਰਵਿ ਮਿਲ ਬਿਛੁਰਤ ਸੋਗ ਹਰਖ ਬਿਆਪਹੀ ।

ਦਿਨੇ ਸੂਰਜ ਵਲ ਕੌਲ ਘੁਮਦਾ ਫਿਰਦਾ ਹੈ ਭਾਵ ਸੂਰਜ ਨੂੰ ਵੇਖਕੇ ਖਿੜਦਾ ਹੈ ਅਤੇ ਰਾਤੀਂ ਕੰਮੀਆਂ ਚੰਦ ਵਲ ਘੁਮਦੀਆਂ ਫਿਰਦੀਆਂ ਹਨ ਭਾਵ ਚੰਦ ਨੂੰ ਵੇਖਕੇ ਖਿੜਦੀਆਂ ਹਨ ॥

ਰਵਿ ਸਸਿ ਉਲੰਘ ਸਰਨ ਸਤਿਗੁਰ ਗਹੀ

ਚਰਨ ਕਮਲ ਸੁਖ ਸੰਪਟ ਮਿਲਾਪ ਹੀ ।

ਉਪ੍ਰੋਕਤ ਗੁਰਮੁਖਾਂ ਨੇ ਉਪ੍ਰੋਕਤਿ ਸੂਰਜ ਕੌਲ ਆਦਿਕ ਦੋ ਪ੍ਰੀਤੀ ਦੇ

ਦੁਸ਼ਕ ਫੁੱਲਾਂ ਦੀ ਮਲਨ ਰਜ਼ੀ ਕਿ ਜੀਕੁਰ ਭੌਰਾ ਫੁੱਲਾਂ ਵਿਚ ਬੈਠੇ ਵਾਂਧੂੰ ਮੀ ਲਿਆ ਹੋਇਆ ਸੁਖ ਪਾਉਂਦਾ ਹੈ ਈਕੁਰ ਹੀ ਗੁਰਮੁਖ ਗੁਰਾਂ ਦੇ ਚਰਨਾਂ ਕੌਲਾਂ ਨਾਲ਼ ਮਿਲਕੇ ਸੁਖ ਪਾਉਂਦੇ ਹਨ ॥

ਭਾਵ-ਸੂਰਜ ਕੌਲ ਆਦਿਕ ਦੀ ਪ੍ਰੀਤੀ ਘਟ ਹੈ ਅਤੇ ਭੌਰੇ ਕੌਲ ਦੀ ਅਧੀਨ ਹੈ ਤੇ ਗੁਰ ਸਿਖਾਂ ਦੀ ਏਹੂ ਰੀ ਵਧੀਕ ਹੈ ॥

ਸਹਿਜ ਸਮਾਧਿ ਨਿਜ ਆਸਨ ਸੁਖ੍ਯਾਸਨ ਕੈ
ਮਧੁ ਮਕਰੰਦ ਰਸ ਲੁਭਿਤ ਅਜਾਪ ਹੀ ।

ਜੀਕੁਰ ਭੌਰਾ ਫੁਲਾਂ ਦੀ ਪੁੜੀ ਦੀ ਵਾਸ਼ਨਾਂ ਦੇ ਸੁਆਦ ਉੱਤੇ ਸੌਂਦਾ ਹੈ ਈਕੁਰ ਹੀ ਸਿਖ ਸਹਿਜੇ ਹੀ ਸਮਾਧੀ ਲਾਕੇ ਤੇ ਆਪ ਆਸਨ ਗੁਰਾਂ ਦੇ ਚਰਨਾਂ ਕਮਲਾਂ ਦੀ ਭਗਤੀ ਉਪਰ ਅਜਪ ਜਾਪ ਨੂੰ ਜਪਕੇ ਬੈਠਦੇ ਹਨ ਭਾਵ ਭਗਤੀ ਕਰਦੇ ਹਨ ॥

ਤ੍ਰਿਗੁਨ ਅਤੀਤ ਹੈ ਬਿਸ੍ਰਾਮ ਨਿਹਕਾਮ ਧਾਮ
ਉਨ ਮਨ ਮਗਨ ਅਨਾਹਦਿ ਅਲਾਪ ਹੀ॥੨੬੬॥

ਤਿੰਨਾਂ ਗੁਣਾਂ ਤੋਂ ਰਹਿਤ ਹੋਕੇ ਅਤੇ ਘਰ ਵਿਚ ਹੀ ਰਹਿ ਕਰਕੇ ਕ੍ਰਮ ਤੇ ਕਾਮਨਾ ਤੋਂ ਬਿਨਾ ਹੋਏ ਹਨ ਅਤੇ ਵਾਹਿਗੁਰੂ ਦੇ ਅਨੰਦ ਉਚਾਰਨ ਵਿਚ ਇਕ ਰਸ ਮਸਤ ਰਹਿੰਦੇ ਹਨ ॥ ੨੬੬ ।

ਸੂਰਜ ਕੌਲ ਆਦਿਕ ਦੀ ਪ੍ਰੀਤੀ ਵਿਚ ਦੂਸ਼ਨ ਦਿਖਾਕੇ ਗੁਰ ਸਿਖਾਂ ਦੀ ਪ੍ਰੀਤੀ ਵਿਸ਼ੇਸ਼ ਦਸਦੇ ਹਨ ॥

ਰਵਿ ਸਸਿ ਦਰਸ ਕਮਲ ਕੁਮਦਨੀ ਹਿਤ
ਭ੍ਰਮਰ ਭ੍ਰਮਰ ਮਨ ਸੰਜੋਗੀ ਬਿਯੋਗੀ ਹੈ॥

ਕੌਲ ਨੂੰ ਸੂਰਜ ਤੇ ਕੰਮੀ ਨੂੰ ਚੰਦ੍ਰਮਾਂ ਦਾ ਦਰਸ਼ਨ ਜੀਕੁਰ ਪ੍ਰੇਮ ਵਾਲਾ ਨਹੀਂ ਹੈ ਭਾਵ ਨਾਲ ਹੀ ਵਿਛੋੜਾ ਸੁਝਦਾ ਹੈ ਅਥਵਾ ਸੂਰਜ ਚੰਦ੍ਰਮਾ ਦੇ ਦਰਸ਼ਨ ਵਿਚ ਕੌਲ ਕੰਮੀ ਦਾ ਪ੍ਰੇਮ ਜੋੜਾਲੂ (ਦੂਸਨ) ਦੁਖ ਵਾਲਾ ਹੈ ਤੇ ਭੌਰੇ ਦਾ ਮਨ ਕਮਲ ਉਤੇ ਭ੍ਰਮਣੇ ਕਰਕੇ ਸੁਖ ਦਾ ਵਿਯੋਗੀ ਅਤੇ ਦੁਖ ਦਾ ਸੰਜੋਗੀ ਭਾਵ ਪ੍ਰੇਮ ਦੇ ਕਸੂਲ ਭ੍ਰਮਣ ਵਿਚ ਭੌਰੇ ਨੂੰ ਵੀ ਕੌਲ ਦੇ ਨਾਲ ਹੀ ਦੁਖਉਂਦਾ ਹੈ ॥

ਤ੍ਰਿਗੁਨ ਅਤੀਤ ਗੁਰੂ ਚਰਨ ਕਮਲ ਰਸ
ਮਧੁ ਮਕਰੰਦ ਰੋਗ ਰਹਤ ਅਰੋਗੀ ਹੈ॥

ਅਜਿਹੇ ਸਿਖ ਤਿੰਨਾਂ ਗੁਣਾਂ ਤੋਂ ਰਹਿਤ ਹੋਏ ਹਨ ਅਤੇ ਗੁਰਾਂ ਦੇ ਚਰਨਾਂ

ਕਮਲਾਂ ਦੀ ਕਤਾਰੀ ਦਾ ਅਨੰਦ ਲੈਕੇ ਹਰ ਭੈ ਤੋਂ ਰਹਿਤ ਹੋਏ ਹੋਏ ਰੋਣ ਲੱਗੇ ਅਤੇ ਕਮਲ ਦੀ ਖੁਸ਼ੀ ਦੀ ਸੁਗੰਧੀ ਦੇ ਸੁਆਦ ਵਿਚ ਮਸਤ ਰਹਿਕੇ ਹੋਏ ਹੋਏ ਰਹਿੰਦੇ ਹਨ॥

ਨਿਹਚਲ ਮਕਰੰਦ (ਸੁਖ) ਸੰਪਟ ਸਹਿਜ ਧੁਨਿ,

ਸਬਦ ਅਨਾਹਦਿ ਕੈ ਲੋਗ ਮੈ ਅਲੋਗੀ ਹੈ॥

ਜੀਕੁਰ ਫੁਲ ਉਤੇ ਬੈਠਕੇ ਭੌਰਾ ਸੁਖ ਪਾਉਂਦਾ ਹੈ ਈਕੁਰ ਹੀ ਗੁਰਾਂ ਦੇ ਚਰਨਾਂ ਦੀ ਭਗਤੀ ਨੂੰ ਜਪਕੇ ਸਿਖ ਸੁਖ ਪਾਉਂਦੇ ਹਨ ਕਿਉਂਕਿ ਡੂੰਘੇ ਵਾਂਗਰ ਜਨਮ ਦੁਖਾਂ ਤੋਂ ਵਖੀ ਟਪਦੇ ਹਨ ਅਤੇ ਅਜਿਹੇ ਸਿਖ ਗੁਰਾਂ ਦੇ ਸ਼ਬਦ ਨੂੰ ਇਕ ਰਸ ਉਚਾਰਨ ਕਰਕੇ ਲੋਕਾਂ ਦੀਆਂ ਰੀਤੀਆਂ ਤੋਂ ਰਹਿਤ ਹੋਏ ਰਹਿੰਦੇ ਹਨ॥

ਗੁਰਮੁਖ ਸੁਖ ਫਲ ਮਹਿਮਾ ਅਗਾਧ ਬੋਧ

ਜੋਗ ਭੋਗ ਅਲਖ ਨਿਰੰਜਨ ਪ੍ਰਜੋਗੀ ਹੈ॥੨੯੭॥

ਗੁਰਮੁਖਾਂ ਦਾ ਜੋ ਸੁਖ ਫਲ (ਗਿਆਨ ਅਨੰਦ) ਹੈ ਉਸ ਦੀ ਮਹਿਮਾ ਅਕਹਣੀ ਕਥਨ ਹੈ ਕਿਉਂਕਿ ਜੋਗ ਭੋਗ ਆਦਿਕ ਪਦਾਰਥਾਂ ਵਿਚ ਰਹਿਕੇ ਹੀ ਅਲਖ ਮਾਇਆ ਤੋਂ ਰਹਿਤ ਪ੍ਰਮਾਤਮਾ ਵਿਚ ਲੱਗੇ ਰਹਿੰਦੇ ਹਨ ਭਾਵ ਗ੍ਰਹਸਥ ਵਿਚ ਹੀ ਵਾਹਿਗੁਰੂ ਨੂੰ ਪ੍ਰਾਪਤ ਹੋ ਜਾਂਦੇ ਹਨ॥ ੨੯੭॥

ਗੁਰੂ ਤੇ ਪਰਮਾਤਮਾ ਸਾਰਿਆਂ ਜੀਵਾਂ ਵਿਚ ਇਕ ਰੂਪ ਹਨ ਅਜਿਹੇ ਗੁਰਾਂ ਵਿਚ ਗੁਰਮੁਖ ਇੰਦ੍ਰਿਆਂ ਨੂੰ ਵਸ ਕਰਕੇ ਮਸਤ ਰਹਿੰਦੇ ਹਨ॥

ਜੈਸੇ ਦਰਪਨ ਬਿਖੈ ਬਦਨ ਬਿਲੋਕੀਅਤਿ

ਐਸੇ ਸਰਗੁਨ ਸਾਖੀ ਭੂਤ ਗੁਰ ਧਿਆਨ ਹੈ।

(ਦਰਪਨ) ਸ਼ੀਸ਼ਾ (ਸਾਖੀ ਭੂਤ) ਪ੍ਰਗਟ ਰੂਪ ਜੀਕੁਰ ਸ਼ੀਸ਼ੇ ਵਿਚ ਮੂੰਹ ਦਿਸੀਂਦਾ ਹੈ ਈਕੁਰ ਹੀ ਸਾਖੀ ਅਕਾਲ ਪੁਰਖ ਗੁਰਮੁਖ ਗੁਰਾਂ ਨੂੰ ਸਰਗੁਨ ਰੂਪ ਕਰਕੇ (ਧਿਆਨ) ਵੇਖਦੇ ਹਨ॥ ਭਾਵ—ਈਕੁਰ ਅਕਾਲ ਪੁਰਖ ਵਰਗਾ ਗੁਰਮੁਖ ਗੁਰਾਂ ਨੂੰ ਜਾਣਦੇ ਹਨ। ਜੀਕੁਰ ਸ਼ੀਸ਼ੇ ਵਿਚ ਮੂੰਹ ਤੇ ਮੂੰਹ ਦੀ ਛਾਇਆ ਇਕ ਰੂਪ ਹੁੰਦੀ ਹੈ॥

ਜੈਸੇ ਜੰਤ੍ਰ ਧੁਨਿ ਬਿਖੈ ਬਾਜਤ ਜੰਤ੍ਰੀ ਕੋ ਮਨੁ

ਤੈਸੇ ਘਟ ਘਟ ਗੁਰ ਸਬਦ ਗਿਆਨ ਹੈ।

ਜੀਕੁਰ ਵਾਜੇ ਦੀ ਅਵਾਜ਼ ਵਿਚ ਵਾਜੇ ਵਾਲੇ ਦਾ ਮਨ ਲਗਦਾ ਹੈ॥ ਭਾਵ—ਵਾਜੇ ਦੀ ਅਵਾਜ਼ ਨਾਲ ਰਾਗੀ ਦਾ ਮਨ ਜੀਕੁਰ ਰਹਿੰਦਾ

ਗੁਰੂ ਤੋਂ ਸੰਗੁਰ ਦੀ ਸਿਖਿਆ ਵਿਚ ਗੁਰਾਂ ਦੇ ਸ਼ਬਦ ਦਾ ਗਿਆਨ ਹੋਇਆ ਹੋਇਆ ਹੈ॥

ਮਨ ਬਚ ਕ੍ਰਮ ਜੰਤ੍ਰ ਕੱਤ੍ਰ ਸੈ ਇਕੱਤ੍ਰ ਭਏ
ਪੂਰਨ ਪ੍ਰਗਾਸ ਪ੍ਰੇਮ ਪਰਮ ਨਿਧਾਨ ਹੈ।

ਮਨ ਬਾਣੀ ਸਰੀਰ ਆਦਕ ਇੰਦ੍ਰੇ ਗੁਰਮੁਖਾਂ ਦੇ ਜਿਧਰੋਂ ਕਿਧਰੋਂ [illegible] ਠੇ ਹੋਗਏ ਹਨ ਭਾਵ ਵਿਸ਼ਿਆਂ ਵਲ ਨਹੀਂ ਜਾਂਦੇ ਗੁਰਾਂ ਵਿਚ ਪ੍ਰੇਮ ਕਰਨ ਵਾਲੇ ਹਰੇ (ਨਾਮ ਖਜ਼ਾਨ) ਖਜ਼ਾਨੇ ਦਾ ਪੂਰਾ ਪਤਾ ਲਗਾ ਹੈ॥

ਉਨਮਨ ਮਗਨ ਗਗਨ ਅਨਹਦ ਧੁਨਿ
ਸਹਿਜ ਸਮਾਧਿ ਨਿਰਾਲੰਬ ਨਿਰਬਾਨ ਹੈ॥ ੨੪੯

(ਗਗਨ) ਅਕਾਸ। ਵਿਆਪਕ ਵਾਹਿਗੁਰੂ ਦੇ ਅਨੰਦ ਦੀ ਧੁਨੀ, [illegible] ਰਨ ਵਿਚ ਸਹਿਜੇ ਹੀ ਸਮਾਧੀ ਲਾਕੇ ਮਸਤ ਰਹਿੰਦੇ ਹਨ ਅਤੇ ਬਿਨਾਂ ਵਾਹਿਗੁਰੂ ਤੋਂ ਹੋਰ ਕਿਸੇ ਦੇਵੀ ਦੇਵਤੇ ਨੂੰ ਆਪਣਾ ਆਸਰਾ ਤੇ ਪਵਿਤ੍ਰ ਨਹੀਂ ਸਮਝਦੇ॥

ਉਪ੍ਰੋਕਤ ਗੁਰਮੁਖਾਂ ਉਪਰ ਮੁਹਰਲੇ ਪਦਾਰਥ ਵਾਰੇ ਤੇ ਬਲਿਹਾਰਨੇ ਜਾਂਦੇ ਹਨ॥

ਕੋਟਿਨ ਕੋਟਾਨਿ ਧਿਆਨ ਦ੍ਰਿਸ਼ਟਿ ਦਰਸ ਮਿਲ
ਅਤਿ ਅਸਚਰਜ ਮੈ ਹੈਰਤ ਹਿਰਾਨੇ ਹੈ।

ਕ੍ਰੋੜਾਂ ਹੀ ਧਿਆਨ ਕ੍ਰੋੜਾਂ ਹੀ ਨੇਤ੍ਰਾਂ ਦੀਆਂ ਦ੍ਰਿਸ਼ਟੀਆਂ ਬਹੁਤ ਹੀ ਅਸ ਚਰਜ ਗੁਰਮੁਖਾਂ ਦੇ ਦਰਸ਼ਨ ਕਰਨ ਵਿਚ ਇਕ ਵਾਰ ਮਿਲਕੇ ਹਰਾਨੀਆਂ ਰਹਿੰਦੀਆਂ ਹਨ॥

ਕੋਟਿਨ ਕੋਟਾਨ ਗਿਆਨ ਸਬਦ ਸੁਰਤਿ ਮਿਲ
ਮਹਿਮਾ ਮਹਾਤਮ ਨ ਅਲਖ ਲਖਾਏ ਹੈਂ।

ਕ੍ਰੋੜਾਂ ਹੀ ਤਰਾਂ ਦੇ ਜੋ ਗਿਆਨ ਹਨ ਕ੍ਰੋੜਾਂ ਹੀ ਤਰਾਂ ਦੇ ਗੁਰ ਸਿਖਾਂ ਦੇ ਸ਼ਬਦ ਦੀ (ਗਿਆਨ) ਸੁਰਤਿ ਵਿਚ ਮਿਲਕੇ ਮਹਿਮਾਂ ਦੇ ਮਹਾਤਮ ਨੂੰ ਨਹੀਂ ਦਿਖਾ ਸਕਦੇ ਕਿਉਂਕਿ ਗੁਰਾਂ ਦਾ ਉਪਦੇਸ਼ ਅਤੇ ਗੁਰੂ ਸਿਖ ਵਾਹਿਗੁਰੂ ਦਾ ਰੂਪ ਹਨ ਅਤੇ ਵਾਹਿਗੁਰੂ ਅਲਖ ਨੂੰ ਵਿਖਾ ਦੇਂਦੇ ਹਨ॥

ਤਿਲ ਕੀ ਅਤੁਲ ਸੋਭਾ ਤੁਲ ਨਾਹਿ ਤੁਲਾਧਾਰ
ਪਾਰਕੈ ਅਪਾਰ ਨ ਅਨੰਤ ਅੰਤ ਪਾਏ ਹੈਂ।

ਗੁਰਮੁਖ ਦੀ ਇੱਕੀ ਜਿਹੀ ਜੋਤ ਦੀ ਅਣਗਿਣਤ [illegible] ਕਰੋੜਾਂ ਚੰਦ੍ਰਮਾ ਤੁਲ ਨਹੀਂ ਸਕਦੇ ਅਤੇ ਪਾਰ ਕਰਕੇ ਵੀ ਅਪਾਰ [illegible] ਉਸਾਰ ਮੂੰਹ ਵਾਲ ਪਾਸੋਂ ਵੀ ਅੰਤ ਨਹੀਂ ਪਾਇਆ ਜਾਂਦਾ ॥

ਕੋਟਨਿ ਕੋਟਾਨਿ ਚੰਦ੍ਰ ਭਾਨੁ ਜੋਤਿ ਕੋ ਉਦੋਤ
ਹੋਤ ਬਲਿਹਾਰ ਬਾਰੰਬਾਰ ਨ ਅਘਾਇ ਹੈਂ ॥੨੬੯॥

ਕ੍ਰੋੜਾਂ ਹੀ ਚੰਦ੍ਰਮਾ ਅਤੇ ਕ੍ਰੋੜਾਂ ਹੀ ਸੂਰਜ ਦੀਆਂ ਜੋਤੀਆਂ ਪ੍ਰਗਟ ਹੋਕੇ ਗੁਰਮੁਖਾਂ ਤੋਂ ਵਾਰੰਵਾਰ ਬਲਿਹਾਰ ਜਾਂਦੀਆਂ ਹਨ ਅਤੇ ਦਰਸ਼ਨ ਕਰਦੇ ਰਜਦੀਆਂ ਨਹੀਂ ॥ ੨੬੯ ॥

ਉਪ੍ਰੋਕਤ ਗੁਰਮੁਖ ਪ੍ਰਮਾਤਮਾ ਦਾ ਰੂਪ ਬਣ ਗਏ ਅਤੇ ਉਸ ਪ੍ਰਮਾਤਮਾ ਦੀ ਮਹਿਮਾ ਦੀ ਅਕਥ ਕਥਾ ਹੈ ॥

ਕੋਟਿ ਬ੍ਰਹਮੰਡ ਜਾਕੇ ਏਕ ਰੋਮ ਅਗ੍ਰ ਭਾਗ
ਪੂਰਨ ਪ੍ਰਗਾਸ ਤਾਸ ਕਹਾਂ ਧੌ ਸਮਾਵਈ ।

ਕ੍ਰੋੜਾਂ ਹੀ ਬ੍ਰਹਮੰਡ ਜਿਸ (ਵਾਹਿਗੁਰੂ) ਦੇ ਇਕ ਰੋਮ ਦੇ (ਅਗਰ ਭਾਗ) ਅਗੇ ਲਮਕੇ ਹੋਏ ਹਨ ਅਜਿਹੇ ਜਿਸ ਪ੍ਰਮਾਤਮਾ ਦਾ ਕਰਤਾ ਪੂਰਨ ਪ੍ਰਕਾਸ਼ ਹੈ ਉਹਦੀ ਕਿਸ ਜਗ੍ਹਾ ਸਮਾਈ ਹੋਈ ਹੋਵੀ ਜਾਣੀਏ ॥

ਜਾਂਕੇ ਏਕ ਤਿਲ ਕੋ ਮਹਾਤਮ ਅਗਾਧ ਬੋਧ
ਪੂਰਨ ਪ੍ਰਗਾਸ ਜੋਤਿ ਕੈਸੇ ਕਹਿ ਆਵਈ ।

ਜਿਸ (ਵਾਹਿਗੁਰੂ) ਦੇ ਇਕ ਤਿਲ ਮਾਤ੍ਰ ਦੇ ਜਾਨਣੇ ਦਾ ਮਹਾਤਮ ਬਹੁਤ ਮੁਸ਼ਕਲ ਹੈ ਉਹ ਪੂਰਾ ਪ੍ਰਕਾਸ਼ਕ ਜੋਤੀ ਸਰੂਪ ਵਾਹਿਗੁਰੂ ਕਿਕਰ ਕਹਿਣ ਵਿਚ ਆਵੇ ॥

ਜਾਕੇ ਓਅੰਕਾਰ ਕੇ ਬਿਥਾਰ ਕੀ ਅਪਾਰ ਗਤਿ
ਸਬਦ ਬਿਬੇਕ ਏਕ ਜੀਹ ਕੈਸੇ ਗਾਵਈ ।

ਜਿਸ (ਵਾਹਿਗੁਰੂ) ਦੇ ਇਕ ਫੈਲਾਉ ਦੀ ਬਹੁਤ ਰੀਤੀ ਹੈ ਭਾਵ ਜਿਸਦੇ ਇਕ ਫੁਰਨੇ ਦਾ ਅੰਤ ਨਹੀਂ ਆਉਂਦਾ ਉਸਦੇ ਸਾਰੇ (ਸਮਾਏ, ਫੁਰਨੇ ਦੇ ਅੰਗ) ਦਾ ਵਿਚਾਰ ਇਕ ਜੀਭ ਨਾਲ ਕਿਉਂਕਰ ਕਹਿਣ ਵਿਚ ਆਵੇ ॥

ਪੂਰਨ ਬ੍ਰਹਮ ਗੁਰ ਮਹਿਮਾ ਅਕਥ ਕਥਾ
ਨੇਤਿ ਨੇਤਿ ਨੇਤਿ ਨਮੋ ਨਮੋ ਕਰ ਆਵਈ ॥੨੭੦॥

ਆਪਣੇ ਸਤਿਗੁਰੂ ਦੇ ਰੂਪ ਸਤਿਗੁਰਾਂ ਦੀ ਮਹਿਮਾ ਦੀ, ਅਨੇਕ ਵਾਰ ਹੀ ਇਸ ਲਈ ਮਨ ਬਾਣੀ ਸਰੀਰ ਕਰਕੇ ਨਮਸਕਾਰ ਹੋਵੇ ਇਵੇਂ ਹੀ ਕਰਕੇ ਉਨ੍ਹਾਂ ਆਖਦਾ ਹਾਂ ॥ ੨੭੦ ॥

ਅਜਿਹੇ ਗੁਰਾਂ ਦੇ ਚਰਨ ਕਮਲਾਂ ਦੀ ਖੁਸ਼ਬੋ ਤੇ ਸਿਖ ਭੌਰਿਆਂ ਵਾਲੂੰ ਮਸਤ ਹੋਇ ਰਹਿੰਦੇ ਹਨ ਅਤੇ ਹੋਰ ਗਿਆਨ ਧਿਆਨ ਛਡ ਦੇਂਦੇ ਹਨ ॥

ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ
ਮਨ ਮਧੁਕਰ ਸੁਖ ਸੰਪਟ ਸਮਾਨੇ ਹੈ ।

ਜੀਕੁਰ ਕੌਲਾਂ ਦੀ ਸੁਗੰਧੀ ਉਪਰ ਭੌਰੇ ਲੁਭਾਇਮਾਨ ਹੋਕੇ ਸਮਾਉਂਦੇ ਹਨ ਇਕੁਰ ਹੀ ਗੁਰਾਂ ਦੇ ਚਰਨਾਂ ਦੀ ਭਗਤੀ ਦੇ ਅਨੰਦ ਉਪਰ ਸਿਖ ਮਸਤ ਹੋਕੇ ਸਮਾਉਂਦੇ ਹਨ। ਜੀਕੁਰ ਕੌਲ ਸੂਰਜ ਦੇ ਡੁੱਬਨ ਨਾਲ ਬੰਦ ਹੋ ਜਾਂਦਾ ਹੈ ਤਾਂ ਭੌਰਿਆਂ ਨੂੰ ਹਵਾ ਆਦਿਕ ਦੇ ਦੁਖ ਤੋਂ ਸੁਖ ਹੁੰਦਾ ਹੈ ਇਕੁਰ ਹੀ ਜਦ ਸਿਖ ਗੁਰਾਂ ਦੇ ਚਰਨਾਂ ਪਾਸ ਆ ਜਾਣ ਤਾਂ ਮਾਇਆ ਜਗਤ ਦੇ ਦੁਖ ਦੁਖ ਨਹੀਂ ਕਰ ਸਕਦੇ ॥

ਪਰਮ ਸੁਗੰਧਿ ਅਤਿ ਕੋਮਲ ਸੀਤਲਤਾ ਕੈ
ਬਿਮਲ ਸਥਲ ਨਿਹਚਲ ਨ ਡੁਲਾਨੇ ਹੈ ।

ਜੀਕੁਰ ਭੌਰ ਸੁਗੰਧੀ ਫੁਲ ਦੀ ਸੀਤਲਤਾ ਅਤੇ ਕੋਮਲਤਾ ਨੂੰ ਗ੍ਰਹਣ ਕਰਕੇ ਨਿਰਮਲ ਅਸਥਾਨ ਉਤੇ ਇਸਥਿਤ ਹੋ ਜਾਂਦੇ ਹਨ ਅਤੇ ਡੋਲਦੇ ਨਹੀਂ, ਹੈਨ। ਇਕੁਰ ਹੀ ਹਰੀ ਭਗਤੀ ਕੋਮਲ ਸੀਤਲ ਕਰਨੇ ਵਾਲੀ ਨੂੰ ਸਿਖ ਕਦੇ ਨਹੀਂ ਹਿਲਦੇ ॥

ਸਹਜ ਸਮਾਧਿ ਅਤਿ ਅਗਮ ਅਗਾਧਿ ਲਿਵ
ਅਨਹਦ ਰੁਨ ਝੁਨ ਧੁਨਿ ਉਰ ਗਾਨੇ ਹੈਂ ।

ਜੀਕੁਰ ਭੌਰਾ ਫਿਰ ਕੌਲ ਦੇ ਅਨੰਦ ਨੂੰ ਲੈਂਦਾ ਹੈ ਅਤੇ ਅਗੇ ਹੋਰਨਾਂ ਭੌਰਿਆਂ ਨੂੰ ਓਹ ਸੁਖ ਗਾਉਂਦਾ ਹੈ ਇਕੁਰ ਹੀ ਅਭਿਆਸ ਕਰਕੇ ਅਗਮ ਅਗਾਧ ਲਿਵ ਅਡੋਲ ਸਮਾਧੀ ਵਿਚ ਲਗੀ ਅਤੇ ਇਕ ਰਸ ਵਾਜਿਆਂ (ਦਸਮ ਦੁਆਰਿਆਂ) ਦੀ ਅਵਾਜ਼ ਹਿਰਦੇ ਵਿਚ ਉਚਾਰਨ ਕਰਦੇ ਹਨ ॥

ਪੂਰਨ ਪਰਮ ਜੋਤਿ ਪਰਮ ਨਿਧਾਨ ਦਾਨ
ਆਨ ਗਿਆਨ ਧਿਆਨ ਸਿਮਰਨ ਬਿਸਰਾਨੇ ਹੈਂ ॥੨੭੧॥

ਜਿਨ੍ਹਾਂ ਅਜਿਹੇ ਪ੍ਰਪੂਰਨ ਸਿਖਾਂ ਨੂੰ ਪੂਰਨ ਹਰੀ ਜੋਤਿ ਵਾਲੇ ਦਾਤਿ

ਪ੍ਰਭੂ ਨੇ ਪਰ (ਨਿਪਾਲ) ਅਜੇਹੇ ਦਾਨ ਕੀਤੇ ਹਨ ਭਾਵ ਗਰਭ ਦੀ ਪ੍ਰਾਪਤੀ ਕਰਾਇਓਹ ਅਤੇ ਉਨ੍ਹਾਂ ਸਿਖਾਂ ਨੂੰ ਹੋਰ ਸ਼ਾਸਤ੍ਰਾਂ ਦੇ ਸਭ ਸਾਧਨ (ਕਿਰਿਆ ਆਦਿ) ਆਦਿ ਕਰਨੇ ਭੁੱਲ ਗਏ ਹਨ ॥੧੭੧॥

ਉਪ੍ਰੋਕਤਿ ਗੁਰਮੁਖ ਘਰ ਵਿਚ ਰਹਿਕੇ ਭੀ ਵਿਸ਼ਿਆਂ ਵਿਕਾਰਾਂ ਨੂੰ ਜਿੱਤ ਕੇ ਉਦਾਸ ਰਹਿੰਦੇ ਹਨ ॥

ਰਜ ਤਮ ਸਤ ਕਾਮ ਕ੍ਰੋਧ ਲੋਭ ਮੋਹ ਹੰਕਾਰ
ਹਾਰ ਗੁਰ ਗਿਆਨ ਬਾਨ ਕ੍ਰਾਂਤਿ ਨਿਹਕ੍ਰਾਂਤਿ ਹੈ ।

ਰਜੋ, ਸਤੋ, ਤਮੋ (ਤ੍ਰਿੰਨਾਂ ਗੁਣਾਂ) ਨੂੰ ਤੇ ਪੰਜਾਂ ਕਾਮ ਆਦਿਕਾਂ ਨੂੰ ਹਾਰ ਦਿਤੀ ਅਤੇ ਗੁਰਾਂ ਦੇ ਗਿਆਨ ਰੂਪੀ (ਬਾਣ) ਤੀਰ ਨਾਲ (ਕ੍ਰਾਂਤਿ) ਚਮਕ ਦਮਕ (ਸੋਭਾ) ਨੂੰ (ਨਿਹਕ੍ਰਾਂਤਿ) ਬਿਨਾ ਚਮਕ ਦਮਕ ਤੋਂ ਕਰਦਿਤਾ ਭਾਵ ਸੋਭਾ ਨਾਲੋਂ ਭੀ ਗੁਰਮੁਖਾਂ ਦੀ ਸੋਭਾ ਬਹੁਤ ਹੈ ॥

ਕਾਮ ਨਿਹਕਾਮ ਨਿਹ ਕਰਮ ਕਰਮ ਗਤਿ
ਆਸਾ ਕੈ ਨਿਰਾਸ ਭਏ ਭ੍ਰਾਂਤਿ ਨਿਹ ਭ੍ਰਾਂਤਿ ਹੈ ।

ਪਦਾਰਥਾਂ ਦੀਆਂ ਕਾਮਨਾਂ ਤੋਂ ਰਹਿਤ ਹੋਏ ਅਤੇ ਕਰਮਾਂ ਦੇ ਕਰਨ ਨੂੰ ਬਰੋਬਰ ਭਾਵ ਤਰੀ ਕੰਮ ਕਰਨ ਲਗੇ ਅਤੇ ਆਸਾ ਤ੍ਰਿਸ਼ਨਾਂ ਤੋਂ ਨਿਰਾਸ ਹੋਏ ਭ੍ਰਮ ਤੋਂ ਭੀ ਰਹਿਤ ਹੁਏ ਹੋਏ ਹਨ ॥

ਸ੍ਵਾਦ ਨਿਹਸ੍ਵਾਦ ਅਰੁ ਬਾਦ ਨਿਹਬਾਦ ਭਏ
ਅਸਪ੍ਰੇਹ ਨਿਸਪ੍ਰੇਹ ਦੇਹ ਗੇਹ ਪ੍ਰਾਂਤਿ ਹੈ ।

ਅਸ ਪ੍ਰੇਹ=ਇਛਾ, ਨਿਸ ਪ੍ਰੇਹ=ਇਛਾ ਰਹਿਤ ਹੈ । ਜੀਭ ਦੇ ਸੁਆਦਾਂ ਤੋਂ ਬਿਨਾ ਤੇ ਝਗੜਿਆਂ ਦੇ ਝਗੜਨ ਤੋਂ ਬਿਨਾ ਹੋਏ ਹਨ । ਇਛਾਂ ਤੋਂ ਰਹਿਤ ਅਤੇ ਸਰੀਰ ਘਰ ਆਦਿਕਾਂ ਨੂੰ ਨਾਸਵੰਤ ਜਾਣਦੇ ਹਨ ॥ "ਸਾਦੀ"

ਨਾਨ ਅਜ਼ ਬਰਾਇ ਕੁੰਜ ਅਬਾਦਤ ਗਰਿਫਤਹ ਅੰਦ ।
ਸਾਹਬ ਦਿਲਾਂ ਨ ਕੁੰਜਿ ਅਬਾਦਤ ਬਰਾਇ ਨਾਨ ॥

ਗੁਰਮੁਖ ਪ੍ਰੇਮ ਰਸ ਬਿਸਮ ਬਿਦੇਹ ਸਿਖ
ਮਾਯਾ ਮੈ ਉਦਾਸ ਬਾਸ ਏਕਾ ਕੀ ਇਕਾਂਤਿ ਹੈ ॥੧੭੨॥

ਗੁਰਮੁਖ ਅਜਿਹੇ ਪ੍ਰੇਮ ਰਸ ਅਸਚਰਜ ਨਾਲ (ਬਿਦੇਹੀ) ਸਰੀਰ ਦੇ ਧਿਆਨ ਤੋਂ ਰਹਿਤ ਨਾਮ ਵਾਲੇ ਸਿਖ ਹੋਏ ਹਨ ਅਤੇ ਸੰਸਾਰ ਵਿਚ ਰਹਿੰਦੇ ਭੀ ਉਦਾਸ (ਏਕਾ ਕੀ) ਇਕ ਵਾਹਿਗੁਰੂ ਦੀ ਇਕਾਂਤ ਮਗਨ ਵਿਚ ਇਕਾਂਤਿ

ਕਰਕੇ ਘਰ ਵਿਚ ਰਹਿੰਦੇ ਹਨ ॥

ਭਾਵ—ਸੰਸਾਰ ਵਿਚ ਰਹਿਕੇ ਹੀ ਨਾਮ ਜਪਦੇ ਹਨ ॥ ੨੭੨ ॥

ਉਪ੍ਰੋਕਤਿ ਗੁਰਮੁਖ ਜਿਸ ਪ੍ਰਮਾਤਮਾ ਦਾ ਨਾਮ ਜਪਕੇ ਪ੍ਰੇਮ ਨਾਲ ਮਿਲਦੇ ਹਨ ਉਸਦੇ ਸਾਰੇ ਪਦਾਰਥਾਂ ਤੇ ਤਿਸਦੀ ਗਿਣਤੀ ਕਰਨੀ ਕਿਧਰੇ ਰਹੀ ਇਕ ਨਿਕ ਜਿਹੇ ਤਿਲ ਦਾ ਹੀ ਅੰਤ ਨਹੀਂ ਆਉਂਦਾ ਸੋ ਪ੍ਰਸੰਗ ਮੂਹਰਲੇ ਕਬਿਤ ਵਿਚ ਵਰਨਨ ਕਰਦੇ ਹਨ ॥

ਪ੍ਰਿਥਮ ਹੀ ਤਿਲ ਬੋਏ ਧੂਰ ਮਿਲ ਬੂਟ ਬਾਢੈ
ਏਕ ਸੈ ਅਨੇਕ ਹੋਤ ਪ੍ਰਗਟ ਸੰਸਾਰ ਮੈ ।

ਪਹਿਲੇ ਜਦ ਤਿਲ (ਬੋਏ) ਬੀਜੀਦਾ ਹੈ ਤਾਂ (ਧੂਰਿ) ਮਿਟੀ ਵਿਚ ਮਿਲਕੇ ਬੂਟਾ ਵਧਦਾ ਹੈ ਕਿ ਇਕ ਤਿਲ ਤੋਂ ਅਨੇਕਾਂ ਤਿਲ ਸੰਸਾਰ ਵਿਚ ਪ੍ਰਗਟ ਹੋ ਜਾਂਦੇ ਹਨ ॥

ਕੋਊ ਲੈ ਚਬਾਇ ਕੋਊ ਖਾਜ ਕਾਢੈ ਰੇਵਰੀ ਕੈ
ਕੋਊ ਕਰੈ ਤਿਲਵਾ ਮਿਲਾਇ ਗੁਰ ਬਾਰ ਮੈ ।

ਉਪ੍ਰੋਕਤਿ ਤਿਲਾਂ ਨੂੰ ਕੋਈ ਚੱਖਦਾ ਹੈ ਕੋਈ ਭੋਗਾਂ ਨੂੰ ਪਾਣ ਵਾਸਤੇ ਅਲ ਕਰਦਾ ਹੈ ਕੋਈ ਰਿਉੜੀਆਂ ਬਨਾਉਂਦਾ ਹੈ ਕੋਈ ਗੁੜ ਨੂੰ ਪਾਣੀ ਵਿਚ ਮਿਲਾਕੇ ਮਰੂੰਡੇ ਬਣਾਉਂਦਾ ਹੈ ॥

ਕੋਊ ਤਾਂ ਉੱਖਲੀ ਡਾਰਿ ਕੂਟ ਤਿਲ ਕੂਟ ਕਰੈ
ਕੋਊ ਕੋਲ੍ਹੂ (ਪਿਜਰ) ਪੀਰ ਦੀਪ ਦਿਪਤ ਅੰਧਕਾਰ ਮੈ ।

ਕੋਈ ਤਾਂ ਉਪ੍ਰੋਕਤੀ ਤਿਲਾਂ ਨੂੰ ਉਖਲੀ ਵਿਚ ਸੁਟਕੇ (ਕੂਟ) ਕੁਟਦਾ ਹੈ ਵਾ ਕੁਟਕੇ ਕੁੱਟਾ (ਛਾੜਾ) ਕਰਦਾ ਹੈ ਕੋਈ ਕੋਹਲੂ ਵਿਚ ਪੀੜਕੇ (ਦੀਪ) ਦੀਵਾ ਅੰਧੇਰੇ ਵਿਚ (ਦਿਪਤ) ਜਗਾਉਂਦਾ ਹੈ । (ਵਾਰ ੧੪ ਪੌੜੀ ੧੦)

ਘਾਣੀ ਤਿਲ ਪੀੜਾਇ ਤੇਲ ਕਢਾਇਆ ।
ਦੀਵੇ ਤੇਲ ਜਲਾਇ ਅਨ੍ਹੇਰ ਗਵਾਇਆ ॥ ਵੇਖੋ ਸਾਰੀ ਪੌੜੀ

ਜਾਕੇ ਏਕ ਤਿਲ ਕੋ ਬੀਚਾਰ ਨ ਕਹਿਤ ਆਵੈ
ਅਬਿਗਤਿ ਗਤਿ ਕਤ ਆਵਤ ਬੀਚਾਰ ਮੈ ॥੨੭੩॥

ਜਿਸ ਵਾਹਿਗੁਰੂ ਦੇ ਇਕ ਤਿਲ ਦਾ ਵਿਚਾਰ ਨਹੀਂ ਕਥਿਆ ਜਾ ਆਉਂਦਾ ਭਲਾ ਉਹ ਅਪ੍ਰਗਟ (ਰੀਤੀ) ਗਤੀ ਭਲਾ ਕੀਕੁਰ ਵਿਚਾਰ ਵਿਚ ਆ [illegible] ਤਿਲ ਦਾ ਅੰਤ ਨਹੀਂ ਤੇ ਵਾਹਿਗੁਰੂ ਦਾ ਅੰਤ ਕੀਕੁਰ

ਕਿਆ ਜਾਵੇ ॥

ਕੀੜੀ ਦਾ ਪ੍ਰਕਰਨ

ਰਚਨਾ ਚਰਿੱਤ੍ਰ ਚਿੱਤ੍ਰ ਬਿਸਮ ਬਚਿੱਤ੍ਰਪਨ
ਏਕ ਚੀਟੀ ਕੋ ਚਰਿੱਤ੍ਰ ਕਹਤ ਨ ਆਵਈ ।

ਰਚਨਾ ਦੀ ਬਨਾਵਟ ਦਾ ਸੁੰਦਰ ਤਮਾਸ਼ਾ ਬਹੁਤ ਹੀ ਤਰਾਂ ਦਾ ਸੁੰਦਰ ਅਸਚਰਜ ਹੈ ਇਸ ਵਿਚੋਂ ਇਕ ਕੀੜੀ ਦਾ ਤਮਾਸ਼ਾ ਨਹੀਂ ਕਹਿਣ ਵਿਚ ਔਂਦਾ ॥

ਪ੍ਰਿਥਮ ਹੀ ਚੀਟੀ ਕੇ ਮਿਲਾਪ ਕੋ ਪ੍ਰਤਾਪ ਦੇਖੋ
ਸਹਸ ਅਨੇਕ ਏਕ ਬਿਲ ਮੈ ਸਮਾਵਈ ।

ਪਹਿਲੇ ਹੀ ਇਕ ਕੀੜੀ ਦੇ ਮੇਲ ਦਾ ਪ੍ਰਤਾਪ ਦੇਖੋ ਕਿ ਬਹੁਤ ਸੈਂਕੜੇ ਇਕ ਹੀ ਖੁਡ ਵਿਚ ਵੜ ਜਾਂਦੀਆਂ ਨੇ ॥

ਅਗ੍ਰ ਭਾਗੀ ਪਾਛੈ ਏਕੈ ਮਾਰਗ ਚਲਤ ਜਾਤ
ਪਾਵਤ ਮਿਠਾਸ ਬਾਸ ਤਹੀ ਮਿਲ ਧਾਵਈ ।

ਅਗੇ ਪਿਛੇ ਇਕ ਇਕ ਰਸਤੇ ਵਿਚ ਤੁਰੀਆਂ ਜਾਂਦੀਆਂ ਹਨ ਜਿਥੇ ਮਿਠੇ ਦੀ (ਵਾਸਨਾ) ਮੁਸ਼ਕ ਪਾਉਂਦੀਆਂ ਹਨ ਓਥੇ ਹੀ ਸਾਰੀਆਂ ਮਿਲਕੇ ਅਤੇ ਦੌੜ ਕੇ ਜਾਂਦੀਆਂ ਹਨ ॥

ਭ੍ਰਿੰਗੀ ਮਿਲ ਤਾਤਕਾਲ ਭ੍ਰਿੰਗੀ ਰੂਪ ਹ੍ਵੈ ਦਿਖਾਵੈ
ਚੀਟੀ ਚਿੱਤ੍ਰ ਅਲਖ ਭਿਤੇਹੈ ਕਤ ਪਾਵਈ ॥੨੭੪॥

ਕੀੜੀ ਇਕ ਭ੍ਰਿੰਗੀ ਕੀੜੇ ਨੂੰ ਮਿਲਕੇ ਛੇਤੀ ਨਾਲ ਉਸ ਜੇਹਾ ਰੂਪ ਹੋਕੇ ਦਿਖਾਉਂਦੀ ਹੈ ਇਸ ਲਈ ਕੀੜੀ ਦੀ ਚਿਤ੍ਰਕਾਰੀ (ਅਲਖ) ਦੇਖਣ ਲਿਖਣ ਤੋਂ ਬਾਹਰ ਹੈ ਅਤੇ ਜਿਸ ਵਾਹਿਗੁਰੂ ਨੇ ਇਹ ਸਾਰਾ ਪਸਾਰਾ ਰਚਿਆ ਹੈ ਉਸ ਦਾ ਅੰਤ ਕੀਕੁਰ ਪਾ ਸਕੀਏ ॥ ਵਾਰ ੫ ਪੌੜੀ ੭॥ ਕੀੜੀ ਨਿਕੜੀ ਚਲਿਤ ਕਰ ਭ੍ਰਿੰਗੀ ਨੋ ਮਿਲ ਭ੍ਰਿੰਗੀ ਹੋਵੈ ॥ ੨੭੪॥

ਉਪ੍ਰੋਕਤ ਪ੍ਰਮਾਤਮਾ ਜੋ ਬਿਅੰਤ ਹੈ ਉਸਨੂੰ ਗੁਰਮੁਖਾਂ ਨਾਲ ਮਿਲੀਏ ਤਾਂ ਜਾਣੀਦਾ ਹੈ ॥

ਰਚਨਾ ਚਰਿੱਤ੍ਰ ਚਿਤ੍ਰ ਬਿਸਮ ਬਚਿੱਤ੍ਰ ਪਨ
ਘਟ ਘਟ ਏਕੈ ਹੀ ਅਨੇਕ ਹ੍ਵੈ ਦਿਖਾਏ ਹੈ ।

ਚਿਤ੍ਰਕਾਰੀ ਦੀ ਬਨਾਵਟ ਦਾ ਤਮਾਸ਼ਾ ਅਸਚਰਜ ਬਹੁਤ ਤਰਾਂ ਦਾ ਹੈ ।

ਇਕ ਵਾਹਿਗੁਰੂ ਦੀ ਜਿਗਿਆਸਾ ਦੇ (ਅਨੇਕਾਂ ਜੀਵਾਂ) ਵਲ ਜੋੜੇ ਦਿਖੰਦਾ ਹੈ ॥

ਉਤ ਤੇ ਲਿਖਤ ਇਤ ਪਢਤ ਅੰਤਰ ਘਤਿ
ਇਤ ਹੂ ਤੇ ਲਿਖ ਪਤ੍ਰ ਉਤ੍ਤਰ ਪਠਾਏ ਹੈ ।

ਜਿਸ ਪ੍ਰੋਖਿਤ ਪਤਿਕਾ ਇਸਤ੍ਰੀ ਦਾ ਪਤੀ ਪ੍ਰਦੇਸ ਨੂੰ ਗਿਆ ਹੋਇਆ ਹੋ ਉਸ ਨਾਲ ਪਤੀ ਦਾ ਬੜਾ ਫਰਕ ਪਿਆ ਹੋਇਆ ਹੈ ਜਦ ਓਧਰੋਂ ਪਤੀ ਚਿਠੀ ਲਿਖਦਾ ਹੈ ਤਾਂ ਏਧਰ ਏਹ ਇਸਤ੍ਰੀ ਪੜ੍ਹਦੀ ਹੈ ਏਧਰੋਂ ਏਹ ਲਿਖਕੇ ਪਤੀ ਤਾਈਂ ਚਿਠੀ ਉਸਦੇ ਪ੍ਰਸ਼ਨ ਦਾ ਉੱਤਰ ਉਸਨੂੰ ਭੇਜਦੀ ਹੈ, ਇਕਰ ਹੀ ਜੀਵ ਜੇਹੜੇ ਵਿਛੜੇ ਹਨ ਪ੍ਰਮਾਤਮਾ ਤੋਂ ਓਹ ਗੁਰਮੁਖਾਂ ਨਾਲ ਮਿਲਨ ਜਾਂ ਅਰਦਾਸਾਂ ਕਰਨ ਤਾਂ ਵਾਹਿਗੁਰੂ ਨੂੰ ਮਿਲਨ ॥

ਉਤ ਤੇ ਸਬਦ ਰਾਗ ਨਾਦ ਕੈ ਪ੍ਰਸੰਨ ਕਰ
ਇਤ ਸੁਨਿ ਸਮਝਿ ਕੈ ਉਤ ਸਮਝਾਏ ਹੈ ।

ਓਧਰੋਂ ਰਾਗੀ ਰਾਗ ਨੂੰ ਅਲਾਪ ਦੇ ਵਿਚ ਅਲਾਪ ਤੇ ਸਬਦ ਨੂੰ ਗਾਕੇ ਹੋਰਨਾਂ ਨੂੰ ਸੁਣਾਕੇ ਪ੍ਰਸੰਨ ਕਰਦਾ ਹੈ । ਏਧਰ ਹਵੇ ਦੇ ਸੁਨਣ ਵਾਲੇ ਉਸ ਰਾਗ ਦੇ ਅਲਾਪ ਨੂੰ ਸਮਝਕੇ ਓਧਰ ਫਿਰ ਹੋਰ ਅਣਜਾਣ ਸ੍ਰੋਤਿਆਂ ਨੂੰ (ਸਮਝਾਉਂਦੇ) ਦਸਦੇ ਹਨ ॥ ਭਾਵ- ਜਿਕੁਰ ਮੁਸ਼ਕਲ ਰਾਗ ਦਾ ਅਲਾਪ ਅਕਲ ਵਿਚ ਰਾਗੀਆਂ ਸਿਆਣਿਆਂ ਦੇ ਜ਼ਰੀਏ ਆਉਂਦਾ ਹੈ ਇਕਰਹੀ ਵਾਹਿਗੁਰੂ ਗੁਰਮੁਖਾਂ ਦੇ ਕਾਰਨ ਮਿਲਦਾ ਹੈ ॥

ਰਤਨ ਪਰੀਖਜ਼ਾ ਪੇਖਿ ਪਰਮਿਤਿ ਕੈ ਸੁਨਾਵੈ
ਗੁਰਮੁਖ ਸੰਧਿ ਮਿਲੇ ਅਲਖ ਲਖਾਏ ਹੈਂ ॥੨੭੫॥

ਰਤਨਾਂ ਨੂੰ ਵੇਖਿਆ ਹੈ ਪਰ ਪਰਖਣਾ ਨਹੀਂ ਜਾਣਦਾ ਜੋ ਕੀ ਮਰਯਾਦਾ ਨੁਸਾਰ ਮੁਲ ਕਰਕੇ ਸੁਣਾ ਸਕਦਾ ਹੈ । ਭਾਵ ਨਹੀਂ ॥ ਈਕੁਰਹੀ ਜੇਕਰ ਰਤਨ ਪਰਖਣ ਵਾਲੇ ਸਰਾਫਾਂ ਨਾਲ ਮਿਲੇ ਤਾਂ ਰਤਨਾਂ ਦਾ ਪਰਖਣਾ ਆ ਸਕਦਾ ਹੈ । ਈਕੁਰ ਹੀ ਜੇਹੜਾ ਗੁਰਮੁਖਾਂ ਦੀ ਮਿਲੌਨੀ ਵਿਚ ਮਿਲਦਾ ਹੈ ਉਸਨੂੰ ਗੁਰਮੁਖ ਅਲਖ ਵਾਹਿਗੁਰੂ ਵਿਖਾ ਦਿੰਦੇ ਹਨ ਅਤੇ ਜੋ ਨਹੀਂ ਮਿਲਦਾ ਓਹ ਪ੍ਰਮਾਤਮਾ ਨੂੰ ਨਹੀਂ ਵੇਖ ਸਕਦਾ ॥ ੨੭੫ ॥

ਇਉਂ ਪ੍ਰਕਰਣ ਗੁਰਮੁਖਾਂ ਨੂੰ ਗੁਰਾਂ ਉਪਦੇਸ ਦਿਤਾ ਤਾਂ ਸਾਰੇ ਵਾਹਿਗੁਰੂ ਵਿਖਾਲਣ ਵਾਲੇ ਸਾਜਿਆਂ ॥

ਪੂਰਨ ਬ੍ਰਹਮ ਗੁਰ ਪੂਰਨ ਕ੍ਰਿਪਾ ਕੈ ਦੀਨੋ

ਸਾਚ ਉਪਦੇਸ਼ ਰਿਦੈ ਨਿਹਚਲ ਮਤਿ ਹੈ ।

ਪੂਰੇ ਵਾਹਿਗੁਰੂ ਦਾ ਰੂਪ ਸਤਿਗੁਰਾਂ ਨੇ ਜਦ ਪੂਰੀ ਕ੍ਰਿਪਾ ਕਰਕੇ ਹਿਰਦੇ ਵਿਚ ਸੱਚਾ ਉਪਦੇਸ਼ ਦਿਤਾ ਤਾਂ (ਮਤਿ) ਅਕਲ ਇਸਥਿਤ ਹੋ ਗਈ ॥

ਸਬਦ ਸੁਰਤਿ ਲਿਵ ਲੀਨ ਜਲ ਮੀਨ ਭਏ

ਪੂਰਨ ਸਰਬ ਮਈ ਪ੍ਰੇਮ ਪ੍ਰੀਤ ਜੁਗਤਿ ਹੈ ।

ਓਹ ਉਪ੍ਰੋਕਤਿ ਗੁਰਮੁਖ ਗੁਰਾਂ ਦੇ ਸ਼ਬਦ ਵਿਚ ਇਕੁਰ ਬ੍ਰਿਤੀ ਲਾਕੇ ਪ੍ਰੀਤੀ ਕਰਦੇ ਹਨ ਜੇਕੁਰ ਪਾਣੀ ਨਾਲ ਮਛੀ ਮਸਤ ਹੋਕੇ ਪ੍ਰੀਤੀ ਕਰਦੀ ਹੈ ॥ ਓਹ ਵਾਹਿਗੁਰੂ ਸਾਰਿਆਂ ਦਾ ਰੂਪ ਸਾਰਿਆਂ ਨਾਲ ਇਕੁਰ ਮਿਲ ਰਹਿਆ ਹੈ ਜਿਕੁਰ ਦੁਧ ਘਿਓ ਦੀ ਮਿਲਾਵਟ ਹੁੰਦੀ ਹੈ ॥

ਸਾਚੁ ਰਿਦੈ ਸਾਚੁ ਦੇਖੈ ਸੁਨੈ ਬੋਲੈ ਗੰਧ ਰਸ

ਪੂਰਨ ਪਰਸਪਰ ਭਾਵਨੀ ਭਗਤਿ ਹੈ ।

ਉਪ੍ਰੋਕਤਿ ਗੁਰਮੁਖਾਂ ਦੇ ਹਿਰਦੇ ਵਿਚ ਸਚ ਹੀ ਹੈ ਅਤੇ ਸਚਨੂੰ ਹੀ ਵੇਖਦੇ ਸੁਣਦੇ ਹਨ ਅਤੇ ਸੱਚ ਨੂੰ ਹੀ ਬੋਲਦੇ ਹਨ ਅਤੇ ਸਚੀ ਸੁਗੰਧੀ (ਭਗਤੀ) ਦਾ (ਰਸ) ਸੁਆਦ, ਅਨੰਦ ਲੈਂਦੇ ਹਨ ਅਤੇ ਸਾਰੇਹੀ ਆਪੋ ਵਿਚ ਦੀ ਪ੍ਰੇਮਾਭਗਤੀ ਕਰਦੇ ਹਨ ॥

ਪੂਰਨ ਬ੍ਰਹਮ ਦ੍ਰੁਮ ਸਾਖਾ ਪਤ੍ਰ ਫੂਲ ਫਲ

ਏਕ ਹੀ ਅਨੇਕ ਨੇਕ ਸਤਿਗੁਰ ਸਤਿ ਹੈ ॥ ੨੭੯ ॥

ਉਪ੍ਰੋਕਤਿ ਗੁਰਮੁਖ ਗੁਰਾਂ ਪਾਸੋਂ ਸਿਖਿਆ ਲੈਕੇ ਇਹ ਨਿਸਚੇ ਕਰਦੇ ਹਨ ਕਿ ਇਕ ਵਾਹਿਗੁਰੂ ਇਕੁਰ ਸਾਰਿਆਂ ਜੀਵਾਂ ਵਿਚ ਮਿਲਿਆ ਹੋਇਆ ਹੈ ਜੇਕੁਰ ਇਕ ਬ੍ਰਿਛ ਦੀਆਂ ਟਾਹਣੀਆਂ ਪੱਤਾਂ ਫੁਲਾਂ ਫਲਾਂ ਵਿਚ ਇਕ ਨਿਰਾ ਓਹਾ ਬੀਜ (ਵਾ ਪਾਣੀ) ਮਿਲਿਆ ਹੋਇਆ ਹੁੰਦਾ ਹੈ ॥ ੨੭੯ ॥

ਉਪ੍ਰੋਕਤਿ ਗੁਰਮੁਖ ਇਕੁਰ ਜਾਣਕੇ ਸਾਰ ਵਿਕਾਰ ਦੂਰ ਕਰਦੇ ਹਨ ਅਤੇ ਇਕ ਓਟ ਗੁਰਾਂ ਦੀ ਲੈਂਦੇ ਹਨ ।

ਪੂਰਨ ਬ੍ਰਹਮ ਗੁਰ ਪੂਰਨ ਪਰਮ ਜੋਤਿ

ਓਤ ਪੋਤ ਸੂਤ੍ਰ ਗਤਿ ਏਕ ਹੀ ਅਨੇਕ ਹੈ ।

ਇਕ ਵਾਹਿਗੁਰੂ ਪੂਰੇ ਹੋਏ ਪ੍ਰਕਾਸ਼ ਵਾਲਾ ਹੀ ਅਨੇਕਾਂ ਜੀਵਾਂ ਵਿਚ ਹੈ ਇਕ ਵਾਹਿਗੁਰੂ ਜੀ ਤੇ ਰਾਹੂਦੀ ਅਸਥਿਰਤਾ ਸੂਤਦੇ ਤਾਣੇ ਪੇਟੇਦੀ ਜੀਕੋ ਵਾਕੁਰਦੀ ।

ਲੋਚਨ ਸ੍ਰਵਨ ਸੋਤ੍ਰ ਏਕ ਹੀ ਦਰਸ ਸਬਦ
ਵਾਰ ਪਾਰ ਕੂਲ ਗਤਿ ਸਰਿਤਾ ਬਿਬੇਕ ਹੈ ।

ਨੇਤ੍ਰਾਂ ਕੰਨਾਂ ਹੋਰਨਾਂ ਸਾਰਿਆਂ ਇੰਦ੍ਰਿਆਂ ਸਰੀਰ ਦਿਆਂ ਵਿਚ ਇਕ ਹੀ ਗੁਰਾਂ ਦੇ ਦਰਸ਼ਨ ਕਰਕੇ ਉਪਦੇਸ਼ ਕਮਾਈਦਾ ਹੈ ਤਿਸ ਗੁਰਾਂ ਦੇ ਸ਼ਬਦਾਂ ਵਿਚ ਵਾਹਿਗੁਰੂ ਇਕ੍ਰਹ ਮਿਲਿਆ ਹੋਇਆ ਹੈ ਜਿਵੇਂ ਨਦੀ ਦੇ ਦੋਆਂ ਕੰਢਿਆਂ ਦਾ ਗੋਚਰ ਅਨੁਸਾਰ ਵਿਚਾਰ ਹੁੰਦਾ ਹੈ। ਭਾਵ ਕੀ ਜੀਕੁਰ ਨਦੀ ਦੇ ਦੋਵੇਂ ਕਿਨਾਰੇ ਨਦੀ ਦਾ ਰੂਪ ਇਕ ਹੀ ਹੁੰਦੇ ਹਨ ਈਕੁਰ ਹੀ ਗੁਰ ਪ੍ਰਮਾਤਮਾ ਇਕ ਹਨ ॥

ਚੰਦਨ ਬਨਾਸਪਤੀ ਕਨਿਕ ਅਨਿਕ ਧਾਤੁ
ਪਾਰਸ ਪਰਸ ਜਾਨੀਅਤਿ ਜਾਵਦੇਕ ਹੈ ।

ਜੀਕੁਰ ਚੰਦਨ ਦੀ ਵਾਸ਼ਨਾਂ ਨਾਲ ਸਾਰੀ ਸਬਜ਼ੀ ਚੰਦਨ ਵਾਸ਼ਨਾ ਵਾਲੀ ਹੋ ਜਾਂਦੀ ਹੈ ਅੰਤ (ਜਾਵਦੇਕ) ਜਿੰਨੀਆਂ ਕੁ ਅਨੇਕਾਂ ਹੀ ਧਾਤੂਆਂ ਹਨ ਜੋ ਸਾਰੀਆਂ ਹੀ ਪਾਰਸ ਨਾਲ ਲਗਕੇ ਸੋਨਾ ਰੂਪ ਜਾਣੀਆਂ ਜਾਂਦੀਆਂ ਹਨ। ਈਕੁਰ ਗੁਰ ਕਰਦੇ ਹਨ ॥

ਗਿਆਨ ਗੁਰ ਅੰਜਨ ਨਿਰੰਜਨ ਅੰਜਨ ਬਿਖੈ
ਦੁਬਿਧਾ ਨਿਵਾਰ ਗੁਰਮਤਿ ਏਕ ਟੇਕ ਹੈ ॥੨੭੨॥

ਗੁਰਾਂ ਨੇ ਵਾਹਿਗੁਰੂ ਦਾ ਗਿਆਨ ਸੁਰਮਾ (ਸੁਰਤੀ ਨੇਤ੍ਰਾਂ) ਵਿਚ ਪਾਕੇ ਮਾਇਆ (ਸੰਸਾਰ) ਵਿਚ ਹੀ ਦ੍ਵੈਤ ਭਾਵ ਨੂੰ ਦੂਰ ਕਰ ਦਿਤਾ ਹੈ ਇਸ ਕਰਕੇ ਗੁਰਮੁਖਾਂ ਨੇ ਇਕ ਗੁਰਾਂ ਦੀ ਹੀ ਓਟ ਲਈ ਹੈ ॥ ੨੭੨ ॥

ਗੁਰਮੁਖਾਂ ਦੇ ਇੰਦ੍ਰੇ ਵਿਸ਼ਿਆਂ ਵਿਕਾਰਾਂ ਵਲੋਂ ਥਕ ਗਏ ਹਨ ॥

ਦਰਸ ਧਿਆਨ ਲਿਵ ਦ੍ਰਿਸਟਿ ਅਚਲ ਭਈ
ਸਬਦ ਬਿਬੇਕ ਸ੍ਰੁਤਿ ਸ੍ਰਵਨ ਅਚਲ ਹੈ ।

ਗੁਰਾਂ ਦੇ ਦਰਸ਼ਨ ਦਾ ਧਿਆਨ ਕਰਕੇ ਰਿਤ ਬ੍ਰਿਤੀ ਅਤੇ ਨੇਤ੍ਰਾਂ ਦੀ ਦ੍ਰਿਸ਼ਟੀ ਇਸਥਿਤ ਹੋਈ ਹੈ ਅਤੇ ਗੁਰਾਂ ਦੇ ਸਬਦ ਦੇ ਵਿਚਾਰ ਨਾਲ ਕੰਨ ਹੋਰ ਦੀਆਂ ਦੇ ਸੁਣਨ ਵਲੋਂ ਅਡੋਲ ਹੋਏ ਹਨ ॥

ਸਿਮਰਨ ਮਾਤ੍ਰ ਸੁਧ ਜਿਹਵਾ ਅਚਲ ਭਈ
ਗੁਰਮਤਿ ਅਚਲ ਉਨਮਨ ਅਸਥਲ ਹੈ ।

ਗੁਰਾਂ ਦਾ, ਪਵਿਤ੍ਰ ਨਾਮ ਜਾਪ ਕਰਨ ਨਾਲ ਹੀ ਜੀਭ ਇਸਥਿਤ ਹੋਗਈ

ਹੋ ਅਤੇ ਗੁਰਾਂ ਦੀ ਸਿੱਖਿਆ ਲੈਕੇ ਤੁਰਯਾ (ਤੁਰੀਆ ਪਦ) ਵਾਹਿਗੁਰੂ ਦੇ ਅਨੰਦ ਦੇ ਥਾਂ ਵਿਚ ਇਸਥਿਤ ਹੋ ਗਈ ਹੈ ॥

ਨਾਸਕਾ ਸੁਬਾਸ ਕਰ ਕੋਮਲ ਸੀਤਲਤਾ ਕੈ

ਪੂਜਾ ਪ੍ਰਨਾਮ ਪਰਸ ਚਰਨ ਕਮਲ ਹੈ।

ਨਾਸਾਂ ਗੁਰਾਂ ਦੇ ਚਰਨਾਂ ਦੇ ਫੁਲਾਂ ਦੀਆਂ ਵਾਸਨਾਂ ਲੈਕੇ ਇਸਥਿਤ ਹੋਈਆਂ ਹਨ ਅਤੇ (ਕਰ) ਹਥ ਜੋ ਨਰਮ ਹਨ ਸੋ ਗੁਰਾਂ ਦੇ ਚਰਨਾਂ ਕਮਲਾਂ ਨੂੰ ਲਗਾਕੇ (ਸਫਲ) ਇਸਥਿਤ ਅਤੇ ਮਨ ਤਨ ਠੰਢਾ ਹੋਯਾ ਗੁਰਾਂ ਦੀ ਪੂਜਾ ਅਤੇ ਨਮਸਕਾਰ ਕਰਕੇ

ਗੁਰਮੁਖ ਪੰਥ ਚਰ ਅਚਰ ਹ੍ਵੈ ਅੰਗ ਅੰਗ

ਸੰਗ ਸਰਬੰਗ ਬੂੰਦ ਸਾਗਰ ਸਲਲ ਹੈ ॥੨੭੯॥

ਗੁਰਾਂ ਦੇ ਰਸਤੇ ਸਤਿਸੰਗ ਵਿਚ ਗੁਰਮੁਖਾਂ ਦੇ (ਚਰ) ਚਰਨ ਪੈਰ ਮਾਰਿਆਂ ਕੰਮਾਂ ਦੇ ਜਾਣ ਵਲੋਂ (ਅਚਰ) ਇਸਥਿਤ ਹੋਇ ਇਕੁਰ ਗੁਰਮੁਖਾਂ ਦੇ ਸਾਰੇ ਅੰਗ ਸਰੀਰ ਦੇ (ਵਿਸ਼ਿਆਂ ਵਲੋਂ ਪੀਲਾ ਮੂੰਹ ਵ ਪਿੰਗਲੇ ਹੋ ਗਏ) ਪਵਿਤ੍ਰ ਹੋ ਗਏ ਅਤੇ ਹੁਣ ਸਾਰੇ ਅੰਗ ਗੁਰਾਂ ਦੀ ਸੇਵਾ ਵਿਚ ਇਕੁਰ ਸਮਾਏ ਰਹਿੰਦੇ ਹਨ ਜੀਕੁਰ ਸਮੁੰਦ ਵਿਚ ਇਕ (ਬੂੰਦ) ਛਿਟ ਪਾਣੀ ਦੀ ਸਮਾਈ ਰਹਿੰਦੀ ਹੈ ॥ ੨੭੯॥ ਉਪ੍ਰੋਕਤਿ ਹੀ ਪ੍ਰਸੰਗ ਮੁਹਰਲੇ ਕਬਿਤ ਵਿਚ ਵਰਨਨ ਹੈ ॥

ਦਰਸਨ ਸੋਭਾ ਦ੍ਰਿਗ ਦ੍ਰਿਸਟਿ ਗਿਆਨ ਗੰਮ

ਦ੍ਰਿਸਟਿ ਧਿਆਨ ਪ੍ਰਭੁ ਦਰਸ ਅਤੀਤ ਹੈ।

ਗੁਰਾਂ ਦੇ ਸ਼ੁਭਾਇਮਾਨ ਦਰਸ਼ਨ ਵਿਚ (ਦ੍ਰਿਗ) ਨੇਤ੍ਰਾਂ ਦੀ ਦ੍ਰਿਸ਼ਟੀ ਕਾਂਘੀ ਜਾਂ ਦਰਸ਼ਨ ਕੀਤਾ ਤਾਂ ਫਿਰ ਨੇਤ੍ਰਾਂ ਦੀ ਦ੍ਰਿਸ਼ਟੀ ਦੇ ਧਿਆਨ ਵਿਚ (ਪ੍ਰਭੂ) ਵਾਹਿਗੁਰੂ ਦਾ ਗਿਆਨ (ਗੰਮ) ਪ੍ਰਾਪਤ ਹੋਇਆ ਤਾਂ ਫਿਰ ਹੋਰ ਦੇਵੀ ਦੇਵਤਿਆਂ ਦੇ ਦਰਸ਼ਨ ਤੋਂ (ਅਤੀਤ) ਰਹਿਤ ਹੋ ਗਏ ॥

ਸਬਦ ਸੁਰਤਿ ਪਰੈ ਸੁਰਤਿ ਸਬਦ ਪਰੈ

ਬਾਸ ਬਾਸ ਅਲਖ ਸੁਬਾਸਨਾ ਸਰੀਤ ਹੈ।

ਗੁਰਾਂ ਦੇ ਸ਼ਬਦ ਦੀ ਅਵਾਜ਼ ਜਦ ਕੰਨਾਂ ਵਿਚ ਪਈ ਤਾਂ ਹੋਰ ਭੈੜੇ ਸ਼ਬਦਾਂ ਦੀਆਂ ਆਵਾਜ਼ਾਂ ਪਰੇ ਨਸ ਗਈਆਂ ਅਤੇ (ਬਾਸ) ਜੇਹੜੀ (ਅਲਖ) ਵਾਹਿਗੁਰੂ ਦੀ ਨਾਸਕਾਂ ਵਿਚ ਵਾਸਨਾਂ ਹੈਨ ਓਹ ਹੋਰ ਭੈੜੀਆਂ ਵਾਸਨਾ ਤੋਂ ਖਾਲੀ ਰਹਿੰਦੀਆਂ ਹਨ ॥

ਭੈਸ ਨਜਨੀ ਹਰਤ ਬਾਜਨ ਰਹਤ ਰਾਗ

ਕਰ ਅਸ ਪਰਮ ਪ੍ਰਗਸਨ ਕਰਾਂ ਲੀਨ ਹੈ॥

ਗੁਰੂ (ਪ੍ਰਮਾਤਮਾਂ) ਦੇ ਨਾਮ ਦੇ ਸੁਆਦ ਵਿਚ ਲੀਨ ਰਹਿੰਦਾ ਹੈ ਅੰਤ [illegible] [illegible] ਤਮਾ ਕਰਾਂ [illegible] [illegible] ਚੰਗਾਈ ਹੈ ਅਤਿ (ਕਰ) ਹਥ ਗੁਰਾਂ ਦੇ ਚਰਨਾਂ ਨੂੰ ਲਾਕੇ ਹੋਰ ਪ੍ਰਾਪਤੀਆਂ ਜਿਤ ਕੇ (ਅਮ੍ਰਤ) ਅਨੁਭਵ ਕੀਤੇ ਹਨ।

ਰਹਨ ਗਵਨ ਭ੍ਰਮਿ ਗਾਵਨ ਹਦਨ ਭ੍ਰਮਿ

ਆਸ ਪਰਾਸ ਬਿਸਮ ਬਿਸ੍ਵਾਸ ਪ੍ਰਿਯ ਪ੍ਰੀਤਹੈ॥੨੧੯॥

ਐਦੀ ਗੁਰਕੇ (ਗੁਰ ਹਸਤੇ) ਸਤਸੰਗ ਵਿਚ ਮੁਹਿੰਦੇ ਇਕ ਲਈ ਹੋਰ (ਗੁਰਮੁਖਾਂ ਦੇ) ਪੈਰ ਹਸਤੇ ਦੇ ਚਲਨ ਵਲੋਂ ਭਰਦੇ ਹਨ ਅਤੇ ਪਰਾਏ ਗੁਰੂ ਜੀ ਇੱਛਾ ਦੀ ਤੇਹ ਲਗੀ ਹੋਈ ਹੈ ਇਸ ਲਈ ਪ੍ਰੀਤ ਨਾਲ ਅਚਰਜ ਭਰੋਸਾ ਕਰਦੇ ਹਨ ॥੨੧੯॥

ਉਪ੍ਰੋਕਤ ਗੁਰਮੁਖ ਕਿਹੜੇ ਦੇ ਬ੍ਰਹਮ ਗਿਆਨੀ ਬਣੇ ਹਨ ਜਿਨ੍ਹਾਂ ਦਾ ਵਰਨਨ ਹੈ

ਗੁਰਮੁਖ ਸਬਦ ਸੁਰਤਿ ਹੌਮੈ ਮਾਰਿ ਮਰੈ

ਜੀਵਨ ਮੁਕਤਿ ਜਗ ਜੀਵਨ ਕੈ ਜਾਨੀਐ।

ਸ਼ਿਰੋਮਣੀ ਗੁਰਾਂ ਦੇ ਸਬਦ ਵਿਚ ਪ੍ਰੀਤੀ ਕਰੀ ਅਤੇ ਹੰਗਤਾ ਨੂੰ ਮਾਰਕੇ ਜੀਵਤ ਭਾਵ ਤੋਂ ਮਰੇ ਹਨ (ਉਪ੍ਰੋਕਤ ਗੁਰਮੁਖ) ਜੀਵਨ ਮੁਕਤਿ ਹੋਕੇ ਵਾਹਿਗੁਰੂ ਦੇ ਜਾਣੇ ਜਾਂਦੇ ਹਨ

ਅੰਤਰਿ ਨਿਰੰਤਰਿ ਅੰਤਰ ਪਟ ਘਟ ਗਏ

ਅੰਤਰਜਾਮੀ ਅੰਤਰਾ ਗਤਿ ਉਨਮਾਨੀਐ॥

ਜੇਹੜੇ ਵਾਹਿਗੁਰੂ ਦੇ ਵਿਛੋੜੇ ਦੇ ਹਿਰਦੇ ਅੰਦਰ ਭੇਦ ਦੇ ਇਕ ਰਸ ਪੜਦੇ ਪਏ ਹੋਏ ਸਾ ਓਹ (ਪਟ ਗਏ) ਦੂਰ ਹੋ ਗਏ ਭਾਵ ਜਦ ਭਿੰਨ ਭੇਦ ਫਰਕ ਦੂਰ ਹੋ ਗਿਆ ਤਾਂ ਆਪਣੇ ਹਿਰਦੇ ਦੇ ਅੰਦਰ ਹੀ ਵਾਹਿਗੁਰੂ ਨੂੰ ਆਇਆ ਹੋਇਆ (ਉਪ੍ਰੋਕਤ ਗੁਰਮੁਖਾਂ ਨੇ) ਵਿਚਾਰ ਲਿਆ॥

ਬ੍ਰਹਮ ਮਈ ਹੈ ਮਾਯਾ ਮਾਯਾ ਮਈ ਹੈ ਬ੍ਰਹਮ

ਬ੍ਰਹਮ ਬਿਬੇਕ ਟੇਕ ਏਕੈ ਪਹਿਚਾਨੀਐ॥

(ਉਪ੍ਰੋਕਤ ਗੁਰਮੁਖ ਜਿਹੜੇ ਜਾਣਦੇ ਹਨ) ਕਿ ਵਾਹਿਗੁਰੂ ਦਾ ਰੂਪ

ਸੰਸਾਰ ਚੋਂ ਅਤੇ ਸੋਸਕ ਤੋਂ ਕੁਝ ਵਾਹਿਗੁਰੂ ਦੇ ਇਕੁਰੇ ਵਾਹਿਗੁਰੂ ਦੇ ਸਿਕਾਰ ਦੀ ਓਟ ਲੈਕੇ ਇਸੇ ਨੂੰ ਹੀ ਜਾਣਦੇ ਹਨ ॥

ਪਿੰਡ ਬ੍ਰਹਮੰਡ ਬ੍ਰਹਮੰਡ ਪਿੰਡ ਓਤਿ ਪੋਤਿ

ਜੋਤਿ ਮਿਲ ਜੋਤਿ ਗੋਤਿ ਬ੍ਰਹਮ ਗਿਆਨੀਆ॥੨੯੦

ਪਿੰਡ (ਸਰੀਰ) ਬ੍ਰਹਮੰਡ ਵਿਚ ਅਤੇ ਬ੍ਰਹਮੰਡ ਪਿੰਡ ਵਿਚ ਸੂਤ ਦੇ ਤਾਣੇ ਪੇਟੇ ਵਾਂਙੂ ਏਕ ਅਭੇਦਤਾ ਜਾਣਦੇ ਹਨ। ਜਾਂ ਜੀਵ ਬ੍ਰਹਮ ਦਾ ਤਾਣਾ ਪੇਟਾ ਹੋਇਆ ਹੁੰਦਾ ਹੈ ਜੀਵ ਹੀ ਜੀਵ ਤੇ ਵਾਹਿਗੁਰੂ ਇਕ ਜਾਣਦੇ ਹਨ ਜੋ ਇਕ ਨੀ ਉਪ੍ਰੰਤ ਗੁਰਮੁਖਾਂ ਦੀ ਅਕਾਲ ਪੁਰਖ ਦੀ ਜੋਤ ਨਾਲ ਜੋਤ ਮਿਲੀ ਹੋਈ ਹੁੰਦੀ ਹੈ ਏਹ ਸਾਰੀ ਬ੍ਰਹਮ ਗਿਆਨੀ ਦੀ (ਗੋਤ) (ਸੰਗਤ) ਜਾਤ ਹੈ। ਪੀਪਾ ਜੀ—ਜੋ ਬ੍ਰਹਮੰਡੇ ਸੋਈ ਪਿੰਡੇ ਜੋ ਖੋਜੈ ਸੋ ਪਾਵੈ ॥ ੨੯੦ ॥

ਗੁਰਾਂ ਦੀ ਚਰਨ ਸਰਨ ਦਾ ਮਹਾਤਮ

ਚਰਨ ਸਰਨ ਗੁਰ ਪਾਵਕ ਅਰਜ ਰਾਖੈ

ਨਿਹਚਲ ਚਿਤ ਸੁਖ ਸਹਜ ਨਿਵਾਸ ਹੈ।

ਜੇਹੜੇ (ਇੰਦ੍ਰੇ) ਪਹਿਲੇ ਵਿਸ਼ਿਆਂ ਰੂਪ (ਪਾਵਕ) ਚੱਲਦੇ ਸੀ ਉਹ ਗੁਰਾਂ ਦੇ ਚਰਨਾਂ ਦੀ ਸ਼ਰਨ ਆਕੇ (ਅਰਜ) ਵਰਜ ਰਖੇ (ਰੋਕੇ) ਤਾਂ ਫਿਰ ਚਿਤ ਨਿਸਚਿੰਤ ਹੋਕੇ ਅਟਲ ਸੁਖ (ਗਿਆਨ) ਵਿਚ ਨਿਵਾਸ ਕਰਦਾ ਹੈ ॥

ਫਿਰ ਕੀ ਫਲ ਮਿਲਿਆ

ਜੀਵਨ ਕੀ ਆਸਾ ਅਰੁ ਮਰਨ ਕੀ ਚਿੰਤਾ ਮਿਟੀ

ਜੀਵਨ ਮੁਕਤਿ ਗੁਰਮਤਿ ਕੈ ਪ੍ਰਗਾਸ ਹੈ ॥

ਬਹੁਤਾ ਜੀਉਣ ਦੀ ਆਸਾ ਅਤੇ ਮਰਨ ਦੀ ਚਿੰਤਾ ਦੂਰ ਹੋਗਈ ਤਾਂ ਜੀਉਂਦੇ ਹੀ ਮੁਕਤਿ ਹੋਇ (ਪਰ) ਜਦ ਪੂਰੇ ਗੁਰਾਂ ਦੀ ਸਿਖਿਆ ਦਾ ਪ੍ਰਕਾਸ਼ ਹੋਇਆ ਜਨਮ ਮਰਨ ਕੀ ਚਿੰਤਾ ਮਿਟੀ ਗੋਬਿੰਦ ਲਿਵ ਲਾਗੀ ॥

ਆਪਾ ਖੋਇ ਹੋਨਹਾਰ ਹੋਇ ਸੋਈ ਭਲੋ ਮਾਨੈ

ਸੇਵਾ ਸਰਬਾਤਮ ਕੈ ਦਾਸਨ ਕੈ ਦਾਸ ਹੈ।

ਹੰਕਾਰ ਨੂੰ ਦੂਰ ਕਰਕੇ ਜੋ ਕੁਝ ਵਾਹਿਗੁਰੂ ਦਾ ਭਾਣਾ ਹੋਣਾ ਹੈ ਤਿਸਨੂੰ ਹੀ (ਗੁਰਮੁਖ) ਭਲਾ ਮੰਨਦੇ ਹਨ ਅਤੇ (ਸਰਬਾਤਮ) ਸਾਰਿਆਂ ਦਾ ਆਤਮ ਰਿਆ ਵਾਹਿਗੁਰੂ ਤਿਸ ਦੀ ਸੇਵਾ ਕਰਕੇ ਦਾਸਾਂ ਦੇ ਦਾਸ ਹੋਏ ਹਨ ॥

ਸ੍ਰੀ ਗੁਰ ਦਰਸ ਸਬਦ ਬ੍ਰਹਮ ਗ੍ਯਾਨ ਧ੍ਯਾਨ
ਪੂਰਨ ਸਰਬ ਮਈ ਬ੍ਰਹਮ ਬਿਸ੍ਵਾਸ ਹੈ॥੨੯੧॥

ਸੁਭਾਇਮਾਨ ਗੁਰਾਂ ਦਾ ਦਰਸ਼ਨ ਕਰਨ ਨਾਲ ਜੋ ਵਾਹਿਗੁਰੂ ਸਾਰੇ ਜੀਵਾਂ ਦਾ ਰੂਪ ਹੋ ਰਿਹਾ ਹੈ ਉਸ ਦਾ ਧ੍ਯਾਨ ਹੋਇਆ ਅਤੇ ਗੁਰਾਂ ਦੇ ਉਪਦੇਸ਼ ਸੁਣਕੇ ਵਿਚ (ਵਿਸ੍ਵਾਸ) ਭਰੋਸਾ ਕਰਨ ਨਾਲ ਵਾਹਿਗੁਰੂ ਦਾ ਗ੍ਯਾਨ ਹੋਇਆ ॥ ੨੯੧ ॥

ਉਪ੍ਰੋਕਤ ਗੁਰਮੁਖ ਕਾਮਨਾਂ ਤੋਂ ਨਿਸਕਾਮ ਹੋਕੇ ਅਤੇ ਸਤਸੰਗ ਵਿਚ ਜਾਕੇ ਇਸ ਸੰਸਾਰ ਵਿਚ ਵਾਹਿਗੁਰੂ ਨੂੰ ਸੱਚਾ ਫੈਲਿਆ ਹੋਯਾ ਜਾਣਦੇ ਹਨ ।

ਗੁਰਮੁਖ ਸੁਖ ਫਲ ਕਾਮ ਨਿਹਕਾਮ ਕੀਨੇ
ਗੁਰਮੁਖ ਉਦਮ ਨਿਰੁੱਦਮ ਉਕੱਤਿ ਹੈ ॥

ਗੁਰਮੁਖਾਂ ਨੇ ਗ੍ਯਾਨ ਵਾਸਤੇ ਨਿਸਕਾਮ ਕੰਮ ਕੀਤੇ ਸਾਰੇ ਉਦਮ ਕਰਨ ਤੋਂ ਬਿਨਾ ਉਦਮ ਦੇ ਹੋਏ ਅਤੇ ਮੁੱਖੋਂ ਮਾੜੀ ਬਾਣੀ ਨਹੀਂ ਉਚਾਰਦੇ ਹਨ ॥

ਗੁਰਮੁਖ ਮਾਰਗ ਹ੍ਵੈ ਦੁਬਿਧਾ ਭਰਮ ਖੋਇ
ਚਰਨ ਸਰਨ ਗਹੇ ਨਿਹਚਲ ਮੱਤਿ ਹੈ ॥

(ਗੁਰ ਸਿਖਾਂ ਨੇ) ਗੁਰਮੁਖਾਂ ਦੇ ਰਸਤੇ (ਸਤਿਸੰਗ) ਵਿਚ ਜਾਕੇ ਦ੍ਵੈਤ ਭਾਉ ਤੇ ਭ੍ਰਮ ਨੂੰ ਦੂਰ ਕੀਤਾ ਅਤੇ ਜਦ ਗੁਰਾਂ ਦੇ ਚਰਨਾਂ ਦੀ ਸ਼ਰਨ ਪਕੜੀ ਤਾਂ ਮਤਿ ਇਸਥਿਤ ਹੋਗਈ ॥

ਦਰਸਨ ਪਰਸਤ ਆਸਾ ਮਨਸਾ ਥਕਤ
ਸਬਦ ਸੁਰਤਿ ਗ੍ਯਾਨ ਪ੍ਰਾਨ ਪ੍ਰਾਨ ਪਤਿ ਹੈ।

ਫਿਰ ਜਦ ਗੁਰਾਂ ਦਾ ਦਰਸ਼ਨ (ਪਰਸਿਆ) ਕੀਤਾ ਤਾਂ ਆਸਾ (ਮਨਸਾ) ਬੁਧੀ ਦੀਆਂ ਵਾਸਨਾ ਥਕ ਗਈਆਂ ਅਤੇ ਗੁਰਾਂ ਦੇ ਸ਼ਬਦ ਵਿਚ ਚੰਗੀ ਪ੍ਰੀਤੀ ਕੀਤੀ ਤਾਂ (ਪ੍ਰਾਨ ਪਤਿ) ਵਾਹਿਗੁਰੂ ਦਾ ਪ੍ਰਾਨਾਂ ਵਿਚ ਗ੍ਯਾਨ ਹੋਇਆ ।

ਰਚਨਾ ਚਰਿੱਤ੍ਰ ਚਿਤ੍ਰ ਬਿਸਮ ਬਚਿੱਤ੍ਰਪਨ
ਚਿੱਤ੍ਰ ਮੈ ਚਿਤੇਰਾ ਕੈ ਬਸੇਰਾ ਸਤਿ ਸਤਿ ਹੈ॥੨੯੨

ਸੰਸਾਰ ਰੂਪੀ ਰਚਨਾਂ ਦੀ ਬਨਾਵਟ ਬਹੁਤ ਤਰਾਂ ਦੀ ਸੁੰਦਰ ਅਤੇ ਅਸਚਰਜ ਹੈ ਜੀਕੂੰ ਚਿਤ੍ਰਕਾਰੀ ਵਿਚ ਚਿਤ੍ਰਨ ਵਾਲੇ ਦਾ ਧਿਆਨ ਹੁੰਦਾ ਹੈ ਇਕੂੰ ਹੀ ਇਸ ਸੰਸਾਰ ਦੀ ਚਿਤ੍ਰਕਾਰੀ ਵਿਚ ਵਾਹਿਗੁਰੂ ਦਾ ਵਾਸ ਹੈ ਅਤੇ ਵਾਹਿਗੁਰੂ ਸੱਚਾ

ਹੈ ਅਤੇ ਸੰਸਾਰ ਦੀ ਸੇਵਾ ਤੋਂ ਜਿੰਦਾ॥

ਗੁਰਾਂ ਦੀ ਕਿਰਪਾ ਦ੍ਰਿਸ਼ਟੀ ਦਾ ਪ੍ਰਤਾਪ ਵਰਨਨ ਕਰਦੇ ਹਨ

ਸ੍ਰੀ ਗੁਰ ਸਬਦ ਸੁਨ ਸ੍ਰਵਨ ਕਪਾਟ ਖੁਲ੍ਹੇ
ਨਾਦੈ ਮਿਲ ਨਾਦ ਅਨਹਦ ਲਿਵ ਲਾਈ ਹੈ।

(ਸ੍ਰਵਨ) ਕੰਨ (ਕਪਾਟ) ਤਖਤੇ (ਨਾਦ) ਅਵਾਜ਼ ਸੁਖਾਇਆਨ। ਗੁਰਾਂ ਦੇ ਸ਼ਬਦ ਨੂੰ ਕੰਨਾਂ ਨਾਲ ਸੁਣਿਆਂ ਤਾਂ ਜੰਦਰਾ ਰੂਪੀ ਤਖ਼ਤੇ ਖੁਲ੍ਹ ਗਏ। ਅਤੇ ਗੁਰਾਂ ਦੇ ਸ਼ਬਦ ਦੀ ਅਵਾਜ਼ ਨਾਲ ਆਪਣੀ ਅਵਾਜ਼ ਨੂੰ ਮਿਲਾਇਆ ਤਾਂ ਇਕ ਰਸ ਬ੍ਰਿਤੀ ਵਾਹਿਗੁਰੂ ਵਿਚ ਲਗ ਗਈ॥

ਗਾਵਤ ਸਬਦ ਰਸ ਰਸਨਾ ਰਸਾਇਨ ਕੈ
ਨਿਝਰ ਅਪਾਰ ਧਾਰ ਭਾਠੀ ਕੈ ਚੁਆਈ ਹੈ।

ਜਿਹੜਾ ਸਿਖ ਰਸਨਾਂ ਜੋ (ਰਸਾਇਨ) ਰਸਾਂ ਦਾ ਘਰ ਹੈਗੀ ਹੈ ਇਸ ਕਰਕੇ ਪ੍ਰੇਮ ਨਾਲ ਗੁਰਾਂ ਦੇ ਸ਼ਬਦ ਨੂੰ ਗਾਉਂਦਾ ਹੈ ਉਸਨੂੰ ਇਕ ਰਸ ਵਾਹਿਗੁਰੂ ਦੇ ਅਨੰਦ ਦੀ ਚਾਹਣੀ ਸਾਰੀ ਧਾਰਾ (ਭਾਠੀ) ਭਠੀ (ਚੁਈ) ਵਿਚ ਚੋ ਆਉਂਦੀ ਹੈ ਭਾਵ ਓਦੀ ਅਕਲ ਬੜੀ ਤੇਜ਼ ਹੁੰਦੀ ਹੈ॥

ਹਿਰਦੈ ਨਿਵਾਸ ਗੁਰ ਸਬਦ ਨਿਧਾਨ ਗਿਆਨ
ਧਾਵਤ ਬਰਜ ਉਨਮਨ ਸੁਧ ਪਾਈ ਹੈ।

ਗੁਰਸ਼ਬਦ ਦੇ ਗਿਆਨ ਖਜ਼ਾਨੇ ਨੂੰ ਹਿਰਦੇ ਵਿਚ ਟਿਕਾਣਾ ਦਿਤਾ ਤਦ ਦੌੜਦੇ ਮਨ ਨੂੰ ਰੋਕ ਕੇ ਤੁਰੀਆ ਪਦ (ਵਾਹਿਗੁਰੂ ਦੇ ਅਨੰਦ) ਦੀ ਖ਼ਬਰ ਪਾ ਲਈ॥

ਸਬਦ ਅਵੇਸ ਪਰਮਾਰਥ ਪ੍ਰਵੇਸ ਦ੍ਵਾਰ
ਦਿਬ ਦੇਹ ਦਿਬ ਜੋਤਿ ਪ੍ਰਗਟ ਦਿਖਾਈ ਹੈ॥੨੮੩

ਗੁਰਸਬਦ ਵਿਚ ਮਨ ਨੂੰ (ਇਸਥਿਤ) ਲਾਕੇ ਵਾਹਿਗੁਰੂ ਦੇ ਅਨੰਦ ਵਿਚ ਪ੍ਰਵੇਸ਼ ਕਰਨ ਦੀ ਦਲੀਲ ਧਾਰੀ ਤਾਂ ਫਿਰ ਇਸ ਮਨੁਖਾ ਦੇਹ ਸੋਹਣੀ ਜਿਹੀ ਵਿਚ ਹੀ ਪ੍ਰਕਾਸ਼ ਰੂਪ ਵਾਹਿਗੁਰੂ ਨੇ ਪ੍ਰਗਟ ਹੀ ਦਿਖਾਈ ਦਿਤੀ ਅਥਵਾ ਆਪਣੀ ਹਵੀ ਜੋਤ ਵਿਖਾ ਦਿਤੀ ॥ ੨੮੩ ॥

ਉਪ੍ਰੋਕਤ ਗੁਰਮੁਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਅਭਿਅੰਤ ਹੀ

ਅਦੁੱਤ ਜਾਣਾ ਹੈ ॥

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਅਤਿ
ਪ੍ਰੇਮ ਕੈ ਪਰਸ ਪਰ ਪੂਰਨ ਪ੍ਰਗਾਸ ਹੈ॥

ਗੁਰਾਂ ਦੇ ਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਬਹੁਤ ਹੀ ਵੱਡਾ ਹੈ ਕਿਉਂਕਿ ਆਪੋ ਵਿਚ ਦੀ ਪ੍ਰੇਮ ਕਰਕੇ ਵਾਹਿਗੁਰੂ ਦਾ ਪ੍ਰਕਾਸ਼ (ਹੋਰਨਾਂ ਨੂੰ ਵੀ ਤੇ ਆਪਨੂੰ ਵੀ) ਕਰਦੇ ਹਨ ॥

ਦਰਸ ਅਨੂਪ ਰੂਪ ਰੰਗ ਅੰਗ ਅੰਗ ਛਬਿ
ਹੇਰਤ ਹਿਰਾਨੇ ਦ੍ਰਿਗ ਬਿਸਮ ਬਿਸ੍ਰਾਸ ਹੈ ।

ਗੁਰਾਂ ਦਾ ਦਰਸ਼ਨ ਬਹੁਤ ਹੀ ਸੁੰਦਰ ਹੈ ਜਿਸਦੀ ਕੋਈ ਉਪਮਾ ਨਹੀਂ ਅਤੇ ਸਰੀਰ ਦੇ ਅੰਗਾਂ ਦੀ ਵੀ ਬਹੁਤ ਹੀ ਸੋਭਾ ਹੈ ਉਸਨੂੰ ਨੇਤ੍ਰਾਂ ਨਾਲ ਆਪ ਵੇਖਦੇ ਹਨ ਅਤੇ ਹੋਰਨਾਂ ਨੂੰ ਵਿਖਾਉਂਦੇ ਹਨ ਅਤੇ ਅਸਚਰਜ ਭਰੋਸੇ ਵਾਲੇ ਬਣੇ ਰਹਿੰਦੇ ਹਨ ॥

ਸਬਦ ਨਿਧਾਨ ਅਨਹਦ ਰੁਨ ਝੁਨ ਧੁਨਿ
ਸੁਨਤ ਸੁਰਤਿ ਅਤਿ ਹਰਨ ਅਭਯਾਸ ਹੈ ।

ਗੁਰਾਂ ਦੇ ਖਜ਼ਾਨੇ ਗੁਰਾਂ ਦੇ ਸ਼ਬਦ ਦੀ ਇਕ ਰਸ (ਰੁਨ ਝੁਨ) ਧੁਨੀ ਨੂੰ ਇਕਾਗ੍ਰ ਬ੍ਰਿਤੀ ਲਾਕੇ ਸੁਣਦੇ ਹਨ ਅਤੇ ਖੋਟੀ (ਮਤ) ਸਿਖਿਆ (ਦਾ ਅਕਲ) ਦੇ (ਹਰਨ) ਨਾਸ ਕਰਨ ਦਾ ਜਤਨ ਕਰਦੇ ਹਨ ॥

ਦ੍ਰਿਸ਼ਟਿ ਦਰਸ ਅਰੁ ਸਬਦ ਸੁਰਤਿ ਮਿਲ
ਪਰਮਦ ਭੂਤ ਗਤਿ ਪੂਰਨ ਬਿਲਾਸ ਹੈ ॥ ੨੬੪॥

ਜਿੱਕੁਰ ਉਪਰ ਕਥਨ ਕੀਤਾ ਹੈ ਇੱਕੁਰ ਗੁਰਮੁਖਾਂ ਦੀ ਦ੍ਰਿਸ਼ਟੀ ਗੁਰਾਂ ਦੇ ਦਰਸ਼ਨ ਵਿਚ ਅਤੇ (ਸੁਰਤਿ) ਬ੍ਰਿਤੀ ਸ਼ਬਦ ਵਿਚ ਮਿਲੀ ਤਦ ਬਹੁਤ ਹੀ ਅਸਚਰਜ ਪੂਰਨ ਅਨੰਦ (ਬਿਲਾਸ) ਦੀ (ਗਤਿ) ਪ੍ਰਾਪਤੀ ਵਾਲੇ ਹੋਏ ॥ ੨੬੪ ॥

ਉਪ੍ਰੋਕਤਿ ਮਿਲਾਪ ਦੇ ਪ੍ਰਤਾਪ ਬਰਾਬਰ ਮੁਹਰਲਾ ਕੋਈ ਵੀ ਪਦਾਰਥ ਨਹੀਂ ਹੈ ॥

ਗੁਰਮੁਖਿ ਸੰਗਤਿ ਮਿਲਾਪ ਕੋ ਪ੍ਰਤਾਪ ਅਤਿ
ਪੂਰਨ ਪ੍ਰਗਾਸ ਪ੍ਰੇਮ (ਨੇਮ) ਕੈ ਪਰਸਪਰ ਹੈ ।

ਗੁਰਮੁਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਬਹੁਤ ਹੀ ਵੱਡਾ ਹੈ ਕਿਉਂਕਿ ਆਪ ਵਿਚ ਦੀ ਬਹੁਤ ਪ੍ਰੇਮ ਕਰਦੇ ਹਨ ਇਸ ਲਈ ਉਨ੍ਹਾਂ ਨੂੰ ਪੂਰਨ ਵਾਹਿਗੁਰੂ ਦਾ ਪ੍ਰਕਾਸ਼ ਹੋਇਆ ਹੈ ॥

ਚਰਨ ਕਮਲ ਰਜ ਬਾਸਨਾ ਸੁਬਾਸ ਰਸ
ਸੀਤਲਤਾ ਕੋਮਲਤਾ ਪੂਜਾ ਕੋਟਾਨ ਨਾਹਿ ਸਮਸਰ ਹੈ।

ਗੁਰਾਂ ਦੇ ਚਰਨਾਂ ਕਮਲਾਂ ਦੀ ਜੋ (ਰਜ) ਧੂੜੀ ਅਤੇ ਵਾਸ਼ਨਾ (ਭਗਤੀ) ਹੈ ਉਸ ਚੰਗੀ ਭਗਤੀ ਦੇ (ਰਸ) ਅਨੰਦ ਬਰਾਬਰ ਕ੍ਰੋੜਾਂ ਹੀ ਸੀਤਲਤਾਈਆਂ ਅਤੇ ਕੋਮਲਤਾਈਆਂ ਦੀ ਪੂਜਾ ਨਹੀਂ ਹੋ ਸਕਦੀ ॥

ਰੂਪ ਕੈ ਅਨੂਪ ਰੂਪ ਅਤਿ ਅਸਚਰਜ ਮੈ
ਨਾਦ ਬਿਸਮਾਦ ਰਾਗ ਰਾਗਨੀ ਨ ਪਟੰਤਰ ਹੈ।

ਸੁੰਦਰ ਰੂਪ ਕਰਕੇ ਜੋ ਉਪਮਾ ਤੋਂ ਰਹਿਤ ਰੂਪ ਵਾਲਾ ਵਾਹਿਗੁਰੂ ਹੈ ਅਤਿ ਅੰਤ ਹੀ ਅਸਚਰਜ ਸਰੂਪ ਭਾਵ ਅਜਿਹੇ ਵਾਹਿਗੁਰੂ ਦਾ ਰੂਪ ਜੋ ਗੁਰਮੁਖ ਹਨ ਤਿਨਾਂ ਦੇ (ਨਾਦ) ਸ਼ਬਦ ਦੇ ਅਵਾਜ਼ ਦੇ ਅਨੰਦ ਅਸਚਰਜ (ਪਟੰਤਰ) ਬਰਾਬਰ ਰਾਗ ਰਾਗਨੀਆਂ ਵੀ ਨਹੀਂ ਹਨ ॥

ਨਿਝਰ ਅਪਾਰ ਧਾਰ ਅੰਮ੍ਰਿਤ ਨਿਧਾਨ ਪਾਨ
ਪਰਮਦ ਭੁਤ ਗਤਿ ਆਨ ਨਾਹੀ ਸਮਸਰ ਹੈ॥੨੯੫॥

ਵਾਹਿਗੁਰੂ ਦੇ ਨਾਮ ਅੰਮ੍ਰਿਤ ਦੇ (ਨਿਧਾਨ) ਖਜ਼ਾਨੇ ਦੀ ਜੋ ਬਹੁਤ ਹੀ ਇਕ ਰਸ ਧਾਰਾਂ ਵਗਦੀ ਹੈ ਉਸਨੂੰ (ਗੁਰਮੁਖ ਜਪਦੇ) (ਪਾਨ) ਪੀਂਦੇ ਹਨ ਅਤੇ ਅਸਚਰਜ (ਗਤਿ) ਰੀਤੀ ਵਾਲੇ ਹੋਏ ਹਨ ਕਿਉਂਕਿ ਉਨ੍ਹਾਂ ਦੇ (ਸਮਸਰਿ) ਬਰਾਬਰ ਉਪਮਾ ਦੇਣ ਨੂੰ (ਆਨ) ਹੋਰ ਕੋਈ ਨਹੀਂ ਹੈ ॥ ੨੯੫ ॥

ਜੀਕਰ ਪਾਣੀ ਠੰਢਾ ਅਤੇ ਨਿਰਮਲ ਹੈ ਅਤੇ ਅੱਗ ਤਪਤੀ ਤੇ ਮੈਲ ਭਰਨ ਕਰਨ ਵਾਲੀ ਹੈ ਈਕੁਰ ਹੀ ਅਸਾਧ ਤੇ ਸਾਧ ਹਨ ਭਾਵ ਉਪੋਕਤ ਗੁਰਮੁਖਾਂ ਦੀ ਰੀਸ ਮਨਮੁਖ ਨਹੀਂ ਕਰ ਸਕਦੇ ॥

ਨਵਨ ਗਵਨ ਜਲ ਸੀਤਲ ਅਮਲ ਜੈਸੇ
ਅਗਨਿ ਉਰਧ ਮੁਖ ਤਪਤ ਮਲੀਨ ਹੈ।

ਜੀਕਰ ਪਾਣੀ ਨੀਵੀਂ ਜਗ੍ਹਾ ਨੂੰ ਜਾਣ ਕਰਕੇ ਠੰਢਾ ਅਤੇ ਪਵਿਤ੍ਰ ਹੁੰਦਾ ਹੈ ਅਤੇ ਅੱਗ ਉੱਚਾ ਮੂੰਹ ਕਰਕੇ ਬਲਨ ਵਾਲੀ ਹੋਕੇ ਤਤੀ ਅਤੇ ਮੈਲੀ ਹੁੰਦੀ ਹੈ। ਮਿਊ ਪਾਣੀ ਨਿਵ ਚੱਲਦਾ ਨੀਵਾਂ ਚਲਾਇਆ ॥ (ਵਾਰ ੯ ਪੌੜੀ ੧੦) ॥

ਅਤੇ ਵ ਤੱਤੀ ਜਲ ਸੀਅਲਾ ਫਿਰ ਅਵਗੁਨ ਕਿਤ ਗੁਣ ਵੀਚਾਰਾ ॥
(ਵਾਰ ੬ ਪੌੜੀ ੫ ਵੀ ਸਾਰੀ ਵੇਖੋ)

ਬਰਨ ਬਰਨ ਮਿਲ ਸਲਿਲ ਬਰਨ ਜੈਸੇ

ਸ੍ਯਾਮ ਅਗਨਿ ਸੂਖ ਬਰਨ ਛਬਿ ਛੀਨ ਹੈ।

(ਸਲਿਲ) ਪਾਣੀ । ਰੰਗ ਰੰਗ ਵਿਚ ਮਿਲਕੇ ਪਾਣੀ ਜੇਹੇ ਰੰਗ ਹੋਂਦਾ ਹੈ (ਜੀਕਰ ਦਾ ਅਗੇ ਕਿਸੇ ਰੰਗਦਾ ਰੰਗ ਹੁੰਦਾ ਹੈ ਉਸੇ ਕਰ ਦਾ ਹੀ ਪਾਣੀ ਬਣ ਜਾਂਦਾ ਹੈ ਜੇਹਾ ਕੁ ਲਾਲ ਵਿਚ ਪਾਈਏ ਤਾਂ ਲਾਲ ਕਾਲੇ ਵਿਚ ਪਾਈਏ ਤਾਂ ਕਾਲਾ ਹੁੰਦਾ ਹੈ) ॥

ਵਾਰ ੯ ਪੌੜੀ ੨੦ — ਸਭਨਾਂ ਰੰਗਾਂ ਵਿਚ ਮਿਲੈ ਰਲ ਜਾਇ ਰਲਾਇਆ ।
ਪਰਉਪਕਾਰ ਕਮਾਂਵਦਾ ਉਨ ਆਪ ਗਵਾਇਆ ॥

ਵਾਰ ੬ ਪੌੜੀ ੫ ਸਾਰੀ ਵੇਖੋ ॥ ਅੱਗੀ ਧੂਆਂ ਧਉਲਹਰ ਜਲ ਨਿਰਮਲ ਗੁਰ ਗਿਆਨ ਸੁਚਾਰਾ ।
ਅਤੇ ਅਗਨੀ ਸਾਰਿਆਂ ਰੰਗਾਂ ਦੀ ਸੋਭਾ ਨੂੰ ਨਾਸ ਕਰਕੇ ਕਾਲਿਮਾ ਕਰਦੀ ਹੈ ॥

(ਜਲ) ਪ੍ਰਤਿਬਿੰਬ ਪਾਲਕ ਪ੍ਰਫੁਲਤ ਬਨਾਸਪਤੀ

ਅਗਨਿ ਪਰ ਦਗਧ ਕਰਤ ਸੁਖ ਚੀਨ ਹੈ।

ਪਾਣੀ ਦਾ ਛਾਇਆ ਬੂਟਿਆਂ ਨੂੰ ਪਾਲਨ ਵਾਲਾ ਤੇ ਖਿੜਾਉਣ ਵਾਲਾ ਹੁੰਦਾ ਹੈ ਅਤੇ ਅਗ ਸਾਰਿਆਂ ਬੂਟਿਆਂ ਨੂੰ ਚੰਗੀ ਤਰਾਂ ਸਾੜਕੇ ਸੁਖਾਂ ਤੇ ਖਿਨਾਂ ਕਰਨ ਵਾਲੀ ਹੈ (ਵਾਰ ੨੬ ਪੌੜੀ ੯) (ਅਗ ਤੱਤੀ ਜਲ ਸੀਅਲਾ ਕਿਤ ਰੰਗ ਸਿਰ ਕਰੇ ਉਤਾਹਾ) ॥

ਤੈਸੇ ਹੀ ਅਸਾਧ ਸਾਧ ਸੰਗਮ ਸੁਭਾਵ ਗਤਿ

ਗੁਰਮਤਿ ਦੁਰਮਤਿ ਸੁਖ ਦੁਖ ਹੀਨ ਹੈ ॥੨੯੬॥

ਮਾੜਿਆਂ ਸਾਧੂਆਂ ਦਾ ਸੰਗ ਕਰਨ ਨਾਲ ਖੋਟੀ ਸਿਖਿਆ ਤੇ ਦੁਖ, ਈਰਖਾ ਦੇ ਸੁਭਾਵ ਨੂੰ ਪ੍ਰਾਪਤ ਹੋਈਦਾ ਹੈ ਤੇ ਸੁਖ ਤੋਂ ਹੀਨ ਹੋਈਦਾ ਹੈ ਤੇ ਸਾਧੂਆਂ ਦਾ ਸੰਗ ਕਰਨ ਨਾਲ ਚੰਗੀ ਸਿਖਿਆਂ ਤੇ ਸੁਖ, ਈਸ਼੍ਵਰ ਦੇ ਸੁਭਾਵ ਨੂੰ ਪ੍ਰਾਪਤ ਹੋਈ ਦਾ ਹੈ ਤੇ ਦੁਖ ਤੇ ਹੀਨ ਹੋਈਦਾ ਹੈ ॥ ੨੯੬ ॥

ਉਪ੍ਰੋਕਤ ਗੁਰਮੁਖਾਂ ਮਨਮੁਖਾਂ ਦੇ ਗੁਨ ਔਗੁਨ ਵਰਨਨ ਕਰਦੇ ਹੋਏ, ਅਥਵਾ ਲਖਸ਼ਣ ਹੈਨ ॥

ਕਾਮ, ਕ੍ਰੋਧ, ਲੋਭ, ਮੋਹ, ਅਹੰਮੇਵ ਕੈ ਅਸਾਧ

ਸਾਧ ਸਤ ਧਰਮ ਅਰਥ ਸੰਤੋਖ ਕੈ ॥

ਕਾਮ, ਕ੍ਰੋਧ, ਲੋਭ, ਮੋਹ, (ਅਹੰਮੇਵ) ਹੰਕਾਰ ਕਰਕੇ ਅਸਾਧ ਹੁੰਦੇ ਹਨ ਤਾਂ ਜੇਹੜੇ ਇਨ੍ਹਾਂ ਨੂੰ ਧਾਰਨ ਨ ਕਰਨ ਸਾਧੂ ਹਨ ਅਤੇ ਸਾਧੂ ਸਤ ਸੰਤੋਖ, ਦਯਾ, ਧਰਮ ਅਰਥ ਦੇ ਪ੍ਰਯੋਜਨ ਨੂੰ ਧਾਰਨਾ ਕਰਦੇ ਹਨ ॥

ਭਾਵ—ਗੁਰਮੁਖ ਇਨ੍ਹਾਂ ਗੁਣਾਂ ਵਾਲੇ ਹਨ ਅਤੇ ਏਹ ਇਨ੍ਹਾਂ ਵਿਚ ਲਖਾਇਕ ਹਨ ॥

ਗੁਰਮਤਿ ਸਾਧ ਸੰਗ ਭਾਵਨੀ ਭਗਤਿ ਭਾਇ
ਦੁਰਮਤਿ ਕੈ ਅਸਾਧ ਸੰਗ ਦੁਖ ਦੋਖ ਕੈ ।

ਸੰਤ ਗੁਰਾਂ ਦੀ ਸਿਖਿਆ ਨਾਲ (ਭਾਵਨੀ) ਸਰਧਾ ਅਤੇ (ਭਗਤਿ ਭਾਇ) ਪ੍ਰੇਮਾ ਭਗਤੀ ਨੂੰ ਧਾਰਨ ਕਰਦੇ ਹਨ (ਏਹ ਉਨ੍ਹਾਂ ਵਿਚ ਲੱਛਣ ਹਨ) ਅਤੇ ਮਾੜੇ ਮਤ ਖੋਟੀ ਸਿਖਿਆ ਕਰਕੇ ਦੁਖਾਂ ਦੇ ਸੰਗੀ ਹੋਕੇ ਹੋਰਨਾਂ ਵਿਚ ਭੀ (ਦੋਖ) ਦੂਸ਼ਨ ਆਰੋਪਨ ਕਰਦੇ ਹਨ ਵਾ ਉਨ੍ਹਾਂ ਨੂੰ ਦੁਖ ਲਗੇ ਰਹਿੰਦੇ ਹਨ, ਏਹ ਮਾੜੇ ਸਾਧੂਆਂ ਦੇ ਲਖਸ਼ਣ ਹਨ ॥

ਜਨਮ ਮਰਨ ਗੁਰ ਚਰਨ ਸਰਨ ਬਿਨ
ਮੋਖ ਪਦ ਚਰਨ ਕਮਲ ਚਿਤ ਚੋਖ ਕੈ ।

ਮਾੜੇ ਸਾਧੂਆਂ ਨੂੰ ਗੁਰਾਂ ਦੀ ਚਰਨ ਸਰਨ ਤੋਂ ਬਿਨਾ ਜਨਮ ਮਰਨ ਦਾ ਦੁਖ ਹੁੰਦਾ ਹੈ ਅਤੇ ਸਾਧੂਆਂ ਨੂੰ ਗੁਰਾਂ ਦੇ ਚਰਨਾਂ ਕਮਲਾਂ ਵਿਚ ਚਿਤ (ਚੋਖ) ਲਾਉਣੇ ਕਰਕੇ ਮੋਖ ਪਦਵੀ ਪ੍ਰਾਪਤ ਹੁੰਦੀ ਹੈ ॥

ਗਿਆਨ ਅੰਸ ਹੰਸਗਤਿ ਗੁਰਮੁਖ ਬੰਸ ਬਿਖੈ
ਦੁਕ੍ਰਿਤ ਸੁਕ੍ਰਿਤ ਖੀਰ ਨੀਰ ਸੋਖ ਪੋਖ ਕੈ॥੨੬੭॥

ਗੁਰਮੁਖਾਂ ਦੀ ਸੰਤਾਨ ਵਿਚ ਤਾਂ ਹੰਸ ਵਾਕੁਰ ਮੋਤੀ ਚੁਣ ਗਿਆਨ ਅੰਸ ਲੈਣ ਦੀ ਮਰਯਾਦਾ ਹੈ ॥ ਭਾਵ—ਜੀਕੁਰ ਹੰਸ ਪਾਣੀ ਤੋਂ ਦੁਧ ਨੂੰ ਵਖਰਾ ਕਰ ਲੈਂਦੇ ਹਨ ਤੀਕੁਰ ਹੀ ਗੁਰਮੁਖਾਂ ਦੀ ਬੰਸ ਪਾਪਾਂ ਨੂੰ ਦੂਰ ਕਰਕੇ ਪੁੰਨਾਂ ਦੀ ਪਾਲਨਾ ਕਰਦੀ ਹੈ ॥੨੬੭॥

ਉਪ੍ਰੋਕਤਿ ਗੁਰਮੁਖਾਂ ਦੀ ਨਿਮ੍ਰਤਾ ਵਰਨਨ ਕਰਦੇ ਹਨ ॥

(ਹਾਰ ਮਾਲੀ) ਬਗਲੋ ਮਿਟਤ ਹੰਸ ਮਾਰੇ ਸੈਂ ਰਸਾਇਨ ਹ੍ਵੈ
ਪੈਰ ਭਾਰੇ ਛਾਡਤ ਨ ਭੇਡ ਜਥਾ ਸਾਰਥੀ ਹੈ ।

ਜੋ ਪੂਰਨ ਵਾਰ ਮੀਂਹ ਆਵੇ ਤਾਂ ਜਲ ਦਾ ਪੂਰ ਹੋ ਜਾਂਦਾ ਹੈ ਅਤੇ ਜੇਹਾ ਅਗਨ ਨਾਲ (ਟਸਾਇਨ) ਰਸਾਂ ਦੇ ਪਰ ਕਿਆ ਮੇਲ ਹੁੰਦਾ ਹੈ, ਅਤੇ ਅਧੂਰਾ ਵਾਲੀ (ਪੇਟ) ਪੰਡ ਸੁਟ ਦਈਏ ਤਾਂ (ਰਾਖੇ) ਮਜ਼ੂਲੀਏ ਦਾ (ਕੋਈ) ਮਹੂਲ ਨਹੀਂ ਲਗਾਂਦਾ ਇਸ ਗਲ ਨੂੰ ਪ੍ਰਗਟ ਹੀ ਜਗਤ ਜਾਣਦਾ ਹੈ ॥

ਹਉਮੈ ਅਭਿਮਾਨ ਅਸਥਾਨ ਊਚੇ ਨਾਹਿ ਜਲ
ਨਿੰਮਤ ਨਵਨ ਥਲ ਜਲ ਪਹਿਚਾਨੀਐ।

ਹੰਕਾਰਾ ਹੰਕਾਰ ਕਰਨ ਵਾਲੇ ਉਚੇ ਥਾਂ ਵਾਕੁਰ ਹਨ। ਉਚੇ ਥਾਂ ਪਾਣੀ ਨਹੀਂ ਖੜੋਂਦਾ। ਅਤੇ ਨੀਵੀਂ ਜਗ੍ਹਾ ਦੇ ਥਲ ਵਿਚ ਪਾਣੀ ਆ ਜਾਂਦਾ ਜਾਣੀਦਾ ਹੈ।

ਅੰਗ ਸਰਬੰਗ ਛਾਡ ਰਹਤ ਹੈ ਚਰਨ
ਤਾਂਤੇ ਚਰਨਾਮ੍ਰਿਤ ਚਰਨ ਰੇਨ ਮਾਨੀਐ।

ਜਿਵੇਂ ਕੁ ਸਰੀਰ ਦੇ ਸਾਰੇ ਅੰਗਾਂ ਵਿਚੋਂ ਇਕ ਚਰਨ ਅੰਗ ਨੀਵੇਂ ਰਹਿੰਦੇ ਹਨ ਇਸ ਵਾਸਤੇ ਚਰਨਾਂ ਦਾ ਅੰਮ੍ਰਿਤ ਅਤੇ ਧੂੜੀ ਉਤਮ ਮੰਨਦੇ ਹਨ।

ਤੈਸੇ ਹਰਿ ਭਗਤ ਜਗਤ ਮੈ ਨਿਮਰੀ ਭੂਤ
ਜਗ ਪਗ ਲਗ ਮਸਤਕ ਪਰਵਾਨੀਐ ॥੨੮੮॥

ਤੇਹਾ ਕੁ ਹੀ ਵਾਹਿਗੁਰੂ ਦੇ (ਭਗਤ) ਗੁਰਮੁਖ ਜਗਤ ਵਿਚ (ਨਿਮਰੀ ਭੂਤ) ਨਿਮ੍ਰਤਾ ਦਾ ਰੂਪ (ਨਿਵ ਚਲਨ ਵਾਲੇ) ਹਨ ਇਨ੍ਹਾਂ ਗੁਰਮੁਖਾਂ ਦੇ (ਪਗ) ਪੈਰਾਂ ਨੂੰ ਮਥਾ ਲਾਂਹਦੇ ਜਗਤ ਆਪਣੇ ਆਪਨੂੰ ਪਰਵਾਨ ਨੀਕ ਗਿਣਦਾ ਹੈ।

ਉਪ੍ਰੋਕਤ ਨਿਮ੍ਰਤਾਦਾ ਮਹਾਤਮ ਦ੍ਰਿਸ਼ਟਾਂਤਾਂ ਕਰਕੇ ਵਰਨਨ ਕਰਦੇ ਹਨ

ਪੂਜੀਐ ਨ ਸੀਸ ਈਸ ਊਚੇ ਦੇਹੀ ਮੈ ਕਹਾਵੈ
ਪੂਜੀਐ ਨ ਲੋਚਨ ਦ੍ਰਿਸਟਿ ਦ੍ਰਿਸਟਾਂਤ ਕੈ।

ਪੂਜੀ ਦਾ ਨਹੀਂ ਸਿਰ ਈਸਰ ਉਚਾ ਦੇਹੀ ਵਿਚ ਕਹਾਉਂਦਾ ਹੈ ਅਤੇ ਪੂਜੀ ਦੇ ਨਹੀਂ (ਲੋਚਨ) ਨੇਤ੍ਰ ਨਜ਼ਰ ਕਰਕੇ (ਦ੍ਰਿਸ਼ਟਾਂਤ) ਵੇਖਣ ਨਾਲ ਜਾਂ ਨੇਤ੍ਰ ਉਚੇ ਵੇਖਣ ਨਾਲ ਨਹੀਂ ਪੂਜੀਂਦੇ।

ਵਾਰ ੨੭ ਪੌੜੀ ੧੦ — ਧ੍ਰਿਗ ਸਿਰ ਜੋ ਗੁਰ ਨਾ ਨਿਵੈ ਗੁਰ ਲਗੈ ਨ ਚਰਣੀ ॥
ਧ੍ਰਿਗ ਲੋਇਣ ਗੁਰ ਦਰਸ ਵਿਣ ਵੇਖੈ ਪਰ ਤਰਣੀ ॥

ਪੂਜੀਐ ਨ ਸ੍ਰਵਨ ਸੁਰਤਿ ਸਨਬੰਧ ਕਰ
ਪੂਜੀਐ ਨ ਨਾਸਕਾ ਸੁਬਾਸ ਸ੍ਵਾਸ ਕ੍ਰਾਂਤ ਕੈ।

ਪੂਜੀ ਦੇ ਨਹੀਂ ਕਿਉਂਕਿ ਹਥਾਂ ਸੂਲਨ ਦੇ ਮੇਲ ਕਰਨ ਲਾਇਕ (ਭਾਵ ਹੱਥ ਹੋਣ) ਹੇਠਾ ਮੂਟਨ ਕਰਕੇ ਨਹੀਂ ਪੂਜੀ ਦੇ ਅਤੇ ਪੂਜੀ ਦੀਆਂ ਨਹੀਂ, ਨਾਸਕਾਂ ਹੀਂ ਵਾਸਨਾਂ ਨੂੰ ਸੁਆਸ ਨਾਲ ਲੈਂਦਾ ਕਰਕੇ।

ਪ੍ਰਿਤ ਸਰਵਣ ਉਪਦੇਸ਼ ਵਿਣ ਸੁਣ ਸੁਰਤਿ ਨ ਪਰਣੀ ॥

ਪੂਜੀਐ ਨ ਮੁਖ ਸ੍ਵਾਦ ਸਬਦ ਸੰਜੁਗਤਿ ਕੈ

ਪੂਜੀਐ ਨ ਹਸਤ ਸਕਲ ਅੰਗ ਪਾਂਤ ਕੈ।

ਪੂਜੀਂ ਦਾ ਨਹੀਂ ਮੂੰਹ ਰੰਗੀ ੨ ਪਦਾਰਥਾਂ ਦੇ ਸੁਆਦ ਅਤੇ ਰੰਗੀ ੨ (ਸਬਦ) ਬੋਲਾਂ ਦੇ (ਸੰਜੁਗਤ) ਨਾਲ ਹੋਕੇ (ਭਾਵ ਰੰਗੀ ਟਪੇ ਗੌਂ ਕੇ) ਅਤੇ ਪੂਜੀ ਦੇ ਨਹੀਂ ਹਥ ਸਾਰੇ ਅੰਗਾਂ ਦੇ ਪੋਣ ਕਰਕੇ (ਭਾਵ ਭਾਵੇਂ ਸਾਰੇ ਸਰੀਰ ਦੇ ਅੰਗਾਂ ਨੂੰ ਮਲ ੨ ਕੇ ਧੋਂਦੇ ਫਿਰਨ ਪਰ ਇਉਂ ਹਥਾਂ ਦੀ ਪੂਜਾ ਨਹੀਂ ਹੁੰਦੀ) ॥

ਦ੍ਰਿਸਟਿ ਸਬਦ ਸ੍ਰੁਤਿ ਗੰਧ ਰਸ ਰਹਤ ਹ੍ਵੈ

ਪੂਜੀਐ ਪਦਾਰਬਿੰਦ ਨਵਨ ਮਹਾਤਕੈ॥੨੮੯॥

ਨਜ਼ਰ, ਬੋਲ, ਸ੍ਰੋਤ ਸੁਗੰਧੀ ਇਤਯਾਦਕ ਰਸ ਤੋਂ ਰਹਿਤ ਹੋਏ ਹੋਏ ਚਰਨ ਕਮਲ ਨਿੰਮ੍ਰਤਾ ਦੇ ਮਹਾਤਮ ਕਰਕੇ ਪੂਜੀ ਦੇ ਹਨ ॥

(ਭਾਵ ਉਪ੍ਰੋਕਤ ਅੰਗਾਂ ਵਾਲਾ ਸੁਭਾਵ ਪੈਰਾਂ ਨੇ ਛਡਿਆ ਇਸ ਲਈ ਪੈਰਾਂ ਨੂੰ ਲੋਕ ਮੰਨਦੇ ਹਨ) ॥ ੨੮੯ ॥

ਉਪ੍ਰੋਕਤ ਨਿੰਮ੍ਰਤਾ ਮੁਹਰੇ ਵਰਨਨ ਕਰਦੇ ਹਨ

ਨਵਨ ਗਵਨ ਜਲ ਨਿਰਮਲ ਸੀਤਲ ਹ੍ਵੈ

ਨਵਨ ਅੰਮ੍ਰਿਤ ਧਰਾ ਸਰਬ ਰਸ ਰਾਸ ਹੈ।

(ਨਵਨ) ਨੀਉਣਾ (ਗਵਨ) ਜਾਣਾ (ਅੰਮ੍ਰਿਤ ਧਰਾ) ਧਰਤੀ। ਨੀਵੀਂ ਜਗਾ ਦੇ ਚਲਣ ਕਰਕੇ ਪਾਣੀ ਨਿਰਮਲ ਤੇ ਠੰਢਾ ਹੈ ਅਤੇ ਨੀਵੀਂ ਧਰਤੀ ਹੋਣੀ ਤਾਂ ਸਾਰੇ ਰਸਾਂ ਦੀ ਖਾਣੀ ਬਣੀ (ਵਾਰ ੧੬ ਪੌੜੀ ੨) ਧਰਤੀ ਅੰਦਰ ਜਲ ਵਸੈ ਜਲ ਬਹੁ ਰੰਗੀ ਰਸੀ ਮਿਲੰਦਾ। ਜਿਉਂ ਜਿਉਂ ਕੋਇ ਚਲਾਇਂਦਾ ਨੀਵਾਂ ਹੋਇ ਨੀਵਾਣ ਚਲੰਦਾ (ਵਾਰ ੧੬ ਪੌੜੀ ੧) ਸਭਦੂ ਨੀਵੀ ਧਰਤਿ ਹੋਇ ਦਰਗਹ ਅੰਦਰ ਮਿਲੀ ਵਡਾਈ। ਪੂਨਾ ਵਾਰ ੬ ਪੌੜੀ ੧੮-੧੯ ਵੇਖੋ ॥

ਊਰਧ ਤਪੱਸਿਆ ਕੈ ਸ੍ਰੀ ਖੰਡ ਬਾਸੂ ਬਹੈ ਬਨ

ਨਵਨ ਸਮੁੰਦ੍ਰ ਹੋਇ ਰਤਨ ਪ੍ਰਗਾਸ ਹੈ।

ਉਹਾ ਖੜੇ ਹੋ ਤਪ ਕਰਦਾ ਹੈ ਇਸ ਲਈ ਚਾਨਣ ਚੰਦਨ ਸਾਰੇ ਬਨ

ਨੂੰ [illegible] ਪਹੁੰਚਾ ਕੇ [illegible] ਕਰ ਦਿੱਤਾ ਹੈ ਅਤੇ ਸਮੁੰਦ੍ਰ [illegible] ਚਰਨਾਂ ਦਾ ਪ੍ਰਕਾਸ਼ ਕਰਦਾ ਹੈ॥

ਨਵਨ ਗਵਨ ਧਰ ਪੂਜੀਅਤ ਜਗਤ ਮੈ
ਲੋਚਨ ਚਰਨਾਮ੍ਰਿਤ ਚਰਨ ਰਜ ਤਾਸ ਹੈ।

ਸਰੀਰ ਦੇ ਸਾਰੇ ਅੰਗਾਂ ਵਿਚੋਂ ਪੈਰ ਨੀਵੇਂ ਚਲਦੇ ਹਨ ਇਸ ਲਈ ਜਗਤ ਵਿਚ ਪੂਜੀਦੇ ਹਨ। ਅਤੇ ਲੋਕੀ ਤਿਨਾਂ ਚਰਨਾਂ ਦੇ ਚਰਨਾਮ੍ਰਿਤ ਤੇ ਚਰਨ ਧੂੜ ਨੂੰ ਚਾਹੁੰਦੇ ਹਨ॥ ਵਾਰ ੬ ਪੌੜੀ ੧੮ ਸਾਰੀ ਵੇਖ

ਸਿਰ ਉੱਚਾ ਨੀਵੇਂ ਚਰਨ ਸਿਰ ਪੈਰੀਂ ਪਾਏ।

ਤੈਸੇ ਹਰਿ ਭਗਤ ਜਗਤ ਮੈ ਨਿੰਮ੍ਰੀ ਭੂਤ
ਕਾਮ ਨਿਹਕਾਮ ਧਾਮ ਬਿਸਮ ਬਿਸ੍ਵਾਸ ਹੈ॥੨੯੦॥

ਤੇਹਾ ਹੀ ਵਾਹਿਗੁਰੂ ਦੇ ਭਗਤ ਜਗਤ ਵਿਚ ਨਿੰਮ੍ਰਤਾ ਦਾ ਰੂਪ ਹੋਇ ਅਤੇ ਪਦਾਰਥਾਂ ਦੀਆਂ ਕਾਮਨਾਂ ਤੋਂ ਨਿਸਕਾਮ ਹੋਕੇ ਘਰ ਵਿਚ ਹੀ ਅਸਚਰਜ ਭਰੋਸੇ ਵਾਲੇ ਹੋਏ॥੨੯੦॥

ਉਪ੍ਰੋਕਤ ਗੁਰਮੁਖ ਨਿੰਮ੍ਰਤਾ ਵਾਲੇ ਜੇਹੜੇ ਕੰਮ ਕਰਕੇ ਜਿਸ [illegible] ਹਨ ਸੋ ਵਰਨਨ॥

ਸਬਦ ਸੁਰਤਿ ਲਿਵ ਲੀਨ ਜਲ ਮੀਨ ਗਤਿ
ਸੁਖਮਨਾ ਸੰਗਮ ਹ੍ਵੈ ਉਲਟ ਪਵਨ ਕੈ।

ਜੇਹਰ ਪਾਣੀ ਨਾਲ ਮੱਛੀ ਪ੍ਰੀਤੀ ਕਰਦੀ ਹੈ ਉਸੇ ਤਰ੍ਹਾਂ ਹੀ ਮੱਛੀ ਵਾਂਗ ਗੁਰਸ਼ਬਦ ਨਾਲ ਗੁਰਮੁਖ ਬ੍ਰਿਤੀ ਲਾਕੇ ਪ੍ਰੀਤੀ ਕਰਦੇ ਹਨ ਅਤੇ ਇੜਾ ਪਿੰਗਲਾ ਦੇ ਰਸਤੇ ਸਿਰਕੇ (ਪਵਨ) ਸਾਸਾਂ ਨੂੰ ਉਲਟਾਕੇ (ਭਾਵ ਰੋਕਕੇ) ਸੁਖਮਨਾ ਨਾੜੀ ਦੇ (ਸੰਗਮ) ਸਾਥੀ ਹੋਇ ਹਨ॥

ਬਿਸਮ ਬਿਸ੍ਵਾਸ ਬਿਖੈ ਅਨਭੈ ਅਭ੍ਯਾਸ ਰਸ
ਪ੍ਰੇਮ ਮਧੁ ਅਪਿਉ ਪੀਵੈ ਗੁਹਜ ਗਵਨ ਕੈ।

ਅਸਚਰਜ ਭਰੋਸੇ ਵਿਚ ਨਿਡਰ ਹੋਕੇ ਅਭਿਆਸ ਕਰਕੇ (ਰਸ) ਸੁਆਦ ਵਾਲਾ ਪ੍ਰੇਮ ਅੰਮ੍ਰਿਤ ਜੋ (ਗੁਹਜ) ਛਪਿਆ ਹੋਇਆ ਹੈ ਉਸ ਦੇ (ਮਧੁ) ਵਿਚ (ਗਵਨ) ਜਾਕੇ ਉਸਦੇ (ਅਨੰਦ) ਸੁਆਦ ਨੂੰ ਪੀਂਦੇ (ਰਸਿਆ)।

ਸਬਦ ਕੈ ਅਨਹਦ ਸੁਰਤਿ ਕੈ ਉਨਮਨੀ

ਪ੍ਰੇਮ ਕੈ ਨਿਝਰ ਧਾਰ ਸਹਜ ਰਵਨ ਕੈ ।

ਸ਼ਬਦ ਨੂੰ ਇਕ ਰਸ ਸੁਰਤੀ ਤੇ ਪ੍ਰੇਮ ਕਰਕੇ (ਉਨਮਨੀ) ਵਿਚਾਰੇ ਅਤੇ ਵਾਹਿਗੁਰੂ (ਦੇ ਅਨੰਦ) ਦੀ ਇਕ ਰਸ ਧਾਰਾ ਨੂੰ ਸਹਜੇ ਹੀ (ਰਵਨ) ਭੋਗਦਾ ਰਹਿਆ ਕਰੇ ॥

ਤ੍ਰਿਕੁਟੀ ਉਲੰਘਿ ਸੁਖ ਸਾਗਰ ਸੰਜੋਗ ਭੇਟ
ਦਸਮ ਸਥਲ ਨਿਹਕੇਵਲ ਭਵਨ ਕੈ ॥੨੯੧॥

ਸਾਧ ਸੰਗਤ ਜੋ ਸੁਖਾਂ ਦਾ ਸਮੁੰਦਰ ਹੈ ਉਸਦੇ ਮਿਲਾਪ ਦਾ ਅਨੰਦ ਭੋਗਕੇ ਅਤੇ ਤ੍ਰਿਹੁ ਨਦੀਆਂ ਦੇ ਸੰਧਿ ਥਾਂ ਟਪਕੇ ਅਤੇ ਦਸਮੇਂ ਦੁਆਰ ਵਿਚ ਜਾਕੇ ਪਵਿਤ੍ਰ ਵਾਹਿਗੁਰੂ ਦੇ ਵਿਚ ਘਰ ਕੀਤਾ ॥ ੨੯੧ ॥

(ਵਾਰ ੬ ਪੌੜੀ ੧੨ ਪੰਗਤੀ ੪)

ਇੜਾ ਪਿੰਗਲਾ ਸੁਖਮਨਾ ਲੰਘ ਤ੍ਰਿਬੇਣੀ ਨਿਜ ਘਰ ਆਵੈ ॥

ਉਪ੍ਰੋਕਤਿ ਗੁਰਮੁਖਾਂ ਦੀ ਪ੍ਰੀਤੀ ਈਸੁਰ ਦੀ ਗੁਰਾਂ ਨਾਲ ਵਰਨਨ ਕਰਦੇ ਹਨ ॥

ਜੈਸੇ ਜਲ ਜਲਜ ਔ ਜਲ ਦੁਧ ਸੀਲ ਮੀਨ
ਚਕਵੀ ਕਮਲ ਦਿਨਕਰ ਪ੍ਰਤਿ ਪ੍ਰੀਤ ਹੈ ।

(੧) ਜੈਸਾ ਕੌਲ ਫੁਲ ਦੀ ਪਾਣੀ ਨਾਲ । (੨) ਪਾਣੀ ਦੀ ਦੁਧ ਨਾਲ (੩) ਮਛੀ ਦੀ ਠੰਢੇ ਪਾਣੀ ਨਾਲ । (੪) ਚਕਵੀ ਅਤੇ ਕੌਲ ਦੀ ਸੂਰਜ ਨਾਲ ਪ੍ਰੀਤੀ ਹੈ ॥

ਜਲ ਵਿਚੋਂ ਫੜ ਕਢੀਐ ਮਛ ਨੇਹੁ ਨ ਖੰਡੈ ॥
ਚਕਵੀ ਸੂਰਜ ਹੇਤ ਹੈ ਮਿਲ ਹੋਨ ਸੁਖਾਲੇ ।
ਨੇਹੁ ਕਵਲ ਜਲ ਜਾਣੀਐ ਖਿੜ ਮੁਹੁ ਵੇਖਾਲੇ ॥*

(ਵਾਰ ੭ ਪਉੜੀ ੪ ਥੀਂ)

ਦੀਪਕ ਪਤੰਗ ਅਲਿ ਕਮਲ ਚਕੋਰ ਸਸਿ
ਮ੍ਰਿਗ ਨਾਦ ਬਾਦ ਘਨ ਚਾਤ੍ਰਿਕ ਸੰਗੀਤ ਹੈ ॥

(੧) ਦੀਵੇ ਨਾਲ ਪਤੰਗੇ ਜਾਨਵਰ ਦੀ । (੨) ਕੌਲ ਫੁਲ ਨਾਲ ਭੌਰੇ ਦੀ । (੩) ਚੰਦ੍ਰਮਾ ਨਾਲ ਚਕੋਰ ਦੀ । (੪) ਘੰਡੇ ਦੇ ਅਵਾਜ਼ ਨਾਲ ਹਰਨ ਦੀ । (੫) ਬਦਲ ਨਾਲ ਪਪੀਹੇ ਦੀ (ਮਨ ਕਰਕੇ ਪ੍ਰੀਤੀ ਹੈ) ॥

---

*ਇਸ ਕਬਿਤ ਦੇ ਨਾਲ ਦੀ ਵਾਲੀ ਸਾਰੀ ਪੌੜੀ ਸਭਨਾਂ ਥਾਂ ਹੈ ਵੇਖੋ ।

ਜਲੇ ਪਤੰਗ ਨਿਸੰਗ ਹੋਇ ਕਰਿ ਆਸ ਉਦਾਸੀ।
ਭਵਰੈ ਵਾਸ ਵਿਲਾਸ ਹੈ ਵਿਰਦਾ ਵਣ ਵਾਸੀ।
ਚੰਦ ਚਕੋਰ ਪ੍ਰੀਤ ਹੈ ਲਾਇ ਤਾਰ ਨਿਹਾਲੇ।
ਮਿਰਗ ਨਾਦ ਵਿਸਮਾਦ ਹੋਇ ਫਿਰਦਾ ਉਜਾੜੀਂ॥ (ਵਾਰ ੨੭ ਪੌੜੀ ੨)
ਮੋਰ ਬਬੀਹੇ ਬੋਲਦੇ ਵੇਖ ਬਦਲ ਕਾਲੇ॥ (ਵਾਰ ੨੭ ਪੌੜੀ ੪ ਪੰ: ੪)

ਨਾਰਿ ਔ ਭਤਾਰ ਸੁਤ ਮਾਤ ਜਲ ਤ੍ਰਿਖਾਵੰਤ
ਖੁਧਿਆਰਥਿ ਭੋਜਨ ਦਾਰਿਦ੍ਰ ਧਨ ਮੀਤ ਹੈ।

(੧) ਇਸਤ੍ਰੀ ਦੀ ਪਤੀ ਨਾਲ। (੨) ਮਾਤਾ ਦੀ ਪੁਤ੍ਰ ਨਾਲ। (੩) ਤ੍ਰਿਹਾਏ ਦੀ ਪਾਣੀ ਨਾਲ। (੪) ਭੁਖੇ ਦੀ ਅੰਨ ਨਾਲ। (੫) ਕੰਗਾਲ (ਗ਼ਰੀਬ) ਦੀ ਧਨ ਨਾਲ। (ਮੀਤ) ਮਿਤ੍ਰ ਵਾਂਗੂ ਪ੍ਰੀਤ ਅਥਵਾ ਉਪ੍ਰੋਕਤ ਸਾਰੇ ਇਨ੍ਹਾਂ ਇਕ ਦੇ ਮੀਤ ਬਣਦੇ ਹਨ ਅਤੇ ਏਨਾਂ ਵਸਤੂਆਂ ਨਾਲ ਏਹਨਾਂ ਦੀ ਗਹਿਰ ਪ੍ਰੀਤ ਹੁੰਦੀ ਹੈ॥

"ਨਾਰਿ ਭਤਾਰ ਪਿਆਰ ਹੈ ਮਾਂ ਪੁਤ ਸਮ੍ਹਾਲੇ"। (ਵਾਰ ੨੭ ਪੌੜੀ ੪)
"ਜੈਸੀ ਪਰ ਪੁਰਖਾ ਰਤ ਨਾਰੀ"।
"ਜੈਸੀ ਪ੍ਰੀਤਿ ਬਾਰਿਕ ਅਰੁ ਮਾਤਾ।"
"ਤ੍ਰਿਖਾਵੰਤ ਜਲ ਮੀਠੀ ਕਾਜੁ"। (੨)
"ਜੈਸੀ ਭੂਖੇ ਪ੍ਰੀਤਿ ਅਨਾਜੁ"। (੧)
"ਲੋਭੀ ਨਰ ਧਨ ਕਾ ਹਿਤਕਾਰੀ"॥ (ਭੈਰਉ ਨਾਮ ਦੇਉ)

ਮਾਯਾ ਮੋਹ ਦ੍ਰੋਹ ਦੁਖਦਾਈ ਨ ਸਹਾਈ ਹੋਤ
ਗੁਰ ਸਿਖ ਸੰਧਿ ਮਿਲੇ ਤ੍ਰਿਗੁਨ ਅਤੀਤ ਹੈ॥੨੯੮॥

ਉਪ੍ਰੋਕਤ ਮਾਇਆ ਦਾ ਪਕੜ (ਦ੍ਰੋਹ) ਛਲ ਵਾਲਾ (ਭਾਵ ਜੋ ਨਾਲ ਵਰ ਪ੍ਰੀਤ ਕਰਕੇ ਜਾਨ ਦੇ ਦੇਂਦੇ ਹਨ) ਅਤਿ ਦੁਖ ਦੇਣ ਵਾਲਾ ਹੈ ਅੰਤਨੂੰ ਸਹਾਇਤਾ ਕਰਨ ਵਾਲਾ ਨਹੀਂ ਹੁੰਦਾ ਈਸ਼ੁਰ ਦਾ ਪਸੀਨਾ ਸਾਰਾ ਗੁਰਾਂ ਦੇ ਸਿਖ ਸਮਝਦੇ ਗੁਰਾਂ ਦੀ ਸਾਧ ਸੰਗਤ ਦੀ ਸੰਧਿ ਮਿਲੌਨੀ ਵਿਚ ਮਿਲੇ ਹਨ ਅਤੇ ਤਿੰਨਾਂ ਗੁਣਾਂ ਰੂਪ (ਸੰਸਾਰ ਦੇ ਦੁਖ ਤੋਂ) ਰਹਿਤ ਹੋਏ ਹਨ॥ ੨੯੮॥

ਉਪ੍ਰੋਕਤ ਪ੍ਰੀਤੀ ਗੁਰਮੁਖ ਗੁਰਾਂ ਨਾਲ ਕਰਕੇ ਵਿਸ਼ਨਾਂ ਤੋਂ ਨਿਵਿਰਤ ਕਰਦੇ ਹਨ॥

ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ
ਅੰਗ ਅੰਗ ਬਿਸਮ ਸ੍ਰਬੰਗ ਮੈ ਸਮਾਨੇ ਹੈਂ।

ਜੀਕੁਰ ਭੌਰਾ ਫੁਲਾਂ ਦੀ ਖੁਸ਼ਬੂ ਦੇ ਸੁਆਦ ਵਿਚ ਮਸਤ ਹੋ ਜਾਂਦਾ ਹੈ ਤੀਕੁਰ ਗੁਰਾਂ ਦੇ ਸਿਖ ਗੁਰਾਂ ਦੇ ਚਰਨਾਂ ਦੀ ਧੂੜੀ ਦੇ ਅਨੰਦ ਵਿਚ ਲੁਭਾਇਮਾਨ ਹੋਏ ਹਨ ਅਤੇ ਓਹੋ ਹੀ ਗੁਰਮੁਖ ਅਰਥਾਤ ਵਾਹਿਗੁਰੂ ਜੀ ਸਾਰਿਆਂ ਜੀਵਾਂ ਦੀ ਰਖਿਆ ਕਰਦਾ ਹੈ ਉਸ ਵਿਚ ਲੀਨ ਕਰਕੇ ਸਮਾ ਗਏ ਹਨ॥

ਦ੍ਰਿਸਟਿ ਦਰਸ ਲਿਵ ਦੀਪਕ ਪਤੰਗ ਸੰਗ
ਸਬਦ ਸੁਰਤ ਮ੍ਰਿਗ ਨਾਦ ਹੈ ਹਰਾਨੇ ਹੈਂ ।

(੧) ਜੀਕੁਰ ਪਤੰਗੇ ਦਾ ਦੀਪਕ ਦੀ ਲਾਟ ਨਾਲ ਪ੍ਰੀਤੀ ਹੁੰਦੀ ਹੈ । (੨) ਤੀਕੁਰ ਹੀ ਗੁਰ ਦਰਸ਼ਨ ਵਿਚ ਗੁਰਮੁਖਾਂ ਦੇ ਨੇਤ੍ਰਾਂ ਦੀ ਦ੍ਰਿਸ਼ਟੀ ਲਗੀ ਹੋਈ ਹੈ।

(੧) ਜੀਕੁਰ ਹਰਨ (ਘੰਡੇਹੇੜੇ) ਵਾਜੇ ਦੀ ਅਵਾਜ਼ ਨੂੰ ਸੁਣ ਕੇ ਹੈਰਾਨ ਹੁੰਦਾ ਹੈ॥ (੨) ਤੀਕੁਰ ਹੀ ਗੁਰਾਂ ਦੇ ਸ਼ਬਦ ਵਿਚ ਕੰਨ ਲਾਕੇ ਗੁਰਮੁਖ ਮਸਤ ਹੋਏ ਹਨ ॥ ਦੀਪਕ ਜਲੇ ਪਤੰਗ ਵੇਸ ਫਿਰ ਦੇਖ ਨ ਹਟੈ । ਘੰਡੇ ਹੇੜੇ ਮਿਰਗ ਜਿਉਂ ਸੁਣ ਨਾਦ ਪਲਟੈ ॥ ਭਾਈ ਗੁਰਦਾਸ ਜੀ ॥

ਕਾਮ ਨਿਹਕਾਮ ਕ੍ਰੋਧ ਕ੍ਰੋਧ ਨਿਰਲੋਭ ਲੋਭ
ਮੋਹ ਨਿਰਮੋਹ ਅਹੰਮੇਵ ਹੂੰ ਲਜਾਨੇ ਹੈਂ ।

(੧) ਕਾਮ ਦੀ ਇਛਾ ਤੋਂ ਰਹਤ । (੨) ਗੁਸੇ ਤੋਂ (ਅਕ੍ਰੋਧ) ਨਾਰਾਜ਼ ਰਹਿਣ ਵਾਲੇ । (੩) ਲਾਲਚ ਤੋਂ ਨਾ ਲਾਲਚ ਵਾਲੇ । (੪) ਪਿਆਰ ਤੋਂ ਨਾ ਪਿਆਰ ਵਾਲੇ । (੫) ਅਤੇ ਹੰਕਾਰ ਤੋਂ ਵੀ ਲਜਿਆ ਕਰਦੇ ਹਨ॥

ਭਾਵ—ਗੁਰਮੁਖਾਂ ਨੇ ਪੰਜਾਂ ਚੋਰਾਂ ਨੂੰ ਜਿਤ ਲਿਆ ਹੈ ॥

ਬਿਸਮੈ ਬਿਸਮ ਅਸਚਰਜ ਅਸਚਰਜ ਮੈ
ਅਦਭੁਤ ਪਰਮਦ ਭੁਤ ਅਸਥਾਨੇ ਹੈ ॥੨੯੩॥

ਜੀਕੁਰ ਦੇ ਉਪਰ ਦਸੇ ਹਨ ਤੀਕੁਰ ਦਾ ਗੁਰਮੁਖਾਂ ਦਾ (ਅਸਥਾਨ) ਸਤਿਸੰਗ ਹੀ ਭਾਵ ਉਪ੍ਰੋਕਤ ਵਿਕਾਰਾਂ ਨੂੰ ਜਿਤਣ ਕਰਕੇ ਅਤੇ ਗੁਰਚਰਨ ਵਿਚ ਪ੍ਰੀਤੀ ਕਰਕੇ ਸਾਰੇ ਹਿਰੇ ਫੇਰ ਹੋਣ ਹੋਕਾਏ ਅਤੇ ਸਤਿਸੰਗਤ ਵਿਚ ਬਿਸ੍ਰਾਮ ਕੀਤਾ ॥ ੨੯੩ ॥

ਗੁਰਾਂ ਦੇ ਦਰਸ਼ਨ ਦਾ ਪਰਤਾਪ

ਦਰਸਨ ਜੋਤਿ ਕੋ ਉਦੋਤ ਸੁਖ ਸਾਗਰ ਮੈ
ਕੋਟਨ ਸਤਿਗੁਰ ਛਬਿ, ਤਿਲ ਕੋ ਪ੍ਰਗਾਸ ਹੈ ।

ਸੁਖਾਂ ਦੇ ਸਮੁੰਦ੍ਰ ਸਤਗੁਰ ਦੇ ਦਰਸ਼ਨ ਦੀ ਜੋਤ ਵਿਚੋਂ ਜੋ ਪ੍ਰਕਾਸ਼ ਪ੍ਰਗਟ

ਹੋਇਆ ਹੈ। ਤਿਸ ਦਰਸਨ ਦੇ ਪ੍ਰਕਾਸ਼ ਅਗੇ ਕ੍ਰੋੜਾਂ ਹੀ ਉਸਤਤੀਆਂ ਅਤੇ ਅਰਾਧਨਾਂ ਦਾ ਥੋੜਾ ਕਿਹਾ ਪ੍ਰਕਾਸ਼ ਹੈ ॥ ਭਾਵ—ਗੁਰ ਦਰਸਨ ਦੀ ਸੋਭਾ ਸਮਾਨ ਕਿਸੇ ਦਾ ਵੀ ਪ੍ਰਕਾਸ਼ ਨਹੀਂ ਹੈ ॥

ਕਿਰਤ ਕ੍ਰਿਪਾ ਕੋਟਿਕ ਕਮਲਾ ਕਲਪ ਤਰੁ
ਮਧੁਰ ਬਚਨ ਮਤ ਕੋਟਿਕ ਬਿਲਾਸ ਹੈ।

ਸਤਗੁਰਾਂ ਦੀ ਥੋੜੀ ਜੇਹੀ ਕਿਰਪਾ ਦ੍ਰਿਸ਼ਟੀ ਅਗੇ ਕਰੋੜਾਂ ਹੀ ਲਛਮੀਆਂ ਅਤੇ ਦੇਵਤਿਆਂ ਦਾ ਬ੍ਰਿਛ ਤੁਛ ਹੈ ਅਤੇ ਗੁਰਾਂ ਦੇ ਮਿਠੇ ਬਚਨਾਂ ਅਗੇ ਕ੍ਰੋੜਾਂ ਹੀ ਸ਼ਹਿਰ ਅਤੇ ਅਨੰਦ ਹਨ ॥ ਭਾਵ—ਜਿਨ੍ਹਾਂ ਤੇ ਗੁਰ ਕਿਰਪਾ ਦ੍ਰਿਸ਼ਟੀ ਕਰਦੇ ਹਨ ਉਨ੍ਹਾਂ ਪਲੀ ਵਿਚ ਏਹੋ ਜੇਹੇ ਪਦਾਰਥ ਬਖਸ਼ ਦੇਂਦੇ ਹਨ ॥

ਇਛਾ ਪੂਰਕ ਸਰਬ ਸੁਖ ਦਾਤਾ ਹਰਿ ਜਾ ਕੈ ਵਸਿ ਹੈ ਕਾਮਧੇਨਾ। ਧਨਾਸਰੀ ਮ: ੪

ਮੰਦ ਮੁਸਕਾਨਿ ਬਾਨਿ ਖਾਨਿ ਹੈ ਕੋਟਾਨਿ ਸਸਿ
ਸੋਭਾ ਕੋਟ ਲੋਟ ਪੋਟ ਕੁਮਦਨੀ ਤ੍ਰਾਸ ਹੈ।

(ਸਸਿ) ਚੰਦ੍ਰਮਾ (ਕੁਮਦਨੀ) ਕੰਮੀ। ਜਿਵੇਂ ਚੰਦ੍ਰਮਾਂ ਦੀ ਚਾਨਣੀ ਵੇਖਕੇ ਕੰਮੀਆਂ ਪਾਣੀ ਵਿਚ ਲੋਟ ਪੋਟ (ਖਿੜੀਆਂ ਹੋਈਆਂ) ਖਿੜ ਪੈਂਦੀਆਂ ਹਨ। ਤਿਵੇਂ ਹੀ ਸਤਗੁਰਾਂ ਦੀ ਜਦ ਕੁਝ ਹੋਲੀ ਦੇ ਮੁਸਕਰਾਵਣੀ ਵਾਲਾ ਸੁਭਾਵ ਹੈ ਏਹ ਸਭ ਚੰਗਿਆਈਆਂ ਵਾਲੀ ਹੈ ਅਤੇ ਤਿਸ ਦੇ ਉਤੋਂ ਦੀ ਕ੍ਰੋੜਾਂ ਹੀ ਚਾਨਣੀਆਂ ਅਤੇ ਸੋਭਾ ਲੋਟ ਪੋਟ (ਵੇਖ ਕੇ) ਹੁੰਦੀਆਂ ਹਨ ॥

ਮਨ ਮਧੁਕਰ ਮਕਰੰਦ ਰਸ ਲੁਭਿਤ ਹ੍ਵੈ
ਸਹਜ ਸਮਾਧਿ ਲਿਵ ਬਿਸਮ ਬਿਸ੍ਵਾਸ ਹੈ।੨੭੪।।

ਜਿਵੇਂ ਭੌਰਾ ਖੁਸ਼ਬੋਆਂ ਵਾਲਿਆਂ ਫੁਲਾਂ ਦੀ ਮਿਕਰੰਦ ਉਤੇ ਬੈਠ ਕੇ ਸੁਆਦ ਲੈਂਦਾ ਅਤਿ ਮਸਤ ਹੁੰਦਾ ਹੈ। ਤਿਵੇਂ ਹੀ ਗੁਰਮੁਖ ਗੁਰਾਂ ਦੇ ਚਰਨ ਕਮਲਾਂ ਦੇ ਅਨੰਦ ਉਤੇ ਮਸਤ ਹੁੰਦੇ ਹਨ ਅਤੇ ਜਿਵੇਂ ਭੌਰਾ ਫਿਰ ਉਸੇ ਵਿਚ ਸਮਾਂਦਾ ਹੈ ਤਿਵੇਂ ਹੀ ਅਚਲ ਸਮਾਧੀ ਨੂੰ ਲਾਕੇ ਗੁਰਮੁਖ ਸੁਰਤੀ ਨੂੰ ਜੋੜਦੇ ਹਨ ਅਤੇ ਅਬਿਚਲ ਭਰੋਸਾ ਵਾਹਿਗੁਰੂ ਵਿਚ ਕਰਦੇ ਹਨ ॥ ੨੭੪ ॥

ਉਪ੍ਰੋਕਤਿ ਗੁਰਮੁਖਾਂ ਨੇ ਚੰਚਲ ਅਤੇ ਅਪਵਿਤ੍ਰ ਇੰਦ੍ਰਿਆਂ ਨੂੰ ਗੁਰਾਂ ਦੇ ਚਰਨਾਂ ਦੀ ਧੂੜੀ ਨਾਲ ਸਾਫ ਅਤੇ ਪਵਿਤ੍ਰ ਕੀਤਾ ਹੈ ਸੋ ਮੂਹਰੇ ਵਰਨਨ ਕਰਦੇ ਹਨ ॥

ਚਰਨ ਸਰਨ ਰਜ ਮੱਜਨ ਮਲੀਨ ਮਨ

ਦਰਪਨ ਗਤਿ ਗੁਰਮਤਿ ਨਿਹਚਲ ਹੈ ।

(ਤਜ) ਤੁਰੀ (ਮੱਜਨ) ਇਸ਼ਨਾਨ (ਦਰਪਨ) ਸ਼ੀਸ਼ਾ । ਗੁਰਾਂ ਦੇ ਚਰਨ ਸ਼ਰਨ ਦੀ ਤੁਰੀ ਵਿਚ ਜਦ ਇਸ਼ਨਾਨ ਕੀਤਾ ਤਦ ਮੈਲਾਮਨ (ਪਾਪਾਂ ਕਰਕੇ) ਸ਼ੀਸ਼ੇ ਵਾਂਗੂੰ ਸਾਫ ਹੋਗਿਆ ਅਤੇ (ਮਤਿ) ਰੂਪੀ ਗੁਰਾਂ ਦੇ ਚਰਨਾਂ ਵਿਚ ਇਸ ਵਿਚ ਹੋਗਈ ਅਵਦਾ ਹੋਰ ਸਿਖਿਆ ਲੈਣ ਤੋਂ ਇਸਥਿਰ ਹੋਗਈ ।

ਗ੍ਯਾਨ ਗੁਰ ਅੰਜਨ ਦੈ ਚਪਲ ਖੰਜਨ ਦ੍ਰਿਗ
ਅਕੁਲ ਨਿਰੰਜਨ ਧ੍ਯਾਨ ਜਲ ਥਲ ਹੈ ।

ਜਿਹੜੇ ਮਮਿਲੇ ਜਾਨਵਰ ਵਾਂਗੂੰ ਚੰਚਲ ਨੇਤ੍ਰ ਸੀ ਉਨ੍ਹਾਂ ਵਿਚ ਗੁਰਾਂ ਨੇ ਗਿਆਨ ਰੂਪੀ ਸੁਰਮਾ ਪਾਇਆ ਅਤੇ ਫਿਰ ਉਨ੍ਹਾਂ ਨੇਤ੍ਰਾਂ ਨਾਲ ਜਾਤਿ ਪਾਤਿ ਕਰ ਮਾਇਆ ਤੋਂ ਰਹਿਤ ਵਾਹਿਗੁਰੂ ਨੂੰ ਸੁਕੀਆਂ ਜਗਾ ਤੇ ਪਾਣੀ ਵਾਲੀਆਂ ਵਿਚ ਵੇਖਿਆ ॥

ਭੰਜਨ ਹੈ ਭ੍ਰਮ ਅਰਿ ਗੰਜਨ ਕਰਮ ਕਾਲ
ਪਾਂਚ ਪਰਪੰਚ ਛਲ ਬਲ ਨਿਰਦਲ ਹੈ ।

(੧) ਡਰ ਤੇ ਭਰਮ ਨੂੰ ਤੋੜਨ ਵਾਲੇ । (੨) ਕਰਮ ਕਾਂਡ, ਜਨਮ, ਮਰਨ ਪੰਜ ਕਾਮ ਆਦਕ ਵੈਰੀਆਂ ਬਲੀਆਂਨੂੰ ਨਾਸ ਕਰਨ ਵਾਲੇ ਅਤੇ ਨਰਕਾਂ ਨੂੰ ਬਿਨਾ ਛੱਲ ਤੋਂ ਕਟਨਵਾਲੇ ਗੁਰਮੁਖ ਹੋਏ ॥

ਸੇਵਾ ਕਰੰਜਨ ਸੁਖਾਤਮ ਨਿਰੰਜਨ ਭਏ
ਆਸਾ ਮੈ ਉਦਾਸ ਕਲਿਮਲਿ ਨਿਰਮਲ ਹੈ ॥੨੯੫॥

(ਕਰੰਜਨ) ਕਰਦੇ ਹਨ ਸਾਰਿਆਂ ਨੂੰ ਆਪਣਾ ਮਨ ਜਾਣਕੇ ਸੇਵਾ ਕਰ ਕੇ ਹਨ ਅਤੇ ਆਸ ਵਿਚ ਹੀ ਪਦਾਰਥਾਂ ਤੋਂ ਉਦਾਸ ਹੋਕੇ ਅਰ ਪਾਪਾਂ ਤੋਂ (ਨਿਰਮਲ) ਪੁੰਨਾਂ ਵਾਲੇ ਹੋਕੇ ਵਾਹਿਗੁਰੂ ਦਾ ਰੂਪ ਬਣ ਜਾਵੇ ॥ ੨੯੫ ॥

ਗੁਰਮੁਖ ਤੇ ਮਨਮੁਖ ਆਪੋ ਆਪਣਾ ਸੁਭਾਵ ਨਹੀਂ ਛਡਦੇ ਭਾਵੇਂ ਕਿਤਨੇ ਹੀ ਦੁਖ ਹੋਵੇ ॥

ਚੰਦ੍ਰਮਾਂ ਅਛਤ ਰਵਿ ਰਾਹੁ ਨ ਸਕਤ ਗ੍ਰਸਿ
ਦ੍ਰਿਸ਼ਟਿ ਅਗੋਚਰ ਹ੍ਵੈ ਸੂਰਜ ਗ੍ਰਹਨ ਹੈ ।

(ਅਛਤ) ਹੁੰਦਿਆਂ (ਰਵਿ) ਸੂਰਜ ਜਾਹਰ ਚੰਦ੍ਰਮਾਂ ਦੇ ਛੁਪਿਆਂ ਹੋਇਆਂ

ਦੁਰਜਾ ਨੂੰ ਤਾਪ ਨਹੀਂ ਪਹਿ ਸਕਦਾ, ਅਤੇ ਜੇੜ੍ਹਾਂ ਦੀ ਨਜ਼ਰ ਪੈ ਰਹਿੰ ਚੰਦ੍ਰਮਾ ਨੂੰ ਹੋਇਆ ਵੇਖ ਸੂਰਜ ਨੂੰ ਗ੍ਰਹਣ ਲਗਦਾ ਹੈ ॥ ਭਾਵ—ਚੰਦ੍ਰਮਾ ਦੇ ਕੁਸੰਗ ਨਾਲ ਸੂਰਜ ਨੂੰ ਗ੍ਰਹਣ ਨਹੀਂ ਲਗਦਾ ॥

ਪਛਮ ਉਦੋਤ ਚੰਤ ਚੰਦ੍ਰਮੈ ਨਮਸਕਾਰ
ਪੂਰਬ ਸੰਜੋਗ ਸਸਿ ਕੇਤੁ ਖੇਤ ਗਹਨਿ ਹੈ।

ਜਦੋਂ ਚੰਦ੍ਰਮਾ ਪੱਛਮ ਵਲ ਚੜ੍ਹਦਾ ਹੈ ਲੋਕੀ ਉਨ੍ਹੰ ਨਮਸਕਾਰਾਂ ਕਰਦੇ ਹਨ ਅਤੇ ਜਦ ਪੂੰਨਿਆਂ ਦਾ ਬਣਕੇ ਪੂਰਬ ਦਿਸ਼ਾ ਦਾ ਮੇਲ ਕਰਦਾ ਹੈ ਤਾਂ ਚੰਦ੍ਰਮਾ ਨੂੰ ਕੇਤੂ ਦੁਸ਼ ਭੂਮਕਾਂ (ਅਕਾਸ਼) ਵਿਚ ਮਾਰਦਾ ਹੈ ਏਹ ਸੰਗਤ ਦਾ ਫਲ ਹੈ। ਦੂਜਾ ਭਾਵ—ਚੰਦ੍ਰਮਾਂ ਨੇ ਸੂਰਜ ਦੀ ਸਹਾਇਤਾ ਕੀਤੀ ਅਤੇ ਸੂਰਜ ਨੇ ਚੰਦ੍ਰਮਾ ਦੀ ਨਹੀਂ ਸਹਾਇਤਾ ਕੀਤੀ ॥

ਕਾਸ਼ਟ ਮੈ ਅਗਨਿ ਮਗਨ ਚਿਰੰਕਾਲ ਰਹੈ
ਅਗਨਿ ਮੈ ਕਾਸ਼ਟ ਪ੍ਰਗਟ ਹੀ ਦਹਨ ਹੈ।

ਲਕੜੀ ਵਿਚ ਅੱਗ ਕਿੰਨਾ ਹੀ ਚਿਰ ਧੁਖਦੀ ਰਹਿੰਦੀ ਹੈ ਅਤੇ ਅੱਗ ਵਿਚ ਲਕੜੀ ਪੈਂਦਿਆਂ ਹੀ ਸੜ ਜਾਂਦੀ ਹੈ। ਭਾਵ—ਲਕੜੀ ਅਗਨੀ ਦੀ ਸਹਾਇਤਾ ਕਰਦੀ ਹੈ ਅਤੇ ਅਗਨੀ ਲਕੜੀ ਨੂੰ ਸਾੜਦੀ ਹੈ ਦੋਵੇਂ ਹੀ ਆਪੋ ਆਪਣਾ ਸੁਭਾਵ ਨਹੀਂ ਛਡਦੇ ॥

ਤੈਸੇ ਸਿਵ ਸ਼ਕਤਿ ਅਸਾਧ ਸਾਧ ਸੰਗਮ ਕੈ
ਦੁਰਮਤਿ ਗੁਰਮਤਿ ਦੁਸਹ ਸਹਨ ਹੈ ॥੨੬੮॥

ਜਿਹਾ ਕੁ ਹੀ ਸਿੱਖਾਂ ਦੀ ਸੰਗਤ ਦਾ ਸੰਗ ਕਰਕੇ ਚੰਗੀ ਸਿਖਿਆ ਅਤੇ (ਕਲਿਆਨ) ਸੁਖ ਮਿਲਦਾ ਹੈ ਅਤੇ ਅਸੰਤਾਂ ਦੀ ਸੰਗਤ ਕਰਕੇ ਬੁਰੇ ਖਿਆਲ ਸੁਭਾਵ ਅਤੇ ਖੋਟੀ ਸਿਖਿਆ ਔਖਿਆਈਆਂ ਨੂੰ ਸਹਾਰੀ ਦਾ ਹੈ ॥ ੨੬੮॥

ਗੁਰਦੇਵ ਜੀ ਕਬਿਤ ਵਿਚ ਗੁਣ ਔਗੁਣ ਪ੍ਰੀਤ ਵੈਰ ਸਾਧਾਂ ਅਸਾਧਾਂ ਦਾ ਵਰਨਨ ਕਰਦੇ ਹਨ ॥

ਸਾਧ ਕੀ ਸੁਜਨ ਤਾਈ ਪਾਹਨ ਕੀ ਰੇਖ ਪ੍ਰੀਤ
ਬੈਰ ਜਲ ਰੇਖ ਹ੍ਵੈ ਬਿਸੇਖ ਸਾਧ ਸੰਗ ਮੈ।

ਉਤਮ ਆਦਮੀਆਂ ਦੀ ਪ੍ਰੀਤੀ ਪਥਰ ਦੀ ਲੀਕ ਵਾਂਗੂਰ ਅਮਿਟ ਹੈ ਭਾਵ ਪ੍ਰੀਤ ਛਡਦੇ ਨਹੀਂ ਅਤੇ ਵੈਰ ਪਾਣੀ ਦੀ ਲੀਕ ਵਾਂਗੂਰ ਹੈ ਵਸੇਸ਼ ਕਰਕੇ ਸਾਧ ਸੰਗਤ ਵਿਚ ਉਹ ਕਿਸੇ ਨਾਲ ਵੈਰ ਨਹੀਂ ਕਰਦੇ ਜੇ ਕਿਸੇ ਕਾਰਨ ਹੋ ਭੀ

ਜਾਂਦੇ ਭੀ ਪਾਣੀ ਦੀ ਲੀਕ ਵਾਕੁਰ ਛੇਤੀ ਘਟ ਜਾਂਦਾ ਹੈ ॥

(ਵਾਰ ੨੧ ਪੌੜੀ ੧੫ ਤੇ ੧੬-੧੭ ਵੇਖੋ ਅਤੇ ਸਭਾਂ ਪ੍ਰਕਾਰ ਦਰਕਰਨ ਵਾਸ ਜੀ ਤ੍ਰਿਤ ਵੇਖੋ)

ਦੁਰਜਨਤਾ ਅਸਾਧ ਪ੍ਰੀਤ ਜਲ ਰੇਖ ਅਰੁ
ਵੈਰ ਤੋ ਪਖਾਨ ਰੇਖ ਸੇਖ ਅੰਗ ਅੰਗ ਮੈਂ।

(ਪਖਾਨ) ਪਥਰ। ਅਸਾਧਾਂ ਦੀ ਅਜੇਹੀ ਖੋਟੀ ਬਾਣ ਹੈ ਕਿ ਪ੍ਰੀਤ ਪਾਣੀ ਦੀ ਲਕੀਰ ਵਾਕੁਰ ਹੈ ਭਾਵ ਜਲਦੀ ਨਾਲ ਦੂਰ ਹੋ ਜਾਂਦੀ ਹੈ ਅਤੇ ਵੈਰ ਪੱਥਰ ਦੀ ਲੀਕ ਵਾਕੁਰ ਬਹੁਤ ਤਿਨਾਂ ਦੇ ਅੰਗਾਂ ਅੰਗਾਂ ਵਿਚ ਪੈ ਭਾਵ ਵੈਰ ਸਾਰੀ ਉਮਰ ਭੁਲਾਉਂਦੇ ਹੀ ਨਹੀਂ ਭਾਵੇਂ ਲੜਾਈ ਦਾ ਵੇਲਾ ਦੂਰ ਵੀ ਹੋ ਜਾਵੇ ਮਗਰ ਫਿਰ ਭੀ ਯਾਦ ਰਖਕੇ ਮਾਰਦੇ ਹਨ ॥

ਦੁਸ਼ਟ ਕ੍ਰਿਆ ਏਰਸੀ ਨਹੀਂ ਜੈਸੇ ਜਲ ਮਹਿ ਰੇਖ।
ਸੰਤ ਕ੍ਰਿਆ ਅਤਿ ਅਲਖ ਹੀ ਸਿਲਾ ਰੇਖ ਸਮੈਂ ਦੇਖ ॥ ਸਾਰੁਕਤਾਵਲੀ

ਕਾਸਟ ਅਗਨਿ ਗਤਿ ਪ੍ਰੀਤ ਬਿਪਰੀਤ
ਸੁਰਸਰੀ ਜਲ ਬਾਰਨੀ ਸਰੂਪ ਜਲ ਗੰਗ ਮੈਂ।

(ਸੁਰਸਰੀ) ਗੰਗਾ (ਬਾਰਨੀ) ਸ਼ਰਾਬ। ਲਕੜੀ ਅਗਨੀ ਵਾਕੁਰ ਅਤੇ ਗੰਗਾ ਦੇ ਪਾਣੀ ਵਿਚ ਸ਼ਰਾਬ ਪੈਣੀ ਗੰਗਾ ਦੇ ਪਾਣੀ ਦਾ ਸਰੂਪ ਹੋਣੇ ਜੇਕਰ ਇਨ੍ਹਾਂ ਦੀ ਪ੍ਰੀਤੀ ਉਲਟੀ ਹੈ ॥

ਭਾਵ—ਲਕੜੀ ਅਗਨੀ ਦੀ ਰਖਯਾ ਕਰਦੀ ਹੈ ਅਤੇ ਅਗਨੀ ਲਕੜੀ ਨੂੰ ਸਾੜਦੀ ਹੈ ਅਤੇ ਗੰਗਾ ਸ਼ਰਾਬ ਦੇ ਪੜਦੇ ਢਕਦੀ ਹੈ ਪਰ ਸ਼ਰਾਬ ਗੰਗਾਜਲ ਦੇ ਪਾਣੀ ਨੂੰ ਹੀ ਵਿਗਾੜ ਦੇਂਦੀ ਹੈ ਜੇਕੁਰ ਹੀ ਗੁਰਮੁਖਾਂ ਮਨਮੁਖਾਂ ਦੀ ਪ੍ਰੀਤੀ ਹੈ।

ਦੁਰਮਤਿ ਗੁਰਮਤਿ ਅਜਾ ਸਰਪ ਗਤਿ
ਉਪਕਾਰੀ ਔ ਬਿਕਾਰੀ ਢੰਗ ਹੀ ਕੁਢੰਗ ਹੈ ॥੨੯੭॥

(ਅਜਾ) ਬਕਰੀ। ਖੋਟੀ ਮਤ ਨੂੰ ਧਾਰਨਵਾਲੇ ਸਪ ਵਾਕੁਰ ਖੋਟਾ ਢੰਗ ਡੰਗ ਮਾਰਨ ਦਾ ਕਰਕੇ ਵਿਕਾਰ ਕਰਦੇ ਕਿਆ ਮਾਰ ਦਿੰਦੇ ਹਨ ਅਤੇ ਚੰਗੀ ਅਕਲ ਨੂੰ ਧਾਰਨ ਵਾਲੇ ਬਕਰੀ ਵਾਕੁਰ ਚੰਗਾ ਢੰਗ ਕਰਕੇ ਉਪਕਾਰ ਕਰਦੇ ਹਨ ਭਾਵ ਬਕਰੀ ਨਿਮਾਣੀ ਹੁੰਦੀ ਹੈ ॥ (ਵਾਰ ੨੫ ਪੌੜੀ ੧੬ ਵੇਖੋ)॥੨੯੭॥

ਉਪਰੋਕਤ ਪ੍ਰਕਰਨ ਨੂੰ ਮੁੜਕੇ ਫਿਰ ਵਰਨਨ ਕਰਦੇ ਹਨ ॥

ਦੁਰਮਤਿ ਗੁਰਮਤਿ ਸੰਗਤਿ ਅਸਾਧ ਸਾਧ

ਕਾਸਟ ਅਗਨਿ ਗਤਿ ਟੇਵ ਨ ਟਰਤ ਹੈ।

ਸਾਧਾਂ ਦੀ ਸੰਗਤ ਕਰਕੇ ਚੰਗੀ ਅਕਲ ਸਿਖਿਆ ਪ੍ਰਾਪਤ ਹੁੰਦੀ ਹੈ ਅਤੇ ਅਸਾਧਾਂ ਦੀ ਸੰਗਤ ਕਰਕੇ ਮਾੜੀ ਅਕਲ ਸਿਖਿਆ ਪ੍ਰਾਪਤ ਹੁੰਦੀ ਹੈ ਲਕੜੀ ਅਤੇ ਅਗਨੀ ਵਾਂਗਰ ਆਪੋ ਆਪਣੇ ਸੁਭਾਉ ਦੀ (ਟੇਵ) ਹੈ ਜੋ ਨਹੀਂ ਟਲਦੇ ਭਾਵ ਜੀਕਰ ਅਗਨੀ ਤੇ ਲਕੜੀ ਆਪੋ ਆਪਣੇ ਮਾੜੇ ਚੰਗੇ ਸੁਭਾਉ ਨੂੰ ਨਹੀਂ ਛਡਦੀਆਂ ਈਕੁਰ ਹੀ ਗੁਰਮੁਖ ਮਨਮੁਖ ਆਪੋ ਆਪਣੀ ਟੇਵ ਤੋਂ ਨਹੀਂ ਟਲਦੇ।

ਅਜਯਾ ਸਰਪ ਜਲ ਗੰਗ ਬਾਰੁਨੀ ਬਿਧਾਨ
ਸਨ ਔ ਮਜੀਠ ਖਲ ਖੰਡਤ ਲਰਤ ਹੈ।

(ਅਜਯਾ) ਬਕਰੀ। (ਬਾਰੁਨੀ) ਸ਼ਰਾਬ। (੧) ਬਕਰੀ ਅਤੇ ਸੱਪ ਦੀ। (੨) ਗੰਗਾ ਦੇ ਪਾਣੀ ਅਤੇ ਸ਼ਰਾਬ ਦੀ। (੩) ਸਣ ਅਤੇ ਮਜੀਠ ਦੀ। (੪) ਮੂਰਖ ਅਤੇ ਪੰਡਿਤ ਦੀ। ਇਨਾਂ ਦੀ ਰੀਤੀ ਜੀਕੁਰ ਆਪੋ ਵਿਚ ਦੀ ਲੜਨ ਵਾਲੀ ਹੁੰਦੀ ਹੈ। ਭਾਵ ਆਪੋ ਵਿਚ ਦੀ ਵਿਰੁਧ ਸੁਭਾਉ ਨੇ ਈਕੁਰ ਹੀ ਗੁਰਮੁਖ ਮਨਮੁਖ ॥ –

ਭਲਾ ਸੁਭਾਉ ਮਜੀਠ ਦਾ ਸਹੈ ਅਵਟਣ ਰੰਗ ਚੜ੍ਹਾਵੈ।
ਸਣ ਜਿਉਂ ਕੂੜ ਸੁਭਾਉ ਹੈ ਖਲ ਕਢਾਇ ਵਟਾਇ ਬਨ੍ਹਾਇ। (ਵਾਰ ੩੧ ਪੌੜੀ ੧੫)
ਦੋਸਦ ਰੰਗੇ ਤੇਲੀਏ ਪੰਡਿਤ ਨਾਲ ਹੋਵੈ ਜੰਗ ਦੇਖੈ ॥ (ਵਾਰ ੩੨ ਪੌੜੀ ੧੯)
ਸਪੈ ਦੁਧ ਪੀਆਲੀਐ। (ਵਾਰ ੬ ਪੌੜੀ ੨੦)
ਛਪੈ ਕਸਾਈ ਬਕਰੀ ਲਾਇ ਲੂਣ ਸੀਖ ਮਾਸ ਪਰੋਆ ॥ (ਵਾਰ ੩੭ ਪੌੜੀ ੨੧)

ਕੰਟਕ ਪੁਹਪ ਸੈਲ ਪਾਦਿਕਾ ਸਨਾਹ ਸਸਤ੍ਰ
ਹੰਸ ਕਾਗ ਬਗ ਬਧਕ ਮ੍ਰਿਗ ਹੋਇ ਨਿਬਰਤ ਹੈ।

(੧) ਕੰਡੇ ਅਤੇ ਫੁਲ ਦਾ। (੨) ਵੱਟੇ ਅਤੇ ਪਜੰਗੇ ਦਾ। (੩) ਸੰਜੋਇ ਅਤੇ ਤਲਵਾਰ ਦਾ। (੪) ਹੰਸ ਅਤੇ ਕਾਂ, ਬਗਲੇ ਦਾ। (੫) ਸ਼ਿਕਾਰੀ ਅਤੇ ਹਰਨ ਦਾ ਸੁਭਾਉ ਜਾਨ ਤਕ ਹੋਕੇ ਹੀ ਨਿਬੜਦਾ ਹੈ ॥

ਕੁਲ ਕਪਾਟ ਹਥਿਆਰ ਜਿਉਂ ਸਭ ਰਖਵਾਲਾ ਸਨਾਹ ਸੰਜੋਅ ॥ (ਵਾਰ ੨੦ ਪੌੜੀ ੧੦)
ਬਧਕ ਨਾਦ ਸੁਣ ਵਿਕੈ ਜਿਉਂ ਮਿਰਗ ਵਿਣਾਹੇ। (ਵਾਰ ੨੬ ਪੌੜੀ ੬)
ਬਗਲੇ ਹੰਸ ਬਰਾਬਰੀ ਕਿਉਂ ਮਿਕਨਿ ਮਿਲੈ। (ਵਾਰ ੨੬ ਪੌੜੀ ੭)

ਲੋਸਟ ਕਨਿਕ, ਸੀਪ, ਸੰਖ, ਮਧੁ ਕਾਲਕੂਟ
ਸੁਖ ਦੁਖ ਦਾਇਕ ਸੁਭਾਵ ਬਿਹਰਤ ਹੈ ॥੨੧੯॥

ਮੰਦਰ (੧) ਲੋਹੇ ਦਾ ਸਾਰ ਤੇ ਸੋਇਨਾ। (੨) ਸਿਧਾਂ ਤੇ ਸੋਮ। (੩) ਅੰਮ੍ਰਿਤ ਤੇ ਵਿਖ ਆਪੋ ਆਪਣਾ ਸੁਖ ਦੇਣ ਵਾਲਾ ਤੇ ਦੁਖ ਦੇਣ ਵਾਲਾ ਸੁਭਾਉ ਨਹੀਂ ਛਡਦੇ ਸ੍ਰੀ ਗੁਰ ਹੀ ਗੁਰਮੁਖ ਸੰਸਾਰ ਵਿਚ ਸੁਖ ਦੇਂਦੇ ਫਿਰਦੇ ਹਨ ਅਤੇ ਮਨਮੁਖ ਦੁਖ॥ ੨੯੧ ॥

ਸਿਖ ਸਾਧੂ ਸਮਾਨ ਗੁਰਮਤ ਹੋਵਣਾ ਦੇਹ ਵਿਰਾਗੀ॥ (ਵਾਰ ੨੬ ਪੌ: ੪)

ਘੂਘਰ ਭਰੇ ਉਦਧ ਤੀਰ, ਨੇਕ ਨ ਕਰ ਚਲਣੇ ਨੀਰ, ਅਵਗੁਣ ਇਮ ਜਾਨੀ ਪੀਰ ਜੀਵਨ ਮੈਂ ਜਾਨੀ॥ ਭਾਵ ਕਿ ਭਾਵੇਂ ਕੱਠੇ ਰੋ ਪ੍ਰਸੰਗ ਹੋਵੇ ਜਾਣਾ ਪਰ ਰਸਦਾ ਦੇਗਾ ਸੁਭਾਵ ਨਾ ਤ੍ਰਹਣ ਕਰਨਾ ਸ੍ਰੀ ਗੁਰ ਹੀ ਮੁਹਰੇ ਵਿਚੋਂ ਜਿਵੇਂ ਮਨਮੁਖਾਂ ਦਾ ਗੁਰਮੁਖਾਂ ਨਾਲ ਵਸਦੇ ਹਨ॥

ਦਾਦਰ ਸਰੋਜ ਬਾਸ ਚਾਂਦਨ ਮਰਾਲ ਬਗ

ਪਾਰਸ ਪਖਾਨ ਬਿਖ ਅੰਮ੍ਰਿਤ ਸੰਜੋਗ ਹੈ।

(੧) ਡੱਡੂ ਨੂੰ ਕੌਲ ਫੁਲ ਦਾ। (੨) ਬਾਂਸ ਨੂੰ ਚੰਦਨ ਬ੍ਰਿਛ ਦਾ (੩) ਮਰਾਲੇ ਨੂੰ ਹੰਸਦਾ। (੪) ਪੱਥਰ ਨੂੰ ਪਾਰਸ ਦਾ (੫) ਵਿਹੁ ਨੂੰ ਅੰਮ੍ਰਿਤ ਦਾ ਭਾਵੇਂ ਮਿਲਾਪ ਹੋ ਜਾਵੇ ਪਰ ਏਨਾਂ ਨੇ ਆਪੋ ਆਪਣਾ ਸੁਭਾਵ ਨਹੀਂ ਛਡਣਾ॥ ਜੈਸਿਕਾ ਰੰਗ ਦੇ ਦੂਜੇ ਅਧਿਆਇ ਸੂਰਜ ਪ੍ਰਕਾਸ਼ ਜਗਾ ਸਿੰਘ ਜੀ ਦੀ ਸਾਖੀ ਵਿਚ॥

ਸਾਗਰ ਦਾਦਰ ਜਲ ਮਹਿ ਬਾਸਾ। ਗੁਰ ਗੁਣ ਕਮਲ ਸਾਰ ਨਹਿ ਭਾਸਾ॥

ਕਬੀਰ ਬਾਂਸੁ ਬਡਾਈ ਬੂਡਿਆ ਇਉ ਮਤ ਡੂਬਹੁ ਕੋਇ।

ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ। ਕਬੀਰ ਜੀ॥ ੧੧॥

ਵਾਸ ਨ ਆਵੈ ਵਾਂਸ ਨੋ ਹਉਮੈ ਅਗ ਨ ਚੰਨਣ ਵਾੜੀ॥ ਵਾਰ ੩੨ ਪੌੜੀ ੪

ਚੰਦਨ ਵਾਸ ਵਣਾਸਪਤਿ ਵਾਂਸ ਨਿਵਾਸ ਨ ਉਤੇ ਸਾਹਾ॥ ਵਾਰ ੩੧ ਪੌ: ੪

ਹੰਸਾਂ ਵੇਖਿ ਤਰੰਦਿਆਂ ਬਗਾਂ ਭਿ ਆਇਆ ਚਾਉ।

ਡੁਬਿ ਮੁਏ ਬਗ ਬਪੁੜੇ ਸਿਰੁ ਤਲਿ ਉਪਰਿ ਪਾਉ॥ ਵਾਰ ਵਡਹੰਸ ਗੁਰੂ ੧

ਸਗਲਾ ਤਰਣ ਨ ਸਿਖਿਓ ਤੀਰਥ ਨਾਇ ਨ ਪੱਥਰ ਤਰਿਆ। ਵਾਰ ੨੭ ਪੌੜੀ ੮

ਤੀਰਥ ਮੰਝ ਨਿਵਾਸ ਹੈ ਮਗਰਮਛ ਅਪਵੀਣਾ॥ ਵਾਰ ੩੬ ਪੌੜੀ ੧

ਪਾਰਸ ਪੱਥਰ ਸੰਗ ਹੈ ਪਾਰਸ ਪਰਸ ਨ ਕੰਚਨ ਹੋਵੈ॥ ਵਾਰ ੩੨ ਪੌੜੀ ੮

ਨਾਵਿਰ ਵਿਚਹੁ ਨਿਕਲੈ ਕਾਲ ਕੂਟ ਤੇ ਅੰਮ੍ਰਿਤਵਾਣੀ।

ਉਹ ਖਾਧੇ ਮਰ ਮੁਕੀਐ ਉਹ ਖਾਧੈ ਹੋਇ ਅਮਰ ਪਰਾਣੀ। ਵਾਰ ੩੧ ਪੌੜੀ ੧

ਮ੍ਰਿਗ ਮ੍ਰਿਗਮਦ, ਅਹਿਮਨਿ, ਮਧੁ ਮਾਖੀ ਸਾਖੀ

ਬਾਂਸ ਬਾਸੁ ਨਾਹ ਨੇਹ ਨਿਹਫਲ ਭੋਗ ਹੈ।

(੧) ਮਿਰਗ ਅੰਦਰ ਕਸਤੂਰੀ ਵਿਚ ਮਸਤੂਰੀ ਹੈ। (੨) ਸੱਪ ਅੰਦਰ

ਮਣੀ ਹੈ। (੩) ਜਲਾਂ ਸ਼ਹਿਤ ਮਾਸ ਰਹਿੰਦੇ ਪੁਗਰ ਹੀ (੪) ਬਾਂਝ ਇਸਤ੍ਰੀ ਦਾ ਪਤੀ ਨਾਲ ਬੜਾ ਪ੍ਰੇਮ ਹੁੰਦਾ ਹੈ ਪਰ ਅਪਰਾਲਬੀ ਦੇ ਅਨੰਦ ਦਾ ਰਸ ਵੀ ਪੁਤ੍ਰ ਦੀ ਅਪਰੇਖ ਫਲ ਨਹੀਂ ਮਿਲਦਾ। ਭਾਵ—ਜੇ ਇਕਠਿਆਂ ਕਾਰਜ ਕਰਨੇ ਫਲ ਹੋਵੇ ਤਾਂ ਇਸਤ੍ਰੀ ਨੂੰ ਪਤੀ ਪਾਸੋਂ ਪੁਤ੍ਰ ਪ੍ਰਾਪਤ ਹੋਵੇ। ਹਰਨ ਨੂੰ ਕਸਤੂਰੀ ਦੀ ਸੁਗੰਧੀ ਆਵੇ ਸੱਪ ਨੂੰ ਮਣੀ ਦਾ ਸੁਖ ਹੋਵੇ ਹੈ ਤੇ ਮਖੀ ਨੂੰ ਸੰਪਤ ਦਾ ਸੁਖ ਹੋਵੇ।

ਨਾਭਿ ਕਥੂਰੀ ਮਿਰਗ ਦੇ ਫਿਰਦਾ ਹੈਰਾਣੇ। (ਵਾਰ ੩੪ ਪੌੜੀ ੪ ਪੰਗ)
ਜੈਸੇ ਕੁਰੰਕ ਨਹੀ ਪਾਇਓ ਭੇਦੁ। ਤਨਿ ਸੁਗੰਧ ਢੂਢੈ ਪਰਦੇਸੁ॥ ਬਾਣੀ ਭਗਤ ਰਵਿਦਾਸ ਜੀ
ਜਿਉ ਮਣਿ ਕਾਲੇ ਸਪ ਸਿਰੁ ਸਾਰ ਨ ਜਾਣੈ ਵਿਸੁ ਭਰਿਆ॥ ਵਾਰ ੩੨ ਪੌੜੀ ੮
ਸੰਢ ਸਪੁਤੀ ਨਾਥੀਐ ਕਲਤਾਵੇ ਕੰਤੇ॥ ਵਾਰ ੨੫ ਪੌੜੀ ੮

ਦਿਨਕਰ ਜੋਤਿ ਉਲੂ ਬਰਖੈ ਸਮੈ ਜਵਾਸੋ
ਅਸਨ ਬਸਨ ਜੈਸੇ ਬ੍ਰਿਥਾਵੰਤ ਰੋਗ ਹੈ।

(੧) ਜੇਹਾ ਕੁ ਸੂਰਜ ਦਾ ਪ੍ਰਕਾਸ਼ ਉਲੂ ਨੂੰ ਅਤੇ (੨) ਮੀਂਹ ਦੇ ਦਿਨਾਂ ਦਾ ਭਾਵ ਸੌਣ ਭਾਦਰੋਂ ਜਵਾਹਾਂ ਨੂੰ (੩) ਅੰਨ ਬਸਤ੍ਰ ਰੋਗੀ ਨੂੰ ਰੋਗ ਰੂਪ ਦੁਖ ਦੇਣ ਵਾਲੇ ਹਨ॥

(੧) ਜੋਰ ਸੂਰਜ ਪਰਗਾਸ ਹੈ ਕੁਨਹੁ ਘੁਘੂ ਕੁਝ ਨ ਸੁਝੇ। ਵਾਰ ੩੦ ਪੌੜੀ ੧੧
(੨) ਸੁਝੈ ਸੁਝਨ ਤਿਨ ਲੋਅ ਅੰਨੇ ਘੁਘੂ ਸੁਝ ਨ ਸੁਝੇ। ਵਾਰ ੩੧ ਪੌੜੀ ੧
(੩) ਸਾਵਣ ਵਣ ਹਰੀਆਵਲੇ ਸੁਕੈ ਜਾਵਾਹਾ। ਵਾਰ ੩੪ ਪੌੜੀ ੫
(੪) ਸਾਵਣ ਵਣ ਹਰੀਆਵਲੇ ਵੁਠੇ ਸੁਕੇ ਅੱਕ ਜਵਾਹਾ॥ ਵਾਰ ੧੯ ਪੌੜੀ ੩

ਤੈਸੇ ਗੁਰਮਤਿ ਬੀਜ ਜਮਤ ਨ ਕਾਲਰ ਮੈ
ਅੰਕੁਰ ਉਦੋਤ ਹੋਤ ਨਾਹਿ ਨ ਬਿਯੋਗ ਹੈ॥ ੨੯੦

ਜੇਕਰ ਕਲਰ ਵਿਚ ਬੀਜ ਬੀਜੀਏ ਤਾਂ ਉਦੀ ਪਨੀਰੀ ਨਹੀਂ ਉਗਦੀ ਜੀਕੁਰ ਹੀ ਕਿਸੇ ਵਿਕਾਰੀ ਦੇ ਹਿਰਦੇ ਵਿਚ ਗੁਰਾਂ ਦੀ ਸਿਖਿਆ ਨਹੀਂ ਉਤਪਤ ਹੁੰਦੀ ਅਤੇ ਨਾ ਹੀ ਓਸਨੂੰ ਸਰਧਾ, ਇਛਾ, ਪ੍ਰਗਟ ਹੁੰਦੀ ਹੈ, ਇਸ ਲਈ ਮਨ ਮੁਖ ਦਾ ਪ੍ਰਮਾਤਮਾ ਨਾਲੋਂ ਵਿਛੋੜਾ ਹੀ ਰਹਿੰਦਾ ਹੈ॥

ਕੱਲਰ ਖੇਤ ਨ ਜੰਮਈ ਘਨਹਰ ਵਰਸੰਤੇ॥ ਵਾਰ ੨੫ ਪੌੜੀ ੭॥ ੨੯੦॥

ਜਿਸ ਵਿਚ ਪ੍ਰੇਮ ਅਤੇ ਵਿਛੋੜਾ ਪ੍ਰਗਟਲੇ ਜਾਨਵਰਾਂ ਜ਼ਰੂਰ ਨਹੀਂ ਉਹ ਆਦਮੀ ਦਾ ਐਣਾ ਜਨਮ ਐਵੇਂ ਹੀ ਹੈ ਜਥਾ ਸਾਰੁਕਤਾਵਲੀ "ਅਜਾ ਗਲੇ ਕੇ ਕੁਚਨਿਵਤ ਜਨਮ ਬਿਅਰਥ ਹੈ ਤਾਸ।"

ਸਿਆਮ ਸੰਗਤਾ ਪ੍ਰੇਮ ਨੇਮ ਲੋ ਪਤੰਗਾ ਜਾਨਿ

ਬਿਰਹ ਬਿਓਗ ਸੋਗ ਮੀਨ ਭਲ ਜਾਨਈ।

ਪ੍ਰੇਮ ਕਰਕੇ ਰੋਜ ਦੇ ਨਿਯਮ ਨੂੰ ਦੀਵੇ ਨਾਲ ਮਿਲ ਕੇ ਸੜ ਮਰਨਾ ਪਤੰਗਾ ਜਾਣਦਾ ਹੈ ॥ ਅਤੇ ਪਾਣੀ ਨਾਲੋਂ ਵਿਛੜ ਕੇ ਵਿਛੋੜੇ ਦੇ ਦੁਖ ਨੂੰ ਮੱਛੀ ਚੰਗੀ ਤਰਾਂ ਜਾਣਦੀ ਹੈ ॥

ਇਕ ਟਕ ਦੀਪਕ ਧਿਆਨ ਪ੍ਰਾਨ ਪਰਹਰੈ

ਸਲਿਲ ਵਿਯੋਗ ਮੀਨ ਜੀਵਨ ਨ ਮਾਨਈ।

ਇਕ ਟਕ ਨੇਤ੍ਰਾਂ ਦਾ ਧਿਆਨ ਦੀਵੇ ਵਲ ਪਤੰਗਾ ਕਰਕੇ ਆਪਣੇ ਪ੍ਰਾਣਾਂ ਨੂੰ ਤਿਆਗ ਦੇਂਦਾ ਹੈ ਅਤੇ ਪਾਣੀ ਦੇ ਵਿਛੋੜੇ ਕਰਕੇ ਮੱਛੀ ਆਪਣਾ ਜੀਊਣਾ ਚੰਗਾ ਨਹੀਂ ਮੰਨਦੀ।

ਦੀਪਕ ਦੇਖਿ ਪਤੰਗਹਿ ਦਰਸਨ ਜਿਉਂ ਦਾਹੇ ॥ ਵਾਰ ੩੬ ਪਉੜੀ ੬ ਪੰਗਤੀ ੪
ਸੋਰਠ ਰਵਿਦਾਸ ਜੀ—ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ। ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ।

ਚਰਨ ਕਮਲ ਮਿਲ ਬਿਛੁਰੈ ਮਧੁਪ ਮਨ

ਕਪਟ ਸਨੇਹ ਧ੍ਰਿਗ ਜਨਮ ਅਗਜਾਨਈ।

(ਮਧੁਪ) ਭੌਰਾ। ਜੇਹੜੇ ਭੌਰੇ ਮਨਮੁਖ ਗੁਰਾਂ ਦੇ ਚਰਨ ਕੌਲ ਤੇ ਆਣਕੇ ਛੱਡਦੇ ਹਨ ਅਤੇ ਉਨ੍ਹਾਂ ਕਪਟੀਆਂ ਅਗਯਾਨੀਆਂ (ਭਾਵ ਜ਼ਿੰਦਗੀ ਦੇ ਭੂੰਡਾਂ) ਦਾ ਮਨ ਨਹੀਂ ਲਗਦਾ ਇਸ ਲਈ ਉਨ੍ਹਾਂ ਦੇ ਜਨਮ ਨੂੰ ਧ੍ਰਿਕਾਰ ਹੈ ॥

ਨਿਹਫਲ ਜੀਵਨ ਮਰਨ ਗੁਰ ਬਿਮੁਖ ਹ੍ਵੈ

ਪ੍ਰੇਮ ਅਰੁ ਬਿਰਹ ਨ ਦੋਊ ਉਰ ਆਨਈ ॥੩੦੦॥

ਐਵੇਂ ਹੀ ਜੰਮਦਾ ਮਰਦਾ ਦੁਖ ਭੋਗਦਾ ਰਹਿੰਦਾ ਹੈ "ਅਸਲ ਦਾ ਮਰਨਾ ਝੂਠੀ ਜੀਊਣਾ" ਭਾਵ ਸਾਰੀ ਉਮਰ ਦਾ ਜੀਊਣਾ ਉਸ ਦਾ ਬਿਅਰਥ ਹੈ ਜੋ ਗੁਰਾਂ ਤੋਂ ਬੇਮੁਖ ਹੋਕੇ ਅਤੇ ਪ੍ਰੇਮ ਪਤੰਗੇ ਦਾ ਅਤੇ ਵਿਛੋੜਾ ਮੱਛੀ ਦਾ ਜੋ ਦੋਆਂ ਨੂੰ (ਉਰ) ਹਿਰਦੇ ਵਿਚ ਨਹੀਂ ਲਿਆਉਂਦਾ ॥੩੦੦॥

ਉਪ੍ਰਕਿਤ ਗੁਰਮੁਖ ਬ੍ਰਹਮ ਦ੍ਰਿਸ਼ਟੀ ਨਾਲ ਸਾਰੇ ਜਗਤ ਨੂੰ ਇਕੋ ਜਿਹਾ ਵੇਖਦੇ ਹਨ ਅਤੇ ਹੋਰਨਾਂ ਨੂੰ ਵਿਖਾਉਂਦੇ ਹਨ ॥

ਦ੍ਰਿਸਟਿ ਦਰਸ ਲਿਵ ਦੇਖੈ ਔ ਦਿਖਾਵੈ ਸੋਈ

ਸਰਬ ਦਰਸ ਓਨ, ਧਰਮ ਕੈ ਜਾਨੀਐ।

ਨੇਤ੍ਰਾਂ ਦੇ ਝਿਮਣੇ ਵਿਚ ਵਾਹਿਗੁਰੂ ਦੇ ਦਰਸ਼ਨ ਨੂੰ ਵੇਖਦੇ ਹਨ ਅਤੇ (ਸ਼ਬਦ) ਬਿਰਤੀ ਲਾਕੇ ਸੋਈ ਵਾਹਿਗੁਰੂ ਗੁਰੂ ਰੂਪ ਹੋਣਨਾਂ ਨੂੰ ਦਿਖਾਉਂਦੇ ਹਨ ਅਤੇ ਸਾਰਿਆਂ ਦਰਸ਼ਨਾਂ ਨੂੰ ਇਕ ਵਾਹਿਗੁਰੂ ਦਾ ਦਰਸ਼ਨ ਕਰਕੇ ਜਾਣਦੇ ਹਨ ॥

ਸਬਦ ਸੁਰਤਿ ਲਿਵ ਕਹਤ ਸੁਨਤ ਸੋਈ
ਸਰਬ ਸਬਦ ਏਕ ਸਬਦ ਕੈ ਮਾਨੀਐ ।

ਸੋਈ ਵਾਹਿਗੁਰੂ ਰੂਪ ਹੋਕੇ ਸ਼ਬਦ ਨੂੰ ਉਚਾਰਨ ਕਰਦਾ ਹੈ । ਅਤੇ ਸਿਖ ਹੋਕੇ ਬਿਰਤੀ ਲਾਕੇ ਕੰਨਾਂ ਨਾਲ ਸੁਣਦਾ ਹੈ ਈਕੁਰ ਜਾਣਕੇ ਗੁਰਮੁਖ ਸਾਰਿਆਂ ਸ਼ਬਦਾਂ ਨੂੰ ਇਕ ਸ਼ਬਦ ਕਰਕੇ ਮੰਨਦੇ ਹਨ ॥

ਕਾਰਨ ਕਰਨ ਕਰਤੱਗਿ ਸਰਬੱਗਿ ਸੋਈ
ਕਰਮ ਕਰਤੂਤ ਕਰਤਾਰ ਪਹਿਚਾਨੀਐ ।

ਸੋਈ ਵਾਹਿਗੁਰੂ ਸਾਰਿਆਂ ਕੰਮਾਂ ਦੇ (ਕਰਨ ਦਾ ਕਾਰਨ) ਕਰਨ ਵਾਲਾ ਹੈ ਤੇ ਹੋਰ ਕੰਮਾਂ ਦੀ ਕਰਨੀ ਭੀ ਵਾਹਿਗੁਰੂ ਨੂੰ ਹੀ ਜਾਣਦੇ ਹਨ ॥

ਸਤਿਗੁਰ ਗਿਆਨ ਧਿਆਨ ਏਕ ਹੀ ਅਨੇਕ ਮੇਕ
ਬ੍ਰਹਮ ਬਿਬੇਕ ਟੇਕ ਏਕੈ ਉਰ ਆਨੀਐ॥੨੦੧॥

ਸਤਗੁਰਾਂ ਦੇ ਗਿਆਨ ਦੇ ਧਿਆਨ ਪ੍ਰਾਪਤ ਹੋਣ ਕਰਕੇ ਇਕ ਵਾਹਿਗੁਰੂ ਨੂੰ ਹੀ ਅਨੇਕਾਂ ਜੀਵਾਂ ਵਿਚ ਮੇਕ=ਮਿਲਿਆ ਹੋਇਆ ਜਾਣਦੇ ਹਨ ਅਤੇ ਬ੍ਰਹਮ ਰੂਪ ਵਾਹਿਗੁਰੂ ਦੇ ਬਿਬੇਕ=ਵਿਚਾਰ ਦੀ ਓਟ ਇਕੋ ਹੀ ਉਰ=ਹਿਰਦੇ ਵਿਚ ਲਿਆਉਂਦੇ ਹਨ ॥ ੨੦੧ ॥

ਸਾਧਸੰਗਤ ਦਾ ਮਹਾਤਮ(ਤੇਜ)

ਚਿਤਵਤ ਕਟਾਛ ਮਾਯਾ ਮੋਹੇ ਬ੍ਰਹਮੰਡ ਖੰਡ
ਸਾਧ ਸੰਗ ਰੰਗ ਮੈ ਬਿਮੋਹਿਤ ਮਦਾਨ ਹੈ ।

ਜਿਸ ਮਾਇਆ ਦਾ ਕੌਡਾ ਜਿਹਾ ਨੇਤ੍ਰਾਂ ਦੇ ਫੇਰਨ ਨਾਲ ਸਾਰੇ ਖੰਡ ਬ੍ਰਹਮੰਡ ਮੋਹਤ ਹੋ ਜਾਂਦੇ ਹਨ ਉਹ ਮਾਇਆ ਸਾਧ ਸੰਗਤ ਵਿਚ ਪ੍ਰੇਮ ਕਰਕੇ ਮੋਹਤ ਹੋਕੇ ਮਸਤ=ਦੀਵਾਨੀ ਜਾਂਦੀ ਹੈ ॥ ਯਥਾ ਗੁਜਰੀ ਗੁਰੂ ੫ ॥

ਬ੍ਰਹਮ ਲੋਕ ਅਰ ਇੰਦ੍ਰ ਲੋਕ ਆਈ ਰੁਦ੍ਰ ਲੋਕ ਤੇ ਧਾਇ ॥
ਸਾਧ ਸੰਗਤਿ ਕਉ ਜੋਹਿ ਨ ਸਾਕੈ ਮਲਿ ਮਲਿ ਧੋਵੈ ਪਾਇ ॥

ਜਾ ਕੈ ਓਅੰਕਾਰ ਕੈ ਅਕਾਰ ਹੈ ਨਾਨਾ ਪ੍ਰਕਾਰ
ਕੀਰਤਨ ਸਮੈ ਸਾਧਸੰਗ ਸੈ ਮਗਨ ਹੈ ।

ਜਿਸ ਵਾਹਿਗੁਰੂ ਦੇ ਬਹੁਤ ਤਰਾਂ ਦੇ ਜੀਆਂ ਰੂਪ=ਆਕਾਰ ਕੀਤੇ ਹੋਏ ਹਨ ਸ਼ਬਦ ਕੀਰਤਨ ਦੇ ਵੇਲੇ ਓਹ ਭੀ ਸਾਧ ਸੰਗਤ ਵਿਚ ਮਗਨ=ਪ੍ਰੇਮ ਕਰਦਾ ਹੈ ॥ ਸਾਧ ਸੰਗਤਿ ਮਹਿ ਬਸੈ ਕ੍ਰਿਪਾਲ ॥ ਪ੍ਰਭਾਤੀ ਮਹਲਾ ੫

ਸਿਵ ਸਨਕਾਦਿ ਬ੍ਰਹਮਾਦਿ ਆਗਿਆਕਾਰੀ ਜਾ ਕੇ
ਅੰਤ੍ਰ ਭਾਗ ਸਾਧਸੰਗ ਗ੍ਯਾਨ ਅਗਿਆਨ ਹੈ ।

ਜਿਸਦੇ ਸਿਵ ੧, ਸਨਤ ਕੁਮਾਰ ੨, ਸਨਕ ੩, ਸਨਾਤਨ ੪, ਸਨੰਦਨ ੫ ਅਤੇ ਬ੍ਰਹਮਾ ਆਦਿਕ ਹੋਰ ਦੇਵਤੇ ਆਗਿਆ ਮੰਨਣ ਵਾਲੇ ਆਗਿਆਕਾਰੀ ਬਣੇ ਹੋਏ ਹਨ ਉਸ ਪਾਸੋਂ ਭੀ ਸਾਧ ਸੰਗਤ ਦੇ ਗੁਣ ਨਹੀਂ ਗਿਣੇ ਜਾਂਦੇ ਕਿਆ ਅਗਿਆਨ ਅਣਜਾਣ ਹਨ ॥

ਅਗਮ ਅਪਾਰ ਸਾਧ ਮਹਿਮਾ ਅਪਾਰ ਬਿਖੈ
ਅਤਿ ਲਿਵਲੀਨ ਜਲ ਮੀਨ ਅਭਗਨ ਹੈ ॥੫੦੮

ਜੀਕੂੰ ਮੀਨ=ਮਛੀ ਪਾਣੀ ਵਿਚ ਲੀਨ=ਮਸਤ ਹੋਈ ਰਹਿੰਦੀ ਹੈ ਏਕੂੰ ਹੀ ਸਾਧ ਸੰਗਤ ਅਗਮ ਅਪਾਰ=ਵਾਹਿਗੁਰੂ ਵਿਚ ਬ੍ਰਿਤੀ ਲਾਕੇ ਅਭਗਨ=ਇਕਰਸ ਮਸਤ ਰਹਿੰਦੀ ਹੈ ਇਸ ਲਈ ਸਾਧ ਸੰਗਤ ਦੀ ਮਹਿਮਾਂ=ਵਡਿਆਈ ਅਪਾਰ ਬਹੁਤ ਜਾਦੀ ਹੈ ॥ ਸਿਰੀ ਰਾਗ ਅਸਟਪਦੀਆਂ ਮਹਲਾ ੧

ਸਤਿਸੰਗਤਿ ਕੈਸੀ ਜਾਣੀਐ । ਜਿਥੈ ਏਕੋ ਨਾਮੁ ਵਖਾਣੀਐ ॥

ਵਿਚਾਰ ਮਾਲਾ
ਸਤਿਸੰਗਤ ਸੁਖ ਸਿੰਧ ਬਰ ਮੁਕਤਾ ਨਿਸਕੇ ਫਲ ।
ਆਸ਼ ਪਰਮ ਅਗਾਧ ਅਤਿ ਕੋ ਪੈਠੇ ਮਨ ਦਲ ॥ ੨੦੭ ॥

ਗੁਰੂ ਜੀ ਪਾਸ ਸਿਖਾਂ ਨੇ ਬੇਨਤੀ ਕੀਤੀ ਜੀ ਸਚੇ ਪਾਤਸ਼ਾਹ ਆਪ ਦਾ ਪਰਮਾਤਮਾ ਠੀਕ ਸਾਧ ਸੰਗਤ ਵਿਚ ਹੁੰਦਾ ਹੈ? ਤਾਂ ਗੁਰੂ ਜੀ ਕਿਹਾ ਕਾਈ ਇਕ ਦਿਨ ਵਿਸ਼ਨੂੰ ਪਾਸੋਂ ਨਾਰਦ ਮੁਨੀ ਨੇ ਪੁਛਿਆ ਸੀ ਕਿ ਆਪ ਕਿਥੇ ਰਹਿੰਦੇ ਹੋ ਤਾਂ ਵਿਸ਼ਨੂੰ ਨੇ ਕਿਹਾ

ਨਿਜ ਘਰ ਮੇਰੋ ਸਾਧ ਸੰਗਤਿ ਨਾਰਦ ਮੁਨਿ
ਦਰਸਨ ਸਾਧਸੰਗ ਮੇਰੋ ਨਿਜ ਰੂਪ ਹੈ ।

ਹੇ ਨਾਰਦ ਮੁਨੀ ਸਾਧ ਸੰਗਤ ਹੀ ਮੇਰਾ ਨਿਜ=ਆਪਣਾ ਘਰ ਹੈ ਅਤੇ ਸਾਧ ਸੰਗਤ ਦਾ ਦਰਸ਼ਨ ਹੀ ਮੇਰੇ ਨਿਜ=ਆਪਣੇ ਸਰੂਪ ਦਾ ਦਰਸ਼ਨ ਹੈ ।

ਪ੍ਰਭਾਤੀ ਮਹਲਾ ੫ ॥ ਸਾਧ ਸੰਗਤ ਮਹਿ ਬਸੈ ਗੋਪਾਲ ।

ਸਾਧ ਸੰਗ ਮੇਰੋ ਮਾਤਾ ਪਿਤਾ ਔ ਕੁਟੰਬ ਸਖਾ
ਸਾਧ ਸੰਗ ਮੇਰੋ ਸੁਤ ਸ੍ਰੇਸ਼ਟ ਅਨੂਪ ਹੈ ।

ਹੇ ਨਾਰਦ ਮੁਨੀ ਸਾਧ ਸੰਗਤ ਹੀ ਮੇਰਾ ਮਾਤਾ ਪਿਤਾ ਅਤੇ ਟੱਬਰ ਮਿਤ੍ਰ ਪਿਆਰਾ ਹੈ ਅਤੇ ਸਾਧ ਸੰਗਤ ਹੀ ਮੇਰਾ ਸ੍ਰੇਸ਼ਟ ਚੰਗਾ ਉਪਮਾ ਰਹਿਤ ਸੁਤ=ਪੁਤਰ ਹੈ ॥

ਵਾਰ ੨੨ ਪੌੜੀ ੧੯

ਸਾਧ ਸੰਗਤਿ ਸਚ ਖੰਡ ਗੁਰਮੁਖ ਜਾਈਐ ॥
ਸੋਧ ਡਿਠਾ ਬ੍ਰਹਮੰਡ ਲਵੈ ਨ ਲਾਈਐ ॥

ਸਾਧ ਸੰਗ ਸਰਬ ਨਿਧਾਨ ਪ੍ਰਾਨ ਜੀਵਨ ਮੈ
ਸਾਧ ਸੰਗ ਨਿਜ ਪਦ ਸੇਵਾ ਦੀਪ ਧੂਪ ਹੈ ।

ਸਾਧ ਸੰਗਤ ਹੀ ਸਾਰਾ ਮੇਰੇ ਪ੍ਰਾਣਾ ਤੇ ਜੀਵਨ ਦਾ ਖਜ਼ਾਨਾ ਹੈ ਅਤੇ ਸਾਧ ਸੰਗਤ ਦੀ ਸੇਵਾ ਧੂਪ ਦੀਪ ਆਰਤੀ ਆਦਿਕ ਦੇ ਕਰਨ ਨਾਲ ਆਪਣਾ ਮਨ ਮੇਰੇ ਚਰਨਾਂ ਵਿਚ ਲਾਂਦਾ ਹੈ ॥ ਗਉੜੀ ਕਬੀਰ ਜੀ ॥

ਕਹੁ ਕਬੀਰ ਇਹ ਕਹੀਅ ਕ ਪਿ । ਸਾਧ ਸੰਗਤਿ ਬੈਕੁੰਠੈ ਆਹਿ ॥
ਵਿਚਾਰ ਮਾਲਾ—ਕਾਮਧੇਨ ਅਰ ਕਲਪ ਤਰੂ ਜੋ ਸੇਵਤ ਫਲ ਹੋਇ ।
ਸਤਿ ਸੰਗਤ ਛਿਨ ਏਕ ਮੈਂ ਪ੍ਰਾਨੀ ਪਾਵੈ ਸੋਇ ॥

ਸਾਧ ਸੰਗ ਰੰਗ ਰਸ ਭੋਗ ਸੁਖ ਸਹਜ ਮੈ
ਸਾਧ ਸੰਗ ਸੋਭਾ ਅਤਿ ਉਪਮਾ ਔ ਊਪ ਹੈ ॥ ੩੦੭ ॥

ਸਾਧ ਸੰਗਤ ਦਾ ਰੰਗ=ਪ੍ਰੇਮ ਹੀ ਮੇਰਾ ਖਟੇ ਮਿਠੇ ਰਸਾਂ ਦੇ ਭੋਗ=ਛਕਣ ਦਾ ਅਟਲ ਸੁਖ ਹੈ ਭਾਵ ਜੋ ਪਦਾਰਥਾਂ ਦੇ ਛਕਣ ਵਿਚ ਅਨੰਦ ਹੈ ਸੋ ਰਸ ਨਹੀਂ ਜੇਹਾ ਕਿ ਸਾਧ ਸੰਗਤ ਵਿਚ ਪ੍ਰੇਮ ਕਰਕੇ ਮੇਰਾ ਦਰਸ਼ਨ ਕਰਨਾ ਹੈ ਤੇ ਸਾਧ ਸੰਗਤ ਦੀ ਸ਼ੋਭਾ ਅਤਯੰਤ ਵਡੀ ਹੈ ਉਪਮਾ ਦੇਣ ਵਾਸਤੇ ਉਪਮਾਨ ਤੇ ਉਪਮੇਯ ਆਦਿਕ ਆਪ ਸਾਧ ਸੰਗਤ ਹੀ ਹੈ ॥

ਆਸਾ ਰਵਿਦਾਸ—ਮਾਧਉ ਸਤਸੰਗਤ ਸਰਨਿ ਤੁਮਾਰੀ ॥
ਵਿਚਾਰ ਮਾਲਾ—ਤੀਰਥ ਰੰਗਾਦਿਕ ਸਭੈ ਕਰ ਨਿਸਚੈ ਸੇਵੇਹੁ ।
ਸੋ ਕੇਵਲ ਸਤਿਸੰਗ ਮੈ ਪ੍ਰਾਨੀ ਫਲੁ ਲੇਵੇਹੁ ॥

ਏਹ ਪੂਰਨ ਉਪਮਾਲੰਕਾਰ ਹੈ ਜਿਹਾ ਕਿ ਅਲੰਕਾਰ ਸੁਧਾ ਸਾਗਰ ਵਿਚ ਕਵਿਕੁਲ ਕਲਸ ਭਾਈ ਦਇਆ ਸਿੰਘ ਜੀ ਨੇ ਲਿਖਾ ਹੈ

ਉਪਮਾ ਲਛਣ

ਕਹੀਏ ਜਹ ਉਪਮੇਯ ਕੋ ਅਰ ਉਪਮਾਨ ਸਮਾਨ।
ਪੁਨ ਸਾਧਾਰਨ ਧਰਮ ਅਰ ਸਉ ਉਪਮਾ ਜਾਨ॥
ਗੁਰੂ ਕੀਬ ਸਾਃ ਭਲੇ ਅਮਰਦਾਸ ਗੁਣ ਤੇਰੇ ਤੇਰੀ ਉਪਮਾ ਤੋਹਿ ਬਨਿਆਵੈ।
ਇਸਨੂੰ ਅਨਨ੍ਵੈ ਅਲੰਕਾਰ ਅਸੀਂ ਲੋਕ ਆਖਦੇ ਹਾਂ॥੬੦੨॥

ਉਪ੍ਰੋਕਤਿ ਸਾਧ ਸੰਗਤ ਕਰਨ ਤੋਂ ਬਿਨਾ ਭਾਵੇਂ ਅਨੇਕਾਂ ਹੀ ਸਾਧਨ ਕਰੇ ਪਰ ਵਾਹਿਗੁਰੂ ਦੀ ਪ੍ਰਾਪਤੀ ਨਹੀਂ ਹੁੰਦੀ

ਅਗਮ ਅਪਾਰ ਦੇਵ ਅਲਖ ਅਭੇਵ ਅਤਿ
ਅਨਿਕ ਜਤਨ ਕਰ ਨਿਗ੍ਰਹ ਨ ਪਾਈਐ।

ਉਪ੍ਰੋਕਤਿ ਲਛਣਾਂ ਸੰਜੁਗਤ ਵਾਹਿਗੁਰੂ ਜੋਗ=ਪ੍ਰਾਣਾਯਾਮ ਦੇ ਅਨੇਕਾਂ ਜਤਨਾਂ ਕਰਕੇ ਨਹੀਂ ਪਾਇਆ ਜਾਂਦਾ॥

ਪਾਈਐ ਨ ਜੋਗ ਭੋਗ ਪਾਈਐ ਨ ਰਾਜ ਜੋਗ
ਨਾਦ ਬਾਦ ਬੇਦ ਕੈ ਨ ਅਗਹੁ ਗਹਾਈਐ।

ਪਾਈਦਾ ਨਹੀਂ ਜੋਗ ਭੋਗ ਕਰਕੇ ਅਤੇ ਪਾਈਦਾ ਨਹੀਂ ਰਾਜ ਜੋਗ ਕਰਕੇ ਤੇ ਹੱਥਿਆਂ ਦੇ ਵਾਜਿਆਂ ਅਤੇ ਵੇਦਾਂ ਦੇ ਉਚਾਰਨ ਕਰਕੇ ਜੋ ਅਫੜ ਵਾਹਿਗੁਰੂ ਨਹੀਂ ਫੜਿਆ ਜਾਂਦਾ ਵਾ ਫੜਾਇਆ ਜਾਂਦਾ॥

ਤੀਰਥ ਪੁਰਬ ਦੇਵ ਦੇਵਿ ਸੇਵਕੈ ਨ ਪਾਈਐ
ਕਰਮ ਧਰਮ ਬ੍ਰਤ ਨੇਮ ਲਿਵ ਲਾਈਐ।

ਪ੍ਰਯਾਗ ਆਦਕ ਤੀਰਥਾਂ ਦੇ ਕਰਨੇ ਕਰਕੇ ਅਤੇ ਦੇਵੀ ਦੇਵਤਿਆਂ ਦੀ ਸੇਵਾ ਕਰਕੇ ਜੋ ਪ੍ਰਕਾਸ਼ ਰੂਪ ਵਾਹਿਗੁਰੂ ਨਹੀਂ ਪਾਇਆ ਜਾਂਦਾ ਅਤੇ ਕਰਮ ਜੋ ਆਪੋ ਆਪਣੇ ਧਰਮਾਂ ਦੇ ਕੰਮਾਂ ਨਾਲ ਅਤੇ ਵਰਤ ਰਖਕੇ ਭੁਖੇ ਰਹਿਣ ਨਾਲ ਇਤਯਾਦਕ ਨਿਯਮਾਨੁਸਾਰ ਕਰਮਾਂ ਵਿਚ ਬਿ੍ਰਤੀ ਲਾਉਣੇ ਕਰਕੇ ਜੋ ਨਹੀਂ ਪਾਇਆ ਜਾਂਦਾ॥

ਨਿਹਫਲ ਅਨਿਕ ਪ੍ਰਕਾਰ ਕੈ ਅਚਾਰ ਸਭੈ
ਸਾਵਧਾਨ ਸਾਧ ਸੰਗ (ਹੈ) ਸਬਦ ਸੁ ਗਾਈਐ॥੨੦੪

ਉਪ੍ਰੋਕਤਿ ਅਨੇਕਾਂ ਤਰਾਂ ਦੇ ਸਾਰੇ (ਆਚਾਰ) ਕਰਤਬ ਕੰਮ=ਨਿਸਫਲ ਹਨ ਸੋ ਇਸ ਲਈ ਤਮਾਰਥਕ ਤਯਾਰ ਹੋਕੇ ਸਾਧਸੰਗਤ ਵਿਚ ਗੁਰਾਂ ਦੇ ਸਬਦ ਨੂੰ ਗਾਇਣ ਕਰੀਏ ਤਦ ਵਾਹਿਗੁਰੂ (ਮਿਲਦਾ) ਨੂੰ ਪਾ ਸਕੀਦਾ ਹੈ॥੨੦੪॥

ਉਪ੍ਰੰਤ ਵਾਹਿਗੁਰੂ ਦੀ ਪ੍ਰਾਪਤੀ ਦਾ ਅਨੰਦ ਜਿਸਨੂੰ ਹੋਯਾ ਹੈ ਓਹ ਦੀਕੂਰ ਦੂਜੇ ਨੂੰ ਨਹੀਂ ਕਹਿ ਸਕਦਾ ॥ ਸੋਰਠ ਭੀਖਨ ਜੀ ॥ ਹਰਿ ਗੁਨ ਕਹਤੇ ਕਹਨੁ ਨ ਜਾਈ। ਜੈਸੇ ਗੂੰਗੇ ਕੀ ਮਿਠਿਆਈ ॥

ਸੁਪਨ ਚਰਿੱਤ੍ਰ ਚਿੱਤ੍ਰ ਜੋਈ ਦੇਖੈ ਸੋਈ ਜਾਨ
ਦੂਸਰੋ ਨ ਦੇਖੈ ਪਾਵੈ ਕਹੁ ਕੈਸ ਜਾਨੀਐ।

ਜੀਕੂਰ ਸੁਪਨੇ ਵਿਚ ਸੁਤਾ ਪਿਆ ਆਦਮੀ ਚਿਤ੍ਰਕਾਰੀ ਕੀਤੇ ਹੋਏ ਤਮਾਸ਼ੇ ਜੋ ਵੇਖਦਾ ਹੈ ਸੋਈਓ ਹੀ ਜਾਣਦਾ ਹੈ ਦੂਸਰਾ ਵੇਖਣਾ ਹੀ ਨਹੀਂ ਪਾਉਂਦਾ ਅਤੇ ਭਲਾ ਅਣਡਿੱਠੇ ਉਸ ਕੌਤਕ ਨੂੰ ਜਾਣ ਕੀਕੂਰ ਸਕਦਾ ਹੈ ਕੋਈ ॥ ਗੋਂਡ ਨਾਮਦੇਉ ਜੀ ॥ ਗੂੰਗੈ ਮਹਾ ਅੰਮ੍ਰਿਤ ਰਸੁ ਚਾਖਿਆ ਪੂਛੇ ਕਹਨੁ ਨ ਜਾਈ ਹੋ ॥

ਨਾਲ ਬਿਖੈ ਬਾਤ ਕੀਏ ਸੁਨੀਅਤਿ ਕਾਨ ਦੀਏ
ਬਕਤਾ ਔ ਸ੍ਰੋਤਾ ਬਿਨ ਕਾਂਧੋ ਉਨਮਾਨੀਐ।

ਨਾਲੀ ਵਿਚ ਗਲ ਕੀਤੀ ਹੋਈ ਕੰਨ ਦੇਕੇ ਸੁਣੀਦੀ ਹੈ ਉਹ ਗਲ ਕਹਿਣ ਵਾਲੇ ਅਤੇ ਸੁਣਨ ਵਾਲੇ ਤੋਂ ਸਿਵਾ ਕਿਸ ਪਾਸੋਂ ਵਿਚਾਰੀ ਜਾਂਦੀ ਹੈ ਭਾਵ ਕੋਈ ਨਹੀਂ ਜਾਣਦਾ ॥

ਪਪੂਲਾ ਕੇ ਮੂਲ ਬਿਖੈ ਜੈਸੇ ਜਲ ਪਾਨ ਕੀਜੈ
ਕੀਜੀਐ ਜਤਨ ਕਰ ਪੀਏ ਮਨਮਾਨੀਐ।

ਔਖੀ ਥਾਂ = ਪਯਾਸ ਦੇ ਮੁੱਢ ਵਿਚ ਜੇਹਾ ਕੁ ਕੋਈ ਪਾਣੀ ਪੀਣਾ ਕਰੇ ਪਰ ਉਹ ਬੜੇ ਯਤਨ ਕਰਕੇ ਲਿਆ ਹੋਵੇ ਸੋ ਜੇਹੜਾ ਉਸਨੂੰ ਪੀਂਦਾ ਹੈ ਸੋਈਓ ਹੀ ਉਸਦੇ ਅਨੰਦ ਨੂੰ ਮਨ ਵਿਚ ਮੰਨਦਾ = ਜਾਣਦਾ ਹੈ ॥

ਅਲਉਤੀ ਗੁੜ ਜੈਸੇ ਛਇਆ ਬਰੇੜਾ ਜਿਨਿ ਪੀਆ ਤਿਨਿ ਜਾਨਿਆ।

ਗਉੜੀ ਕਬੀਰ ਜੀ

ਗੁਰ ਸਿਖ ਸੰਧਿ ਮਿਲੇ ਗੁਹਜ ਕਥਾ ਬਿਨੋਦ
ਗਜਨ ਧਜਾਨ ਪ੍ਰੇਮ ਰਸ ਬਿਸਮ ਬਿਧਾਨੀਐ॥੩੦੫॥

ਤੇਹਾਸ਼ੂ ਹੀ ਜੋ ਸਿਖ ਗੁਰਾਂ ਦੀ ਮਿਲੌਨੀ ਵਿਚ ਮਿਲਿਆ ਹੈ ਅਤੇ ਉਸਨੂੰ ਵਾਹਿਗੁਰੂ ਦੀ ਛਾਪੀ ਹੋਈ ਕਥਾ ਦਾ ਅਨੰਦ ਆਇਆ ਹੈ ਉਹ ਨਾਂ ਕਿਸੇ ਨੂੰ ਕਹ ਸਕਦਾ ਹੈ ਅਤੇ ਨਾ ਕੋਈ ਉਸਨੂੰ ਜਾਣ ਸਕਦਾ ਹੈ ਅਤੇ ਸੋ ਉਹ ਨੂੰ ਗਜਨ ਧਜਾਨ ਪ੍ਰੇਮ ਦਾ ਸੁਆਦ ਆਇਆ ਹੈ ਓਹ ਜੀ ਅਸਚਰਜ ਰੂਪ ਹੋ ਜਾਂਦਾ ਹੈ ਜੀਹਾਂ ਦੇ ਭਾਣਾ ਹੈ ਅਤੇ ਉਸਨੂੰ ਹੋਰ ਦੀ ਸੂਝੀ ਨਹੀਂ ਰਹਿੰਦਾ ਕੇ ਸੁਣਾ ਸਕਦਾ

ਨਿਮ੍ਰਤਾ ਤੇ ਹੰਕਾਰੀਆਂ ਦਾ ਵਰਨਨ

ਨਵਨ ਗਵਨ ਜਲ ਸੀਤਲ ਅਮਲ ਜੈਸੇ

ਅਗਨਿ ਉਰਧ ਮੁਖ ਤਪਤ ਮਲੀਨ ਹੈ ।

ਜੀਕੁਰ ਨੀਵੀਂ ਥਾਂ ਨੂੰ ਚਲਣ ਕਰਕੇ ਪਾਣੀ ਠੰਢਾ ਤੇ ਨਿਰਮਲ ਹੈ ਅਤੇ ਅਗ ਉਤਾਹਾਂ ਨੂੰ ਮੂੰਹ ਕਰਕੇ ਬਲਦੀ ਹੈ ਇਸ ਲਈ ਤੱਤੀ ਤੇ ਮੈਲੀ ਹੈ ॥

ਵਾਰ ੧੬ ਪੌੜੀ ੨

ਧਰਤੀ ਅੰਦਰ ਜਲ ਵਸੈ ਜਲ ਬਹੁ ਰੰਗੀ ਰਸੀ ਮਿਲੰਦਾ ।
ਜਿਉਂ ਜਿਉਂ ਕੋਇ ਚਲਾਇਦਾ ਨੀਵਾਂ ਹੋਇ ਨੀਵਾਣ ਚਲੰਦਾ ।
(ਪੂਨਾ ਵਾਰ ੯ ਪੌੜੀ ੧੯ ਸਾਰੀ ਵੇਖੋ)
ਜਿਉਂ ਪਾਣੀ ਨਿਵ ਚਲਦਾ ਨੀਵਾਣ ਚਲਾਇਆ ॥ ਵਾਰ ੪ ਪੌੜੀ ੫
ਅਗ ਤਤੀ ਜਲ ਸੀਅਲਾ ਕਿਤ ਅਵਗੁਣ ਕਿਤ ਗੁਣ ਵੀਚਾਰਾ ।
ਅਗੀ ਧੂਆਂ ਧਉਲ ਹਰ ਜਲ ਨਿਰਮਲ ਗੁਰ ਗਿਆਨ ਸੁਚਾਰਾ ॥

ਸਫਲ ਹ੍ਵੈ ਆਂਬ ਝੁਕੇ ਰਹਿਤ ਹੈਂ ਚਿਰੰਕਾਲ

ਨਿਵੈ ਨ ਅਰਿੰਡ ਤਾਂਤੇ ਆਰਬਲਾ ਛੀਨ ਹੈ ।

ਸਹਿਤ ਫਲਾਂ ਦੇ ਹੋਕੇ ਅੰਬ ਝੁਕਦੇ ਹਨ ਇਸ ਲਈ (ਚਿਰੰਕਾਲ) ਬਹੁਤ ਚਿਰ ਜੀਕਰ ਰਹਿੰਦੇ ਹਨ ਅਤੇ ਹਰਿੰਡ ਦਾ ਬੂਟਾ ਨਿਵਦਾ ਨਹੀਂ ਹੈ ਇਸ ਲਈ ਉਸਦੀ ਐਵੇਂ ਹੀ ਸਾਰੀ (ਆਰਬਲਾ) ਉਮਰ (ਛੀਨ) ਨਾਸ ਹੋ ਜਾਂਦੀ ਹੈ॥

ਚੰਦਨ ਸੁਬਾਸ ਜੈਸੇ ਬਾਸੀਐ ਬਨਾਸਪਤੀ

ਬਾਂਸ ਤੌ ਬਡਾਈ ਬੂਡਓ ਸੰਗ ਲਿਵਲੀਨ ਹੈ ।

ਜਿਹਾਕੁ ਚੰਦਨ ਬ੍ਰਿਛ ਦੀ ਵਾਸਨਾਂ ਸਾਰੀ ਸਬਜ਼ੀ ਵਿਚ ਵਸ ਜਾਂਦੀ ਹੈ (ਅਤੇ ਵਾਂਸ ਵਿਚ ਨਹੀਂ) ਕਿਉਂਕਿ ਉਹ ਆਪਣੀ ਲੰਬਾਨ ਦੀ ਵਡਿਆਈ ਵਿਚ ਡੁਬ ਗਿਆ ਹੈ ਆਪਣੀ ਬ੍ਰਿਤੀ ਨਾਲ ਮਸਤ ਕਰਕੇ ਮਨ ਨੂੰ ॥

ਵਾਂਸ ਸੁਗੰਧ ਨ ਹੋਵਈ ਚਰਣੋਦਕ ਪਾਵਨ ਵੇਹਾਏ ॥ (ਵਾ: ੩੭ ਪੌ: ੧੫)
ਚੰਦਨ ਪਰਉਪਕਾਰ ਕਰ ਅਫਲ ਸਫਲ ਵਿਚ ਵਾਸੁ ਵਸਾਏ ।
ਵਡਾ ਵਿਕਾਰੀ ਵਾਂਸ ਹੈ ਹਉਮੈ ਜਲੈ ਗਿਵਾਂਢ ਜਲਾਏ ॥ (ਵਾਰ ੪੮ ਪੌ: ੪੦)

ਤੈਸੇ ਹੀ ਅਸਾਧ ਸਾਧ ਅਹੰਬੁਧਿ ਨਿਮ੍ਰਤਾ ਕੈ

ਸੁਨ ਔ ਮਲੀਨ ਗਤਿ ਪਾਪ ਪੁੰਨ ਚੀਨ ਹੈ ॥ ੪੦੬ ॥

ਜੇਹਾਕੁ ਹੀ ਸਾਧ ਅਤੇ ਮਲੀਨ ਵਾਕਰ ਕੋਈ ਸੰਗ ਹੰਕਾਰ ਵਾਲੀ ਆਪਣਾ

ਤਰਦੇ ਪਾਪ ਅਤੇ ਸੰਤ ਨਿਮੁਤਾ ਕਰਕੇ ਪੁੰਨ ਕਰਦੇ ਹਨ ॥

ਵਾਰ ੨੦ ਪੌੜੀ ੨੦—ਫਲ ਸੁਭਾਉ ਮਜੀਠ ਦਾ ਸਹੀ ਅਵਟਣ ਰੰਗੁ ਚੜ੍ਹਾਏ।

ਫਲ ਜਿਉ ਤੂਤ ਸੁਭਾਉ ਹੈ ਖਲ ਕਢਾਇ ਵਟਾਇ ਬਣਾਏ ॥ ਰੇ ਹਈ।

ਉਪ੍ਰੋਕਤ ਅਸਾਧ ਵੀ ਸਾਧਾਂ ਦੀ ਸੰਗਤ ਕਰਕੇ ਸਾਧ ਬਣ ਜਾਂਦੇ ਹਨ ਪਰ ਆਪਣੇ ਗੁਰੂ ਨੂੰ ਛਪਾਉਣ ਵਾਲਾ ਅਤੇ ਛਲੀਆ ਕਦੀ ਨਹੀਂ ਪਸੀਜ ਹੋਕੇ ਸਾਧ ਬਣਦਾ ॥

ਸਕਲ ਬਨਾਸਪਤੀ ਬਿਖੈ ਦ੍ਰੁਮ ਦੀਰਘ ਹ੍ਵੈ
ਨਿਹਫਲ ਭਏ ਬੂਡੇ ਬਹੁਤ ਬਡਾਈ ਕੈ ।

ਸਾਰਿਆਂ ਬ੍ਰਿਛਾਂ ਵਿਚ ਦੋ ਬ੍ਰਿਛ ਲੰਮੇ (ਉਚੇ) ਹਨ ਸੋ ਆਪਣੇ ਲੰਮਾਣ ਦੀ ਵਡਿਆਈ ਵਿਚ ਡੁਬਕੇ ਦੋਵੇਂ ਹੀ ਨਿਸਫਲ ਹੋਏ ਹਨ (ਭਾਵ ਫਲ ਨਹੀਂ ਲਗਦਾ) ॥

ਚੰਦਨ ਸੁਬਾਸਨਾ ਕੈ ਸੇਂਬਲ ਸੁਬਾਸ ਹੋਤ
ਬਾਂਸ ਨਿਰਗੰਧ ਬਹੁ ਗਾਂਠਨ ਢਿਠਾਈ ਕੈ ।

ਚੰਦਨ ਬ੍ਰਿਛ ਦੀ ਸੁਗੰਧੀ ਕਰਕੇ ਸਿੰਮਲ ਬ੍ਰਿਛ ਸੁਗੰਧੀ ਵਾਲਾ ਹੋਜਾਂਦਾ ਹੈ ਪਰ ਵੰਝ ਬਹੁਤ ਗੰਢਾਂ ਦੀ ਢੀਠਤਾ ਕਰਕੇ ਬਿਨਾ ਸੁਗੰਧੀ ਤੋਂ ਹੀ ਰਹਿੰਦਾ ਹੈ ॥ (ਕਬੀਰ ਜੀ)

ਬਾਂਸੁ ਬਡਾਈ ਬੂਡਿਆ ਇਉ ਮਤ ਬੂਡਹੁ ਕੋਇ ।
ਚੰਦਨ ਕੈ ਨਿਕਟੇ ਬਸੈ ਬਾਂਸੁ ਸੁਗੰਧੁ ਨ ਹੋਇ ॥

(ਵਡਹੰਸ ਗੁਰੂ ੪ ਅਸ਼ਟਪਦੀਆਂ) ਬਿਖੁ ਸੇ ਅੰਮ੍ਰਿਤ ਭਏ ਗੁਰਮਤਿ ਬੁਧਿ ਪਾਈ । ਅਕਹੁ ਪਰਮਲ ਭਏ ਅੰਤਰਿ ਵਾਸਨਾ ਵਸਾਈ ॥

ਸੇਂਬਲ ਕੈ ਫਲ ਤੂਲ ਖਗ ਮ੍ਰਿਗ ਛਾਯਾ ਤਾ ਕੈ
ਬਾਂਸ ਤੇ ਬਰਨ ਦੋਖੀ ਜਾਰਤ ਬੁਰਾਈ ਕੈ ।

ਸਿੰਮਲ ਬ੍ਰਿਛ ਦੇ ਫਲਾਂ ਵਿਚੋਂ ਰੂਈ ਨਿਕਲਦੀ ਹੈ ਅਤੇ ਪੰਛੀ ਹਰਨ ਆਦਕ ਜਾਨਵਰ ਉਸਦੀ ਛਾਂ ਨੂੰ ਚਾਹੁੰਦੇ ਹਨ ॥

ਅਤੇ ਵਾਂਸ ਆਪਣੇ (ਵਰਨ) ਕੁਲ ਦਾ ਹੀ ਦੋਖੀ ਹੈ ਬੁਰਾਈ ਕਰਕੇ ਸਾੜ ਦੇਂਦਾ ਹੈ ॥

ਤੈਸੇ ਹੀ ਅਸਾਧ ਸਾਧ ਹੋਤ ਸਾਧਸੰਗਤਿ ਕੈ
ਤ੍ਰਿਬਟੇ ਨ ਗੁਰ ਦੋਖ ਦ੍ਰੋਹ ਗੁਰ ਭਾਈ ਕੈ ॥੩੦੭॥

ਉਪ੍ਰੋਕਤਿ ਪਾਖੰਡੀ ਜੀ ਕਰ ਸਾਧ ਸੰਗਤ ਕਰਕੇ ਸਾਧ ਹੋ ਜਾਂਦੇ ਹਨ ਅਤੇ ਪੰਡਤਾਈਆਂ ਵਿਚ ਭਗਤੀ ਨਹੀਂ ਹੁੰਦੀ ਵੀ ਕੁਰਹੀ ਤੇ ਹਾਕੂ ਤੇਜ਼ ਸਾਧੂ ਨਾਲ ਸੰਗਤ ਕਰਕੇ ਮਹਾਤਮਾ ਬਣ ਜਾਂਦੇ ਹਨ ਪਰ (ਜੋ ਗੁਰ ਗੋਪੇ ਆਪਣਾ) ਜਿਹੜਾ ਆਪ ਦੇ ਗੁਰਾਂ ਨੂੰ ਛੁਪਾਵੇ ਅਤੇ ਗੁਰਭਾਈਆਂ ਨਾਲ (ਦ੍ਰੋਹ) ਛਲ ਕਰੇ ਉਨ੍ਹਾਂ ਵਿਚੋਂ ਕੋਈ ਨਹੀਂ (ਭ੍ਰਿਸਟੇ) ਪ੍ਰਸੰਨ ਹੁੰਦਾ ਕਿਆ ਸਿਖ ਬਣਦਾ ॥ ੩੦੭ ।

ਵਾਰ ੩੪ ਪੌੜੀ ੨ ਸਾਰੀ ਦੇਖੋ। ਜੋ ਗੁਰ ਗੋਪੇ ਆਪਣਾ ਕਿਉ ਸਿਝੈ ਚੇਲਾ ॥

ਪੁਨਾ ਵੈਸੇ ਹੀ

ਬਿਰਖ ਬਲੀ ਮਿਲਾਪ ਸਫਲ ਸਘਨ ਛਾਯਾ
ਬਾਂਸ ਤੈ ਬਰਨ ਦੋਖੀ ਮਿਲੈ ਜਰੈ ਜਾਰਿ ਹੈ।

ਹੋਰ ਦਰਖਤ ਵੇਲਾਂ ਦੇ ਮੇਲ ਕਰਕੇ ਅਤੇ ਸਹਿਤ ਫਲਾਂ ਫੁਲਾਂ ਦੇ ਹੋਣ ਕਰਕੇ ਸੰਘਣੀ ਛਾਂ ਵਾਲੇ ਹੁੰਦੇ ਹਨ ਅਤੇ ਵੰਝ ਆਪਣੀ ਕੁਲ ਦੇ ਦੁਸ਼ ਦੇਣ ਵਾਲਾ ਹੋਣ ਕਰਕੇ ਜੇਹੜਾ ਉਸ ਨਾਲ ਮਿਲਦਾ ਹੈ ਉਨੂੰ ਵੀ ਸਾੜਦਾ ਹੈ ਅਤੇ ਆਪ ਵੀ ਸੜਦਾ ਹੈ ॥

ਸਫਲ ਹ੍ਵੈ ਤਰ ਹਰ ਝੂਕਤ ਸਕਲ ਤਰ
ਬਾਂਸ ਤੌ ਬਡਾਈ ਬੂਡ੍ਯੋ ਆਪ ਨ ਸੰਮਾਰ ਹੈ।

ਸਾਰੇ ਬਿਰਛ ਹਰੇ ਹੋਕੇ ਅਤੇ ਸਹਿਤ ਫਲਾਂ ਦੇ ਹੋਕੇ ਛੇਤੀ ਨਾਲ ਨੀਵੇਂ ਝੁਕ ਆਉਂਦੇ ਹਨ ਅਤੇ ਵੰਝ ਆਪਣੀ ਲੰਮਾਣ ਦੀ ਵਡਿਆਈ ਵਿਚ ਹੀ ਡੁਬਿਆ ਰਹਿੰਦਾ ਹੈ ਤੇ ਹੰਕਾਰ ਨੂੰ ਸਮਾਲਦਾ ਹੈ ਅਥਵਾ ਆਪਣਾ ਆਪ ਤੇ ਆਪਣੀ ਕੁਲ ਨੂੰ ਵੀ ਨਹੀਂ ਸੰਭਾਲ ਸਕਦਾ।

ਸਕਲ ਬਨਾਸਪਤੀ ਸੁਧ ਰਿਦੈ ਮੌਨ ਗਹੇ
ਬਾਂਸ ਤੌ ਗੰਠੀਲੋ ਰੀਤੌ ਬਾਜੇ ਧਾਰ ਮਾਰ ਹੈ।

ਸਾਰੀ ਬਨਾਸਪਤੀ ਹਛੇ ਹਿਰਦੇ ਕਰਕੇ ਚੁਪ ਕਰ ਰਹਿੰਦੀ ਹੈ ॥

ਭਾਵ—ਸਾਰਿਆਂ ਬੂਟਿਆਂ ਵਿਚੋਂ ਕੋਈ ਬੂਟਾ ਪੌਣ ਚਲਨ ਨਾਲ ਨਹੀਂ ਬੋਲਦਾ ਅਤੇ ਵਾਂਸ ਗੰਢਾਂ ਵਾਲਾ ਅਤੇ ਵਿਚੋਂ (ਖਾਲੀ) ਪੋਲਾ ਹੋਣ ਕਰਕੇ ਵਾਜਿਆਂ ਵਾਕੁਰ ਧਾਹਾਂ ਮਾਰਦਾ ਕਿਆ ਕੜ ੨ ਕਰਦਾ ਹੈ ਅਥਵਾ ਪੌਣ ਨੂੰ ਧਾਰਕੇ ਵਜਦਾ ਕਿਆ ਬੋਲਦਾ ਹੈ ॥

ਚੰਦਨ ਸਮੀਪ ਹੀ ਅਛਤ ਨਿਰਗੰਧ ਰਹੇ
ਗੁਰੂ ਸਿਖ ਦੋਖੀ ਦੋਊ ਪ੍ਰਾਨੀ ਨ ਉਧਾਰ ਹੈ ॥੩੦੮॥

ਜੀਕੁਰ ਰੋਗਨ ਦੇ ਪਾਸ ਰਿਹਾ ਹਾ ਰਾਸ ਜਿਨਾਂ ਸੁਰੰਗੀ ਜੋ ਰੋਗੀ (ਵਾ ਰਹਿੰਦਾ ਹੈ) ਸੋ ਈਕੁਰ ਹੀ ਜੇਹੜਾ ਗੁਰਾਂ ਦੇ ਪਾਸ ਹੁੰਦਿਆਂ ਹੀ ਮੈਕਾਰੀ ਸਿਖੀ ਕਰਾਤੀ ਤੋਂ ਰਹਿ ਵਾ ਰਹਿੰਦਾ ਹੈ ਉਸ ਦਾ ਕੀ ਇਲਾਜ ਕਰੀਏ ਅਤੇ ਜੋ ਗੁਰ ਸਿਖਾਂ ਦਾ (ਦੋਖੀ) ਦੂਸ਼ਨ ਵਿਚਾਰਨ ਵਾਲਾ (ਵਾ ਪਾਜੀ) ਹੈ ਅਤੇ (ਬਾਜਲ) ਘੋਰ ਵਰਗੇ ਪਾਪ ਕਰਨ ਵਾਲਾ ਹੈ ਉਸ ਆਦਮੀ ਦਾ ਕਦੇ ਨਹੀਂ ਉਧਾਰ ਹੁੰਦਾ ॥ ੨੦੮ ॥

ਗੁਰ ਸਿਖਾਂ ਦੀ ਸੰਗਤ ਦਾ ਬਹੁਤ ਪ੍ਰਤਾਪ ਹੈ ਪਰ ਉਪ੍ਰੋਕਤ ਮਨਮੁਖ ਦੂਸਨ ਚਿਤਵਨ ਵਾਲੇ ਕੁਝ ਫਲ ਨਹੀਂ ਪਾ ਸਕਦੇ। ਯਥਾ

ਵਿਚਾਰ ਮਾਲਾ ਬ੍ਰਹਮਾਦਿਕ ਦੇਵਾ ਸਕਲ ਤਿਨ ਤਜ ਜੋ ਫਲ ਹੋਤ।
ਸਤਸੰਗਤਿ ਮੈਂ ਸਹਜੇ ਹੀ ਵੇਗਹਿ ਹੋਤ ਉਦੋਤ ॥

ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ
ਪ੍ਰੇਮ ਕੈ ਪਰਸਪਰ ਪਗ ਲਪਟਾਵਹੀ ।

ਗੁਰ ਸਿਖਾਂ ਦੀ ਸਾਧ ਸੰਗਤ ਦੇ ਮਿਲਾਪ ਦਾ ਪ੍ਰਤਾਪ ਈਕੁਰ ਦਾ ਹੈ ਕਿ (ਪਰਸਪਰ) ਆਪੋ ਵਿਚ ਹੀ ਪ੍ਰੇਮ ਕਰਕੇ (ਪਗ) ਚਰਨੀ ਲਪਟੇ ਰਹਿੰਦੇ ਹਨ ॥ ਭਾਵ—ਪੈਰੀ ਲਗਦੇ ਹਨ ॥

ਦ੍ਰਿਸ਼ਟਿ ਦਰਸ ਅਰੁ ਸਬਦ ਸੁਰਤਿ ਮਿਲਿ
ਪੂਰਨ ਬ੍ਰਹਮ ਗਿਆਨ ਧਿਆਨ ਲਿਵ ਲਾਵਹੀ ।

ਗੁਰਾਂ ਦੇ ਦਰਸ਼ਨ ਵਿਚ ਨੇਤ੍ਰਾਂ ਦੀ ਦ੍ਰਿਸ਼ਟੀ ਦਾ ਧਿਆਨ ਕਰਦੇ ਹਨ, ਅਤੇ ਗੁਰਾਂ ਦੇ ਸ਼ਬਦ (ਉਪਦੇਸ਼) ਵਿਚ (ਸੁਰਤਿ) ਲੀਨ ਮਿਲੇ ਦੇ ਹਨ ਅਤੇ ਫਿਰ ਵਾਹਿਗੁਰੂ ਵਿਚ (ਲਿਵ) ਲਿਵ ਬ੍ਰਿਤੀ ਲੌਂਦੇ ਹਨ ॥

ਏਕ ਮਿਸਟਾਨ ਪਾਨ ਲਾਗਤ ਮਹਾਂ ਪ੍ਰਸਾਦਿ
ਏਕ ਗੁਰ ਪੁਰਬ ਕੈ ਸਿਖਨ ਬੁਲਾਵਹੀ ।

ਇਕ ਗੁਰ ਸਿਖ ਗੁਰ ਸਿਖਾਂ ਨੂੰ (ਮਿਸਟਾਨ) ਮਿਠਾ ਸ਼ਰਬਤ (ਅੰਮ੍ਰਿਤ) (ਪਾਨ) ਛਕਨ ਲਈ ਅਤੇ ਇਕ ਕੜਾਹ ਪ੍ਰਸਾਦ ਦੇ ਕਰਨ ਲਈ ਅਤੇ ਇਕ ਗੁਰਪੁਰਬਾਂ ਦੇ ਜੋੜਮੇਲਿਆਂ ਉਤੇ (ਸਦਨ) ਬੁਲਾਵਣ ਲਈ ਲਗਦੇ ਹਨ ॥

ਸ਼ਿਵ ਸਨਕਾਦਿ ਬਾਂਛੈ ਤਿਨਕੋ ਉਚਿਸਟ ਕੋ
ਸਾਧਨ ਕੀ ਦੂਖਨਾ ਕਵਨ ਫਲ ਪਾਵਹੀ ॥ ੨੦੯ ॥

(ਉਚਿਸ਼ਟ) ਜੀਠ ਪ੍ਰਸਾਦ, ਸ਼ਿਵ ਜੀ, ਸਨਕ, ਸਨੰਦਨ, ਸਨਤ ਕੁਮਾਰ,

ਸਨਾਤਨ, ਆਦਿ ਜਿਨ੍ਹਾਂ ਸੂਰਜਾਂ ਦੇ ਸੂਠ ਪ੍ਰਕਾਸ਼ (ਪੀੜ੍ਹੀ) ਲੰਘੇ ਹੋਏ ਨੂੰ ਚਾਹੁੰਦੇ ਹਨ ਪਰ ਉਤਪਤਿ (ਸਾਧਨ) ਗੁਰਮੁਖਾਂ ਦੇ ਦੂਰਸ਼ ਵਿਚਾਰਨ ਵਾਲੇ ਇਕਾ ਵਲ ਪਾ ਸਕਦੇ ਹਨ।

ਨੋਟ—ਸ਼ਬਦਾਰਥ ਭਾਨੂ ਫੇਮ ਵਿਚ (ਉਦਿਤ) ਦਾ ਅਰਥ ਜੂਠਾ, ਫੈਲਾ ਹੋਇਆ ਹੈ॥ (ਗੁਰੂ ੫) ਸੁਖਮਨੀ॥ ਸੰਤ ਕੈ ਦੂਖਨ ਤੇ ਮੁਖੁ ਭਵੈ। ਸੰਤ ਕੈ ਦੂਖਨਿ ਕਾਗ ਜਿਉ ਲਵੈ। ਇਤਯਾਦਕ ਵੇਖੋ॥ ੨੮੯ ॥

ਉਤਪਤਿ ਗੁਰਮੁਖਾਂ ਦੀ ਸਾਧ ਸੰਗਤ ਇਕ ਘੜੀ ਵਾ ਅਧੀ ਘੜੀ ਕਰਨ ਦਾ ਮਹਾਤਮ॥

ਜੈਸੇ ਬੋਝ ਭਰੀ ਨਾਵ ਆਂਗਰੀ ਦ੍ਵੈ ਬਾਹਰ ਹ੍ਵੈ
ਪਾਰ ਪਰੈ ਪੂਰ ਸਬੈ ਕੁਸਲ ਬਿਹਾਤ ਹੈ।

ਜਿਹਾ ਕੁ ਬੇੜੀ ਭਾਰ (ਭਰ ਸਾਉਆਂ) ਦੀ ਲਦੀ ਹੋਈ ਦੋ ਉਂਗਲਾਂ ਬਾਹਰ ਹੋ ਜਾਵੇ ਕਿਆ ਕਿਨਾਰੇ ਦੇ ਨਾਲ ਲਗ ਜਾਵੇ ਤਾਂ ਸਾਰਾ ਮੁਸਾਫਰਾਂ ਦਾ ਪੂਰ ਪਾਰ ਹੋ ਜਾਂਦਾ ਹੈ ਅਤੇ ਉਨ੍ਹਾਂ ਨੂੰ ਸੁਖ ਅਨੰਦ ਹੁੰਦਾ ਹੈ॥

ਜੈਸੇ ਏਕਾਹਾਰੀ ਏਕ ਘਰੀ ਪਾਕਸਾਲ ਬੈਠ
ਭੋਜਨ ਕੈ ਬਿੰਜਨਾਦਿ ਸ੍ਵਾਦਿ ਕੈ ਅਘਾਤ ਹੈ।

ਜਿਹਾ ਕੁ ਇਕ ਵੇਲੇ ਅੰਨ ਖਾਣ ਵਾਲਾ ਇਕ ਘੜੀ ਰਸੋਈ (ਲੰਗਰ) ਵਿਚ ਬੈਠਕੇ ਬਹੁਤ ਭਾਂਤਾਂ ਦੇ ਖਟੇ ਮਿਠੇ ਸਲੂਣੇ ਸੁਆਦੀ ਭੋਜਨ ਪਾਕੇ ਰਜ ਜਾਂਦਾ ਹੈ॥

ਜੈਸੇ ਰਾਜ ਦ੍ਵਾਰ ਜਾਇ ਕਰਤ ਜੁਹਾਰ ਜਨ
ਏਕ ਘਰੀ ਪਾਛੈ ਦੇਸ ਭੋਗਤਾ ਹ੍ਵੈ ਖਾਤ ਹੈ।

ਜਿਹਾ ਕੁ ਕੋਈ ਆਦਮੀ ਰਾਜਾ ਦੇ ਬੂਹੇ ਤੇ ਜਾਕੇ ਇਕ ਘੜੀ (ਜੁਹਾਰ) ਨਮਸਕਾਰ ਕਰਦਾ ਹੈ ਫਿਰ ਦੇਸ਼ ਦਾ (ਭੋਗਣ) ਭੋਗਣ ਵਾਲਾ ਬਣਕੇ ਉਸ ਜਾਗੀਰ ਰਾਜਾ ਦੀ ਬਖਸ਼ੀ ਹੋਈ ਨੂੰ ਚਿਰ ਤੀਕਰ ਖਾਂਦਾ ਹੈ॥

ਆਠ ਹੀ ਪਹਰ ਸਾਠ ਘਰੀ ਮੈ ਜੌ ਏਕ ਘਰੀ
ਸਾਧ ਸਮਾਗਮ ਕਰੈ ਨਿਜ ਘਰ ਜਾਤ ਹੈ॥੧੧੦॥

ਤਿਹਾ ਕੁ ਜੋ ਜਗਤ੍ਰਾ ਅਠਾਂ ਪਹਰਾਂ ਅਤੇ ਸਠਾਂ ਘੜੀਆਂ ਵਿਚ ਇਕ ਘੜੀ ਸਤਿਸੰਗ ਕਰਕੇ ਆਪਣੇ ਘਰ ਜਾਂਦਾ ਹੈ। ਉਸਦੀ ਮਹਿਮਾ ਕਿਹਾ ਕਹਾਂ ਦਾਦੀ ਭਾਵ ਓਹ ਤਰ ਜਾਂਦਾ ਹੈ ਅਤੇ ਅੰਤ ਦੇ ਸਭੇ ਵਾਹਿਗੁਰੂ ਨਾਲ ਮਿਲ

ਉਪ੍ਰੋਕਤ ਗੁਰਮੁਖ ਗੁਰੂ ਦੇ ਚਰਨਾਂ ਨਾਲ ਲਪਟਾਕੇ (ਮਾਇਆ) ਮੋਹ ਤੋਂ ਛਲ ਵਾਲੀ ਨੂੰ ਠਗ ਲੈਂਦੇ ਹਨ ॥

ਕਾਰਤਕ ਜੈਸੇ ਦੀਪ ਮਾਲਕਾ ਰਜਨੀ ਸਮੈ
ਦੀਪ ਜੋਤ ਕੋ ਉਦੋਤ ਹੋਤ ਹੀ ਬਿਲਾਤ ਹੈ।

ਜੇਹਾਕੁ ਕੱਤੇ ਦੇ ਮਹੀਨੇ ਦੀਪਮਾਲਾ ਵਿਚ ਰਾਤ ਦੇ ਵੇਲੇ ਦੀਵਿਆਂ ਦੀਆਂ ਜੋਤਾਂ ਦਾ ਪ੍ਰਕਾਸ਼ ਪ੍ਰਗਟ ਹੋਕੇ (ਜਗਾਕੇ) ਝਟ ਪਟ ਹੀ ਬੁਝ ਜਾਂਦਾ ਹੈ ॥

(ਵਾਰ੧੯ ਪੌੜੀ ੬ ਸਾਰੀ ਵੇਖੋ) ਦੀਵਾਲੀ ਦੀ ਰਾਤ ਦੀਵੇ ਬਾਲੀਅਨਿ।

ਬਰਖਾ ਸਮੈ ਜੈਸੇ ਹੈ ਬੁਦਬੁਦਾ ਕੋ ਪ੍ਰਗਾਸ
ਤ੍ਰਾਸ ਨਾਸ ਪਲਕ ਮੈ ਨਾਹਿ ਠਹਿਰਾਤ ਹੈ।

ਜੇਹਾ ਕੁ ਬਰਖਾ ਦੇ ਵੇਲੇ ਬੁਦਬੁਦਿਆਂ ਦਾ ਪ੍ਰਕਾਸ਼ ਹੁੰਦਾ ਹੈ (ਤ੍ਰਾਸ) ਡਿਗਿਆਂ ਦਾ ਨਾਉਂ ਇਕ ਛਿਨ ਵਿਚ ਨਹੀਂ ਠਹਰਦਾ ਹੈ।

ਗ੍ਰੀਖਮ ਸਮੈ ਜੈਸੇ ਤੌ ਮ੍ਰਿਗ ਤ੍ਰਿਸ਼ਨਾ ਚਰਿਤ੍ਰ
ਛਾਈ ਸੀ ਦਿਖਾਈ ਦੇਤ ਉਪਜਿ ਸਮਾਤਿ ਹੈ।

ਜੇਹਾਕੁ ਹਾੜ ਜੇਠ ਦੇ (ਦਿਨਾਂ ਦੇ ਵਿਚ ਦੁਪੈਹਰ ਦੇ) ਵੇਲੇ ਹਰਨਾਂ ਨੂੰ ਭਰਮ ਹੋ ਜਾਂਦਾ ਹੈ ਕਿ ਜਿਹੜੀ ਰੇਤ ਚਮਕਦੀ ਹੈ ਸੋ ਪਾਣੀ ਹੀ ਹੋਵੇਗਾ ਪਰ ਏਹ ਇਕ ਤਮਾਸ਼ਾ ਝੂਠਾ ਹੁੰਦਾ ਹੈ ਭਾਵ ਓਹ ਰੇਤ ਦੀ ਇਕ ਚਮਕ ਦਿਖਾਈ ਦੇਂਦੀ ਹੈ ਅਤੇ ਪ੍ਰਗਟ ਹੋਕੇ ਝਟ ਹੀ ਨਾਸ ਹੋ ਜਾਂਦੀ ਹੈ ਪਰ ਹਰਨ ਓਥੇ ਤਿਹਾਇਆ ਜਾਂਦਾ ਹੈ ਤੇ ਜਾਂਦਾ ਹੀ ਮਰ ਜਾਂਦਾ ਹੈ ॥

ਸੀਤਲ ਜਲ ਮ੍ਰਿਗ ਤ੍ਰਿਸ਼ਨ ਕੋ ਗਗਨ ਕਮਲ ਕੀ ਬਾਸ,
ਸੁੰਦਰ ਅਤਿ ਬੰਧਯਾ ਸੁਵਨ ਐਸੋ ਜਗਤ ਪ੍ਰਕਾਸ਼ ॥ (ਵਿਚਾਰਮਾਲਾ)

ਤੈਸੇ ਮੋਹ ਮਾਯਾ ਛਾਯਾ ਬਿਰਖ ਚਪਲ ਛਲ
ਛਲੈ ਛੈਲ ਸ੍ਰੀ ਗੁਰ ਚਰਨ ਲਪਟਾਤ ਹੈ ॥੨੫੫॥

(ਛੈਲ) ਸੁੰਦਰ ਜਵਾਨ। (ਚਪਲ) ਚੰਚਲ ॥

ਜੇਹਾਕੁ ਦਰਖਤ ਦੀ ਛਾਂ (ਢਲ ਜਾਣ ਵਾਲੀ) ਚੰਚਲ ਹੁੰਦੀ ਹੈ ਤੇਹਾਕੁ (ਮਾਇਆ) ਦੇ ਛਲ ਦਾ ਪਸਾਰ ਨਗਣ ਵਾਲਾ ਹੁੰਦਾ ਹੈ।

ਉਪ੍ਰੋਕਤ ਗੁਰਮੁਖਾਂ ਦੀ ਬੁਧੀ ਈਕੁਰ ਉਜਲ ਹੁੰਦੀ ਹੈ ॥

ਜੈਸੇ ਤੌ ਬਸਨ ਅੰਗ ਸੰਗ ਮਿਲ ਹ੍ਵੈ ਮਲੀਨ

ਮਲੀਨ ਕੈ ਸਾਬੁਨ ਮਿਲਿ ਨਿਰਮਲ ਹੋਤ ਹੈ।

ਜਿਹਾ ਕਪੜਾ ਸਰੀਰ ਦੇ ਅੰਗਾਂ ਨਾਲ ਮਿਲਕੇ ਮੈਲਾ ਹੋ ਜਾਂਦਾ ਹੈ ਅਤੇ ਪਾਣੀ ਸਾਬਣ ਨਾਲ ਮਿਲਕੇ ਚਿੱਟਾ ਹੋ ਜਾਂਦਾ ਹੈ॥

ਭਰੀਐ ਹਥੁ ਪੈਰੁ ਤਨੁ ਦੇਹ। ਪਾਣੀ ਧੋਤੈ ਉਤਰਸੁ ਖੇਹ।
ਮੂਤ ਪਲੀਤੀ ਕਪੜੁ ਹੋਇ। ਦੇ ਸਾਬੂਣੁ ਲਈਐ ਓਹੁ ਧੋਇ॥
ਜਿਉ ਸਾਬੁਨਿ ਕਾਪਰ ਊਜਲ ਹੋਤ। ਨਾਮ ਜਪਤ ਸਭੁ ਭ੍ਰਮੁ ਭਉ ਖੋਤ
(ਰਾਮਕਲੀ ਗੁਰੂ ੫

ਜੈਸੇ ਤੌ ਸਰੋਵਰ ਸਿਵਾਲ ਕੈ ਅਛਾਦਿਤ ਜਲੁ
ਝੱਲ ਪੀਏ ਨਿਰਮਲ ਦੇਖੀਐ ਅਛੋਤ ਹੈ।

ਜੀਕਰ ਤਾਲ ਦਾ ਪਾਣੀ ਬੂਰ ਕਰਕੇ ਢੱਕਿਆ ਹੋਇਆ ਹੁੰਦਾ ਹੈ ਅਤੇ ਜੇ ਉਸ ਅਪਵਿਤ੍ਰ ਬੂਰ ਨੂੰ ਤੁਰੰਤ ਹਟਾ ਦੇਵੇ ਤਾਂ ਨਿਰਮਲ ਜਲ ਪੀਣ ਲਾਇਕ ਹੋ ਜਾਂਦਾ ਹੈ॥

ਜੈਸੇ ਨਿਸ ਅੰਧਕਾਰ ਤਾਰਕਾ ਚਮਤਕਾਰ
ਹੋਤ ਉਜੀਆਰੋ ਦਿਨ ਕਰ ਕੇ ਉਦੋਤ ਹੈ।

ਜੀਕਰ ਰਾਤ ਅੰਧੇਰੀ ਵਿਚ ਭਾਵੇਂ ਤਾਰਿਆਂ ਦਾ ਚਮਤਕਾਰ ਵੀ ਹੁੰਦਾ ਹੀ ਹੈ ਪਰ ਫਿਰ ਵੀ ਚਾਨਣ ਤਦੋਂ ਹੀ ਹੁੰਦਾ ਹੈ ਜਦੋਂ ਸੂਰਜ ਚੜ੍ਹਦਾ ਹੈ ਵਾਰ ੧ ਪੌੜੀ ੨੭॥ ਜਿਉ ਕਰ ਸੂਰਜ ਨਿਕਲਿਆ ਤਾਰੇ ਛਪੇ ਅੰਧੇਰ ਪਲੋਆ।

ਤੈਸੇ ਮਾਯਾ ਮੋਹ ਭ੍ਰਮ ਹੋਤ ਹੈ ਮਲੀਨ ਮਤਿ
ਸਤਿਗੁਰ ਗਿਆਨ ਧਿਆਨ ਜਗਮਗ ਜੋਤਿ ਹੈ ॥੧੧੨॥

ਤਿਵੇਂ ਹੀ (ਮਾਇਆ) ਦੌਲਤ ਦੇ ਪਿਆਰ ਅਤੇ (ਭਰਮ) ਭੁਲੇਖੇ ਕਰਕੇ ਅਕਲ ਮੈਲੀ ਹੁੰਦੀ ਹੈ ਅਤੇ ਸਤਿਗੁਰਾਂ ਦੇ ਗਿਆਨ ਧਿਆਨ ਕਰਕੇ (ਜੋਤਿ) ਵਾਹਿਗੁਰੂ ਦਾ (ਪ੍ਰਕਾਸ਼) ਚਾਨਣ ਆਦਮੀ ਦੇ ਅੰਦਰ ਹੁੰਦਾ ਹੈ॥

ਭਰੀਐ ਮਤਿ ਪਾਪਾ ਕੈ ਸੰਗਿ। ਓਹੁ ਧੋਪੈ ਨਾਵੈ ਕੈ ਰੰਗਿ॥

(ਆਸਾ ਨਾਮਦੇਵ ਜੀ) ਮਾਇਆ ਚਿਤ੍ਰ ਬਚਿਤ੍ਰ ਬਿਮੋਹਿਤ ਬਿਰਲਾ ਬੂਝੈ ਕੋਈ॥ (ਗਉੜੀ ਰਵਿਦਾਸ ਜੀ) ਮਲਿਨ ਭਈ ਮਤਿ ਮਾਧਵਾ ਤੇਰੀ ਗਤਿ ਲਖੀ ਨ ਜਾਇ। ਕਰਹੁ ਕ੍ਰਿਪਾ ਭ੍ਰਮੁ ਚੂਕਈ ਮੈ ਸੁਮਤਿ ਦੇਹੁ ਸਮਝਾਇ॥ ੮੨੫॥

ਉਪੱਕਤਿ ਗੁਰਮੁਖਾਂ ਦੀ ਸਾਧ ਸੰਗਤ ਕਰਕੇ ਆਤਮਕ ਮਨ ਨਿਰਮਲ ਹੋ ਜਾਂਦਾ ਹੈ (ਸਵੈਯੇ ਮਥੁਰਾ ਜੀ) ਚਹਿ ਇਨ ਕਉ ਕਰਉ ਸਦਾ ਸੀ ਮਨੰਗਾ। ਕਾਹਲ

ਕਬੀਰ ਮਨੂਆ ਤੇ ਸੋਧਤੁ ਜਿਹ ਮਨੁ ਉਡਨ ਮੰਨੂ ਹੂ ਜਾਇਆ ॥

ਅੰਤਰ ਅਛਤ ਹੀ ਦਿਸੰਤਰ ਗਵਨ ਕਰੈ

ਪਾਛੈ ਪਰੇ ਪਹੁੰਚੈ ਨ ਪਾਇਕ ਜੌ ਧਾਵਹੀ ।

ਏਹ ਮਨ ਸਰੀਰ ਦੇ ਅੰਦਰ ਹੁੰਦਿਆਂ ਹੀ ਹੋਰਨਾਂ ਦੇਸਾਂ ਵਲ ਜਿਧਰੇ ਜਿਧਰੇ ਚਲਿਆ ਜਾਂਦਾ ਹੈ ਜੇ ਕੋਈ ਪੈਰੀ ਤੁਰਨ ਵਾਲਾ ਇਸਦੇ ਮਗਰ ਪੈਰੀਂ ਪੈਲ ਕਰੇ ਤਾਂ ਪਹੁੰਚ ਨਹੀਂ ਸਕਦਾ ॥

ਗਉੜੀ ਗੁਰੂ ੪ ॥ ਇਹੁ ਮਨੂਆ ਖਿਨੁ ਨ ਟਿਕੈ ਬਹੁ ਰੰਗੀ ਦਹ ਦਹ ਦਿਸਿ ਚਲਿ ਚਲਿ ਹਾਢੇ । ਗੁਰੁ ਪੂਰਾ ਪਾਇਆ ਵਡਭਾਗੀ ਹਰਿ ਮੰਤ੍ਰੁ ਦੀਆ ਮਨੁ ਠਾਢੇ ।

ਪਹੁੰਚੈ ਨਾ ਰਥ ਪਹੁੰਚੈ ਨ ਗਜ ਰਾਜ ਬਾਜ

ਪਹੁੰਚੈ ਨ ਖਗ ਮ੍ਰਿਗ ਫਾਂਧਤ ਉਡਾਵਹੀ ।

ਰਥ, ਹਾਥੀ ਘੋੜਿਆਂ ਉਤੇ ਅਸਵਾਰ ਹੋਕੇ ਕੋਈ ਆਦਮੀ ਮਨ ਨਾਲ ਦੌੜਕੇ ਨਹੀਂ ਅਪੜ ਸਕਦਾ ਅਤੇ ਪੰਛੀ ਉਡਕੇ ਹਰਨ ਛਾਲਾਂ ਮਾਰਕੇ ਨਹੀਂ ਪਹੁੰਚ ਸਕਦੇ ॥

ਗਉੜੀ ਗੁਰੂ ੯ ॥ ਸਾਧੋ ਇਹੁ ਮਨੁ ਗਹਿਓ ਨ ਜਾਈ ।
ਚੰਚਲ ਤ੍ਰਿਸਨਾ ਸੰਗਿ ਬਸਤੁ ਹੈ ਯਾ ਤੇ ਥਿਰੁ ਨ ਰਹਾਈ ॥

ਪਹੁੰਚੈ ਨ ਪਵਨ ਗਵਨ ਤ੍ਰਿਭਵਨ ਪ੍ਰਤਿ

ਅਰਧ ਉਰਧ ਅੰਤਰੀਛ ਹ੍ਵੈ ਨ ਪਾਵਹੀ ।

ਭਾਵੇਂ ਉਚੇ ਨੀਵੇਂ (ਪਤਾਲ ਅਕਾਸ ਆਦਿਕ) ਮੁਲਕਾਂ ਦਾ ਹਾਲ ਕਿਹੋ ਜਿਹਾ ਕਿਉਂ ਨਾ ਜੀਵ ਇਹੁ ਪਾ ਲਵੇ ਪਰ ਫਿਰ ਵੀ ਏਹ ਜਿਹੜਾ ਮਨ ਤਿੰਨਾਂ ਲੋਕਾਂ ਵਿਚ ਪਦਾਰਥਾਂ ਦੀ ਸਰੀਰ ਅੰਦਰ ਇੱਛਾ ਕਰਕੇ ਦੌੜਦਾ ਹੈ ਉਸਦੇ ਮਗਰ ਪੌਣ ਨਹੀਂ ਵਗਕੇ ਅਪੜ ਸਕਦੀ ॥

ਮਾਇਆ ਕਾਰਣਿ ਇਕੁ ਬਾਲਕੁ ਵਸਿਆ ਖਿਨੁ ਪਲੁ ਥਿਰੁ ਨ ਰਹਾਈ ।

(ਬਸੰਤ ਮਹਲਾ ੫)

ਪੰਜ ਦੂਤ ਭੂਤ ਭਗ ਅਧਮ ਅਗਾਧ ਮਨ

ਗਹੇ ਗੁਰ ਗਿਆਨ ਸਾਧ ਸੰਗ ਬਸ ਆਵਹੀ ॥ ੨੨ ॥

ਪੰਜਾਂ ਦੂਤਾਂ ਦੀ ਸੰਗਤ ਕਰਕੇ ਮਨ ਪਾਪੀ ਅਗਾਧ ਹੋ ਰਿਹਾ ਹੈ ਇਹ ਤਾਂ ਹੀ ਵਸ ਆਵੇ ਸਾਧ ਸੰਗਤ ਵਿਚ ਆਨਕੇ ਗੁਰਾਂ ਦੇ ਚਰਨ ਫੜੇ ਜਾਂਦੇ [illegible]

ਪ੍ਰਾਪਤ ਹੁੰਦੀ ਤਾ ਮਨ ਬਣ ਆਉਂਦਾ ਹੈ । (ਆਸਾ ਮਹਲਾ ੧)

ਕੂੰਭੇ ਬਧਾ ਜਲੁ ਰਹੈ ਜਲ ਬਿਨੁ ਕੂੰਭੁ ਨ ਹੋਇ ।
ਗਿਆਨ ਕਾ ਬਧਾ ਮਨੁ ਰਹੈ ਗੁਰ ਬਿਨੁ ਗਿਆਨੁ ਨ ਹੋਇ ॥੫॥੨੪॥

ਉਪਰੋਕਤ ਗੁਰਮੁਖ ਮਨ ਨੂੰ ਵਸ ਕਰਨਵਾਲੇ ਆਪਣੀ ਨਿਮ੍ਰਤਾ ਦਸਦੇ ਹਨ ਕਿ ਅਸੀ ਨਾਮ ਤੋਂ ਬਿਨਾਂ ਸ਼ੋਕ੍ਰਤ ਦੇ ਦੁਖੀ ਹਾਂ ਜੀਉਰਦੇ ਅਗੇ ਦਰਸਨਦੇ

ਆਂਧਰੇ ਕੋ ਸਬਦ ਸੁਰਤਿ ਕਰ ਚਰ ਟੇਕ
ਬਹਰੈ ਬਰਨ ਕਰ ਦ੍ਰਿਸਟਿ ਸਬਦ ਹੈ ।

ਅੰਨ੍ਹੇ ਨੂੰ ਬਾਣੀ, ਕੰਨਾਂ, ਹਥਾਂ, ਪੈਰਾਂ ਦਾ ਆਸਰਾ ਹੈ ਅਤੇ ਬੋਲੇਨੂੰ ਪੈਰਾਂ, ਹਥਾਂ, ਨੇਤ੍ਰਾਂ ਦੀ ਦ੍ਰਿਸ਼ਟੀ, ਅਵਾਜ਼ ਦਾ ਆਸਰਾ ਹੈ ॥

ਗੂੰਗੇ ਟੇਕ ਚਰ ਕਰ ਦ੍ਰਿਸ੍ਰਿ ਸਬਦ ਸੁਰਤਿ ਲਿਵ
ਲੂਲੇ ਟੇਕ ਦ੍ਰਿਸਟਿ ਸਬਦ ਸੁਤਿ ਪਦ ਹੈ ।

ਗੂੰਗੇ ਨੂੰ ਓਟ ਪੈਰਾਂ, ਹਥਾਂ, ਨਜ਼ਰ, ਬੋਲ, ਕੰਨਾਂ ਅਤੇ ਬ੍ਰਿਤੀ ਦੀ ਹੈ ਅਤੇ ਲੂਲੇ ਨੂੰ ਨਜ਼ਰ, ਬਾਣੀ, ਕੰਨਾਂ ਪੈਰਾਂ ਦੀ ਓਟ ਹੈ ।

ਪਾਂਗਰੇ ਕੋ ਟੇਕ ਦ੍ਰਿਸਟਿ ਸਬਦ ਸੁਰਤਿ ਕਰ ਟੇਕ
ਏਕ ਏਕ ਅੰਗ ਹੀਨ ਦੀਨਤਾ ਅਛਦ ਹੈ ।

ਪਿੰਗਲੇ ਨੂੰ ਓਟ ਨਜ਼ਰ, ਬਾਣੀ, ਕੰਨਾਂ, ਹਥਾਂ ਦੀ ਹੈ । ਇਤਯਾਦਿਕ ਇਕ ੨ ਅੰਗ ਦੀ ਓਟ ਤੋਂ ਰਹਤ ਭਾਵ ਇਕ ੨ ਅੰਗ ਤੋਂ ਬਿਨਾਂ ਅਤੇ ਗਰੀਬ ਮਨੋ ਵਿਚ ਫਰੇ ਹੋਏ । ਭਾਵ ਦੂਜੇ ਦੇ ਆਸਰੇ ਰਹਿਣ ਵਾਲੇ ॥

ਅੰਧ, ਗੂੰਗ, ਸੁੰਨ, ਪੰਗੁ, ਲੂੰਜ, ਦੁਖ ਪੁੰਜ ਮਮ
ਅੰਤਰ ਕੇ ਅੰਤਰਜਾਮੀ ਪਰਬੀਨ ਸਦ ਹੈ॥੨੧੪॥

ਅੰਨ੍ਹਾ, ਗੂੰਗਾ, ਕੰਨਾਂ ਤੋਂ ਸੁੰਞਾ, ਪਿੰਗਲਾ, ਲੂੰਜਾਂ ਦੁਖਾਂ ਬਹੁਤਿਆਂ ਵਾਲਾ ਜੀ ਮੈਂ ਹਾਂ ਮੇਰੇ ਅੰਦਰ ਦੀ ਜਾਨਣ ਵਾਲੇ ਆਪ ਗੁਰੂ ਸਦਾ ਹੀ ਸਿਆਣੇ ਹੋ । ਫਿਰ ਉਪ੍ਰੋਕਤ ਵੇਰਵਾ ਕਰਦੇ ਹਨ ॥

ਆਂਧਰੇ ਕੋ ਸਬਦ ਸੁਰਤਿ ਕਰ ਚਰ ਟੇਕ
ਅੰਧ ਗੂੰਗ ਸਬਦ ਸੁਰਤਿ ਕਰ ਚਰ ਹੈ ।

ਅੰਨ੍ਹੇ ਨੂੰ ਬੋਲ, ਕੰਨਾਂ, ਹਥਾਂ, ਪੈਰਾਂ ਦੀ ਓਟ ਹੈ ਅਤੇ ਜੋ ਅੰਨ੍ਹਾਂ ਤੇ ਗੂੰਗਾ ਹੋ [illegible]

ਅੰਧ, ਗੂੰਗਾ, ਸੂੰਨ ਕਰ ਧਰ ਅਵਲੰਬ ਟੇਕ
ਅੰਧ, ਗੂੰਗ, ਸੂੰਨ, ਪੰਗ, ਟੇਕ ਏਕ ਕਰ ਹੈ ।

ਜੋ ਅੰਨ੍ਹਾਂ, ਗੂੰਗਾ ਤੇ ਸੁਣਨ ਤੋਂ ਰਹਤ ਆਦਮੀ ਹੈ ਉਸਨੂੰ ਹਥਾਂ, ਪੈਰਾਂ ਦੇ ਆਸਰੇ ਦੀ ਓਟ ਹੈ । ਅਤੇ ਜੋ ਅੰਨ੍ਹਾ, ਗੂੰਗਾ, ਬੋਲਾ, ਪਿੰਗਲਾ ਆਦਮੀ ਹੈ ਉਸਨੂੰ ਇਕਾ ਹਥ ਦੀ ਓਟ ਹੈ ॥

ਅੰਧ, ਗੂੰਗ, ਸੂੰਨ, ਪੰਗ, ਲੂੰਜ, ਦੁਖ ਪੁੰਜ ਮਮ
ਸਰਬੰਗ ਹੀਨ ਦੀਨ ਦੁਖਤ ਅਧਰ ਹੈ ।

ਅੰਨ੍ਹਾਂ, ਗੂੰਗਾ, ਬੋਲਾ, ਪਿੰਗਲਾ, ਲੰਙਾ, ਬਹੁਤ ਦੁਖ ਵਾਲਾ ਦੁਖੀਆ ਮੈਂ ਹਾਂ ਤੇ ਸਰੀਰ ਦੇ ਸਾਰੇ ਅੰਗਾਂ ਤੋਂ ਬਿਨਾ, ਗਰੀਬ, ਦੁਖੀਆ ਬਿਨਾ ਆਸਰੇ ਤੋਂ ਵੀ ਮੈਂ ਹੀ ਹਾਂ ॥

ਅੰਤਰ ਕੀ ਅੰਤਰਜਾਮੀ ਜਾਨੈ ਅੰਤਰ ਗਤਿ
ਕੈਸੇ ਨਿਰਬਾਹੁ ਕਰੈ ਸਰੈ ਨਰ ਹਰ ਹੈ ॥ ੩੪੫ ॥

ਜੋ ਅੰਦਰ ਦਿਲ ਦੀ ਬਾਤ ਜਾਣੀ ਜਾਣ ਹੈ ਤਿਸ ਦੀ ਅੰਦਰ ਪ੍ਰਾਪਤ ਹੋਣ ਦੀ ਰੀਤੀ ਕੀਕੁਰ ਨਿਰਬਾਹੂ ਕਰੀਏ ਭਾਵ ਉਸਨੂੰ ਕੀਕਰ ਜਾਣੀਏ ਤਾਂ ਤੇ ਇਹ ਕਹੀਏ ਕਿ ਹੇ ਵਾਹਿਗੁਰੂ ਤੇਰੀ ਅਸੀਂ ਸਰਨ ਹਾਂ ॥ ੩੪੫ ॥

[illegible] ਜਾਨਵਰਾਂ ਦੀ ਆਪੋ ਵਿਚ ਦੀ ਇਕੋ ਜੇਹੀ ਪ੍ਰੀਤੀ ਨਹੀਂ ਹੈ ਜੋ ਜਿਨ੍ਹਾਂ ਦੀ ਜੂਹਾਂ ਨਾਲ ਪ੍ਰੀਤੀ ਬਹੁਤ ਹੈ ॥

ਚਕਈ, ਚਕੋਰ, ਮ੍ਰਿਗ, ਮੀਨ, ਭ੍ਰਿੰਗ ਔ ਪਤੰਗ
ਪ੍ਰੀਤਿ ਇਕ ਅੰਗੀ ਬਹੁ ਰੰਗੀ ਦੁਖਦਾਈ ਹੈ ।

ਉਪ੍ਰੋਕਤ ਜਾਨਵਰਾਂ ਦੀ ਪ੍ਰੀਤੀ ਇਕ ਪਾਸੇ ਦੀ ਬਹੁਤ ਰੰਗਾਂ ਦੀ ਦੁਖ ਦੇਣ ਵਾਲੀ ਹੈ ॥ ਭਾਵ—ਚਕਵੀ ਆਦਕ ਤਾਂ ਪ੍ਰੀਤੀ ਕਰਦੇ ਹਨ ਪਰ ਸੂਰਜ ਆਦਕ ਨਹੀਂ ਇਸ ਲਈ ਚਕਵੀ ਆਦਕ ਨੂੰ ਦੁਖ ਹੁੰਦਾ ਹੈ ॥

ਏਕ ਏਕ ਟੇਕ ਸੈ ਟਰਤ ਨ ਮਰਤ ਸਭੈ
ਆਦਿ ਅੰਤ ਕੀ ਸੁ ਚਾਲ ਚਲੀ ਜਗ ਆਈ ਹੈ ।

ਇਕ ਇਕ ਟੇਕ ਏਨਾਂ ਲਗੀ ਹੋਈ ਹੈ ਉਸ ਤੋਂ (ਟਰਤ) ਹਟਦੇ ਨਹੀਂ ਪਰ ਭਾਵੇਂ ਸਾਰੇ ਮਰ ਹੀ ਜਾਂਦੇ ਹਨ ਇਸ ਗਲ ਦੀ ਪਰਿਪਾਟੀ [illegible] ਦੀ ਆਦਿ ਤੇ ਅੰਤ [illegible] ਆ ਰਹੀ [illegible]

ਗੁਰ ਸਿਖ ਸੰਗਤਿ ਮਿਲਾਪ ਕੋ ਪ੍ਰਤਾਪ ਐਸੋ
ਲੋਕ ਪਰਲੋਕ ਸੁਖ ਦਾਇਕ ਸਹਾਈ ਹੈ।

ਅਤੇ ਗੁਰ ਸਿਖਾਂ ਦੀ ਸੰਗਤ ਦੇ ਮਿਲਾਪ ਦਾ ਪ੍ਰਤਾਪ ਈਕੂਰ ਦਾ ਹੈ ਕਿ ਲੋਕ ਪ੍ਰਲੋਕ ਵਿਚ ਸਹਾਇਤਾ ਕਰਕੇ ਸੁਖ ਦੇਣ ਵਾਲਾ ਹੈ॥

ਗੁਰਮਤਿ ਸੁਨਿ ਦੁਰਮਤਿ ਨ ਮਿਟਤ ਜਾਕੀ
ਅਹਿ ਮਿਲ ਚੰਦਨ ਜਉ ਬਿਖੁ ਨ ਮਿਟਾਈ ਹੈ॥੨੧੬॥

ਗੁਰਾਂ ਦੀ ਸਿਖਿਆ ਸੁਣਕੇ ਜਿਸਦੀ ਖੋਟੀ ਅਕਲ ਦੂਰ ਨ ਹੋਈ ਹੋਵੇ ਉਹ ਈਕੂਰ ਹੈ ਜੀਕੂਰ (ਅਹਿ) ਸੱਪ ਨੇ ਚੰਦਨ ਬਿਛ ਦੇ ਨਾਲ ਲਪਟਕੇ ਆਪ ਦੀ (ਬਿਖੁ) ਵਿਹੁ ਨਾਂ ਦੂਰ ਕੀਤੀ ਹੋਵੇ॥ ੨੧੬॥

ਉਪ੍ਰੀਤਿ ਪ੍ਰੀਤੀ ਨੂੰ ਅਗੇ ਵਰਨਨ ਕਰਦੇ ਹਨ॥

ਮੀਨ ਕਉ ਨ ਸੁਰਤਿ(ਹੈ)ਜਲ ਕੋ ਨ ਸਬਦ ਗਿਆਨ
ਦੁਬਿਧਾ ਮਿਟਾਇ ਨ ਸਕਤ ਜਲ ਮੀਨ ਕੀ।

ਮੱਛੀ (ਅਗਿਆਤ) ਅਣਜਾਣ ਹੈ ਭਾਵ ਮੱਛੀ ਨੂੰ ਏਨੀ ਵੀ (ਸੁਰਤਿ) ਜਾਗ੍ਰਤ ਨਹੀਂ ਕਿ ਪਾਣੀ ਮੇਰੀ ਸਹਾਇਤਾ ਕਰੇਗਾ ਅਤੇ ਪਾਣੀ ਨੂੰ ਮੱਛੀ ਦੇ (ਸਬਦ) ਅਵਾਜ਼ (ਬੋਲ) ਦਾ ਗਿਆਨ ਨਹੀਂ ਭਾਵ ਮੱਛੀ ਦਾ ਖਿਆਲ ਨਹੀਂ ਸੁਣ ਸਕਦਾ ਅਤੇ ਨਾ ਬਚਾ ਸਕਦਾ ਹੈ ਅਤੇ ਨਾ ਹੀ ਪਾਣੀ (ਮੀਨ) ਮੱਛੀ ਦਾ (ਦੁਬਿਧਾ) ਦ੍ਵੈਤ ਭਾਵ (ਦੁਖ) ਦੂਰ ਕਰ ਸਕਦਾ ਹੈ॥

ਸਰ ਸਰਿਤਾ ਅਥਾਹ ਪ੍ਰਬਲ ਪ੍ਰਵਾਹ ਬਹੈ
ਬੂਡੈ ਲੋਹ ਰਾਖਿ ਨ ਸਕਤ ਮਤਿ ਹੀਨ ਕੀ।

ਵਡੇ ੨ ਡੂੰਘੇ ਤਾਲਾਂ ਵਿਚ ਅਤੇ ਜ਼ੋਰ ਵਾਲੇ ਵਹਣ ਵਗਣ ਵਾਲੀਆਂ ਨਦੀਆਂ (ਦੇ ਵਹਣ) ਵਿਚ ਮੱਛੀ (ਵਸਦੀ) ਤੜਫਦੀ ਹੈ ਅਤੇ ਤਾਲਾਂ ਨਦੀਆਂ ਦਾ ਪਾਣੀ (ਮਤਿ ਹੀਨ) ਅਕਲ ਤੋਂ ਰਹਿਤ ਹੋਣ ਕਰਕੇ ਲੋਹੇ ਦੀ ਕੁੰਡੀ ਦੇ ਪਕੜਨ ਤੋਂ ਰਖਿਆ ਨਹੀਂ ਕਰ ਸਕਦਾ ਭਾਵ ਫੰਦਸ਼ ਤੋਂ ਨਹੀਂ ਬਚਾ ਸਕਦਾ॥

ਜਲ ਬਿਨ ਤਰਫ ਤਜਤ ਪ੍ਰਿਅ ਪ੍ਰਾਨ ਮੀਨ
ਜਾਨਤ ਨ ਪੀਰ ਨੀਰ ਹੀਨਤਾਈ ਦੀਨ ਕੀ।

ਪਿਆਰੇ ਪਾਣੀ ਤੋਂ ਬਿਨਾਂ ਤੜਫ ੨ ਕੇ ਮੱਛੀ ਪ੍ਰਾਣ ਛਡ ਦੇਂਦੀ ਹੈ ਅਤੇ ਪਾਣੀ ਗਰੀਬ ਮੱਛੀ ਦੀ ਅਧੀਨਤਾ (ਗਰੀਬੀ ਮਜਬੂਰਤਾ) ਦੀ ਪੀੜਾ ਨੂੰ ਨਹੀਂ ਜਾਣ

ਦਾ ਰਸ ਜਾਣੀ ਮੱਛੀ ਦੀ ਪੀੜਾ ਨੂੰ ਸਹਾਰ ਜਾਣਦਾ ॥

ਕਉਣੁ ਜਾਣੈ ਪੀਰ ਪਰਾਈ ॥ (ਬਿਲਾਵਲ ਕਬੀਰ ਜੀ)

ਮੀਨੁ ਪਕਰਿ ਫਾਂਕਿਓ ਅਰੁ ਕਾਟਿਓ ਰਾਂਧਿ ਕੀਓ ਬਹੁ ਬਾਨੀ ।

ਖੰਡ ਖੰਡ ਕਰਿ ਭੋਜਨੁ ਕੀਨੋ ਤਊ ਨ ਬਿਸਰਿਓ ਪਾਨੀ ॥

(ਸੋਰਠ ਰਵਿਦਾਸ ਜੀ)

ਦੁਖਦਾਈ ਪ੍ਰੀਤਿ ਕੀ ਪ੍ਰਤੀਤ ਮੀਨ ਕੁਲ ਦ੍ਰਿੜ
ਗੁਰ ਸਿਖ ਬੰਸ ਧ੍ਰਿਗ ਪ੍ਰੀਤ ਪਰਧਾਨ ਕੀ ॥ ੨੧੭॥

ਮੱਛੀ ਦੀ ਕੁਲ ਪ੍ਰਤੀਤ ਕਰਕੇ ਦੁਖ ਦੇਣ ਵਾਲੀ ਪ੍ਰੀਤੀ (ਜਲ) ਨਾਲ ਦ੍ਰਿੜਤਾ ਕਰਦੀ ਹੈ ਅਤੇ ਉਨਾਂ ਅਜੇਹਿਆਂ ਗੁਰੂ ਕੇ ਸਿਖਾਂ ਧਾਰੀਆਂ ਨਕਲੀ ਆਂ ਦੀ ਬੰਸ ਨੂੰ ਲਖਲਾਨਤ ਹੈ ਜੋ ਪਰਾਇ ਅਧੀਨ ਦੇਵੀ ਦੇਵਤਿਆਂ ਸਤਰਵਾਂ ਦੇ ਹਕੇ ਅਤੇ ਤਿਨਾ ਨਾਲ ਪ੍ਰੀਤੀ ਕਰਦੇ ਹਨ ॥

ਖਸਮ ਛੋਡਿ ਦੂਜੈ ਲਗੇ ਡੁਬੇ ਸੇ ਵਣਜਾਰਿਆ॥੧੨॥

ਉਪ੍ਰੋਕਤਿ ਪ੍ਰਸੰਗ ਨੂੰ ਮੁਹਰੇ ਵਰਨਨ ਕਰਦੇ ਹਨ ॥

ਦੀਪਕ ਪੈ ਆਵਤ ਪਤੰਗ ਪ੍ਰੀਤਿ ਰੀਤ ਲਗ
ਦੀਪ ਕਰ ਮਹਾ ਬਿਪਰੀਤਿ ਮਿਲੇ ਜਾਰ ਹੈ ।

ਦੀਵੇ ਦੇ ਪਾਸ ਪਤੰਗਾ ਰੀਤੀਅਨੁਸਾਰ ਪ੍ਰੀਤੀ ਲਗਾਕੇ ਆਉਂਦਾ ਹੈ ਅਗੋਂ ਦੀਵਾ ਬੜੀ ਉਲਟੀ ਰੀਤੀ ਕਰਦਾ ਹੈ ਕਿ ਮਿਲੇ ਹੋਏ ਨੂੰ ਸਾੜ ਸੁਟਦਾ ਹੈ ॥

ਜਲੈ ਪਤੰਗ ਨਿਸੰਗ ਹੋਇ ਕਰਿ ਅਖ ਉਘਾੜੀ । (ਵਾਰ ੨੭ ਪੌੜੀ ੬)

ਦੀਪਕ ਜਲੈ ਪਤੰਗ ਵੰਸ ਫਿਰ ਦੇਖ ਨ ਹੋੜੈ ॥

ਅਲਿ ਚਲ ਆਵਤ ਕਮਲ ਪੈ ਸਨੇਹ ਕਰ
ਕਮਲ ਸੰਪਟ ਬਾਂਧਿ ਪ੍ਰਾਨ ਪਰਹਾਰ ਹੈ ।

ਭੌਰਾ ਪ੍ਰੇਮ ਕਰਕੇ ਕੌਲ ਫੁਲ ਪਾਸ ਚਲਕੇ ਆਉਂਦਾ ਹੈ ਅਤੇ ਅਗੋਂ ਕਮਲ ਫੁਲ ਦੇ ਡਾਂਗਰ (ਸੂਰਜ ਦੇ ਡੁਬਣ ਵੇਲੇ) ਮੀਟਿਆ ਜਾਂਦਾ ਹੈ ਸੋ ਕਮਲ ਭੌਰੇ ਨੂੰ ਪੀੜ ਵਾਂਗਰ ਬੰਨ੍ਹਕੇ ਅਤੇ ਘੁਟਕੇ ਪ੍ਰਾਨ ਕੱਢ ਦੇਂਦਾ ਹੈ ॥

ਵਾਰ ੨੭ ਪੌੜੀ ੨ ਪੰ: ੧

ਭਵਰੈ ਵਾਸੁ ਵਿਣਾਸੁ ਹੈ ਫਿਰਦਾ ਫੁਲਵਾੜੀ ॥

ਭਵਰੀ ਵਾਸ (ਵਿਣਾਸ) ਨਿਵਾਸ ਹੈ ਫੜ ਕਮਲ ਸਪੱਟੈ ।

ਮਨ ਬਚ ਕ੍ਰਮ ਜਲ ਮੀਨ ਲਿਵਲੀਨ ਗਤਿ

ਬਿਛੁਰਤਿ ਰਾਖ ਨ ਸਕਤ ਗਹਿ ਪ੍ਰਾਨ ਹੈ ।

ਮੱਛੀ, ਮਨ, ਬਾਣੀ, ਸਰੀਰ, ਚਿਤ ਬ੍ਰਿਤੀ ਨੂੰ ਮਾਲਕ ਕਰਕੇ ਪਾਣੀ ਵਿਚ ਪਰੋਂਵਦੀ ਹੈ (ਅਤੇ ਜਦੋਂ ਫੰਦਕ ਕੁੰਡੀ ਨਾਲ ਫੜ ਲੈਂਦਾ ਹੈ) ਫਿਰ ਮੱਛੀ ਨੂੰ ਵਿਛੜ ਦਿਆਂ ਹੋਇਆਂ ਪਾਣੀ ਰਖ ਨਹੀਂ ਸਕਦਾ ਸੋ ਉਸੇ ਵੇਲੇ ਹੀ ਸ਼ਰੀਰ ਫੜਕੇ ਮਾਰ ਸੁਟਦਾ ਹੈ (ਵਾਰ ੨੭ ਪੌੜੀ ੩) ਕੁੰਡੀ ਫਾਥੇ ਮੱਛ ਜਿਉਂ ਰਸ ਜੀਭ ਵਿਗੁਤੀ ॥ ਜਲ ਵਿਛੁ ਫਸ ਸੱਦੀਐ ਮੱਛ ਨੇਹੁ ਨ ਘਟੇ

ਦੁਖਦਾਈ ਪ੍ਰੀਤਿ ਕੀ ਪ੍ਰਤੀਤਿ ਕੈ ਮਰੈ ਨ ਡਰੈ

ਗੁਰ ਸਿਖ ਸੁਖਦਾਈ ਪ੍ਰੀਤਿ ਕਤ ਬਿਸਾਰ ਹੈ ॥੩੧੯॥

(ਉਪ੍ਰੋਕਤ ਜਾਨਵਰ) ਦੁਖ ਦੇਣ ਵਾਲੀ ਪ੍ਰੀਤੀ ਦੀ (ਭਰੋਸੇ) ਪਰਤੀਤ (ਪੂਰਣਤਾ) ਕਰਕੇ ਮਰ ਜਾਂਦੇ ਹਨ ਫਿਰ ਵੀ ਡਰਦੇ ਨਹੀਂ ਪਰ ਅਫਸੋਸ ਨਾਲ ਹੈ ਸਿਖ ਗੁਰਾਂ ਦੀ ਸੁਖ ਦੇਣ ਵਾਲੀ ਜੋ ਪ੍ਰੀਤੀ ਹੈ ਉਸਨੂੰ ਕਿਉਂ ਵਿਸਾਰਦੇ ਹਨ ॥ ੩੧੯ ॥

ਦੀਵੇ ਆਦਕ ਨਾਲੋਂ (ਪੁਨਾ) ਗੁਰ ਦਰਸ਼ਨ ਦੀ ਵਿਸ਼ੇਸ਼ਤਾ

ਦੀਪਕ ਪਤੰਗ ਦਿਬ ਦ੍ਰਿਸਟਿ ਦਰਸ ਹੀਨ

ਸ੍ਰੀ ਗੁਰ ਦਰਸ ਧਿਆਨ ਤ੍ਰਿਭਵਨ ਗੰਮਿਤਾ ।

ਪਤੰਗਾ ਜੋ ਦੀਵੇ ਦਾ ਦਰਸ਼ਨ ਕਰਕੇ ਸੜ ਜਾਂਦਾ ਹੈ ਸੋ (ਦਿਬ) ਚਾਨਣ ਕ੍ਰਿਆ ਵਾਲੀ ਨਿਗਾਹ (ਦ੍ਰਿਸ਼ਟੀ) ਨਿਗਾ ਤੋਂ ਰਹਿਤ ਹੈ ਭਾਵ ਉਹ ਇਹ ਨਹੀਂ ਜਾਣਦਾ ਕਿ ਇਸ ਨੇ ਮੈਨੂੰ ਸਾੜ ਦੇਣਾ ਹੈ (ਇਹ ਫਲ ਪਤੰਗੇ ਨੂੰ ਮਿਲਿਆ ਦੀਵੇ ਦੇ ਦਰਸ਼ਨ ਕਰਨ ਦਾ) ਅਤੇ ਸੁਭਾਇ ਮਾਨ ਗੁਰਾਂ ਦੇ ਦਰਸ਼ਨ ਦਾ ਜੋ ਧਿਆਨ ਕਰਨਾ ਹੈ ਇਹਦੇ ਨਾਲ ਤ੍ਰਿਲੋਕਾਂ (ਅਕਾਸ਼ ਪਤਾਲ ਮਾਤ ਲੋਕ) ਦੀ (ਗੰਮਿਤਾ) ਖਬਰ ਪ੍ਰਾਪਤੀ ਹੁੰਦੀ ਕਿਆ ਜਾਣੀ ਜਾਣ ਦੇ ਜਾਂਦੀ ਦਾ ਹੈ ।

ਬਾਸਨਾ ਕਮਲ ਅਲਿ ਭ੍ਰਮਤ ਨ ਰਾਖ ਸਕੈ

ਚਰਨ ਸਰਨ ਗੁਰ ਅਨਤ ਨ ਰੰਮਿਤਾ ।

ਕੌਲ ਫੁਲ ਵਾਸ਼ਨਾ ਦੇਕੇ ਭੌਰੇ ਨੂੰ ਫਿਰਨ ਤੋਂ ਨਹੀਂ ਰੋਕ ਸਕਦਾ ਅਤੇ ਗੁਰੂ ਜੀ ਚਰਨਾਂ ਦੀ ਸਰਨ ਦੇਕੇ ਹੋਰਥੇ (ਕਾਮ ਆਦਕ ਜਗਤ ਦੇ ਦੂਜੇ ਫਲ) ਨਹੀਂ ਫਿਰਨ ਦੇਂਦੇ ॥

ਮੀਨ ਜਲ ਪ੍ਰੇਮ ਨੇਮ ਅੰਤ ਨ ਸਹਾਈ ਹੋਤ

ਚੂਰਨ ਕਿਸ ਸਾਗਰ ਕੋ [illegible] ਉਹ ਸੰਮਤ [illegible]

ਮੋਛ ਦੇ (ਜਲ ਨਾਲ) ਪ੍ਰੇਮ ਕਰਕੇ ਨਿਵਾਸ ਕਰਨ ਤੋਂ ਪਾਣੀ [illegible] ਨੂੰ [illegible] ਪਾਸੋਂ ਛੁਡਾਕੇ) ਸਹਾਇਤਾ ਨਹੀਂ [illegible] ਅਤੇ [illegible] ਪੂਰਨ ਫਿਰ ਬਰਾਬਰ ਸਿਖ ਦੇ ਸਹਾਇਤਾ ਕਰਨ ਵਾਲਾ ਸਭ [illegible] ਹੋਏ ਹਨ ॥

ਏਕ ਏਕ ਟੇਕ ਸੈ ਟਰਤ ਨ ਮਰਤ ਸਤੀ

ਸ੍ਰੀ ਗੁਰ ਸ੍ਰਧੰਗੀ ਸੰਗੀ ਮਹਾਤਮ ਅੰਮ੍ਰਿਤ [illegible]

ਉਪਰੋਕਤ ਜਾਨਵਰ ਇਕ ਇਕ ਦੀ [illegible] ਉਸ ਆਸਰੇ [illegible] ਨਹੀਂ ਛਡਦੇ, ਸਾਰੇ ਭੌਰੇ ਆਦਿਕ ਮਰ ਹੀ ਜਾਂਦੇ ਹਨ, ਪਰ ਜੋ [illegible] ਸਹਾਇਤਾ ਕਰਨ ਵਾਲੇ ਦੀ ਸਰਨ ਦੇ [illegible] ਹਨ [illegible] ਫਿਰ ਮਰਦੇ ਨਹੀਂ ਅਤੇ ਸਦਾ ਹੀ ਜੀਂਵਦੇ ਰਹਿਣ ਦਾ [illegible] ਮਿਲਿਆ ਹੈ ॥ ੩੧੯ ॥

ਗੁਰੂ ਜੀ ਉਪ੍ਰੋਕਤ ਪ੍ਰਸੰਗ ਨੂੰ ਆਖਦੇ ਹਨ ਕਿ ਜਦ ਪਾਣੀ ਆਦਿਕ ਨੇ ਮੱਛੀ ਆਦਿਕ ਦੀ ਏਥ ਸਹਾਇਤਾ ਨਹੀਂ ਕੀਤੀ ਤਾਂ ਅਗੇ ਮੋਇਆਂ ਹੋਇਆਂ ਕਿਹੜਾ (ਫਲ) ਸੁਖ ਦੇਣ ਲਗੀ ਹੈ ॥

ਦੀਪਕ ਪਤੰਗ ਮਿਲਿ ਜਰਤ ਨ ਰਾਖ ਸਕੈ

ਜਰੈ ਮਰੈ ਆਗੈ ਨ ਪਰਮਪਦੁ ਪਾਏ ਹੈ।

ਜਦ ਪਤੰਗਾ ਦੀਵੇ ਨਾਲ ਮਿਲਕੇ ਸੜਦਾ ਹੈ ਤਾਂ ਉਸਨੂੰ [illegible] ਨਹੀਂ ਸਕਦਾ ਅਤੇ ਫਿਰ ਉਹ ਪਤੰਗਾ ਜਦ [illegible] ਮਰ ਜਾਂਦਾ ਹੈ [illegible] ਕਿਹੜਾ ਅਗੇ ਉਚਾ ਪਦਵੀ ਪਾ ਲੈਂਦਾ ਹੈ ॥

ਮਧੁਪ ਕਮਲ ਮਿਲਿ ਭ੍ਰਮਤ ਨ ਰਾਖ ਸਕੈ

ਸੰਪਟ ਮੈ ਮੂਏ ਮੈ ਨ ਸਹਜ ਸਮਾਏ ਹੈ।

ਜਦ ਭੌਰਾ ਕੌਲ ਫੁਲ ਨੂੰ ਮਿਲਦਾ ਹੈ ਤਾਂ ਉਹ ਉਸਨੂੰ ਭੌਣ ਤੋਂ [illegible] ਅਤੇ ਜਦ [illegible] ਫੁਲ ਸੂਰਜ [illegible] ਨਾਲ ਹੋ ਜਾਂਦਾ ਹੈ [illegible] ਵਿਚ ਹੀ ਮਰ ਜਾਂਦਾ ਹੈ ਤੇ ਫਿਰ [illegible] ਕਿਹੜਾ ਅਡੋਲ ਸੁਖ ਵਿਚ ਸਮਾਉਂਦਾ ਹੈ ॥

ਜਲ ਮਿਲਿ ਮੀਨ ਕੀ ਨ ਦੁਬਿਧਾ ਮਿਟਾਇ ਸਕੀ

ਬਿਛੁਰਤ ਮਰਤ ਹਰ ਲੈਕ ਨ ਪਠਾਏ ਹੈ।

ਜਦ ਮੱਛੀ ਨੂੰ ਬਗਲਾ ਫੜ ਲੈਂਦਾ ਹੈ ਤਾਂ ਪਾਣੀ ਮੱਛੀ ਦੇ ਦੁਖ ਨੂੰ ਨਹੀਂ ਹਰ ਸਕਦਾ ਅਤੇ ਜਦ ਮੱਛੀ ਵਿਛੜ ਕੇ ਮਰ ਜਾਂਦੀ ਹੈ ਤਾਂ ਭੀ ਪਾਣੀ ਉਸਨੂੰ ਵਾਹਿਗੁਰੂ ਦੇ ਪਿੰਡ ਨੂੰ ਤਾਂ ਨਹੀਂ ਭੇਜ ਦੇਂਦਾ॥

ਇਤ ਉਤ ਸੰਗਮ ਸਹਾਈ ਸੁਖਦਾਈ ਗੁਰ
ਗਿਆਨ ਧਿਆਨ ਪ੍ਰੇਮ ਰਸ ਅੰਮ੍ਰਿਤ ਪੀਆਏ ਹੈ॥੨੨੦॥

ਇਸ ਲੋਕ ਵਿਚ ਭੀ ਗੁਰੂ ਜੀ ਸੁਖ ਦੇਣ ਵਾਲੇ ਹਨ ਅਤੇ ਅਗੇ ਪ੍ਰਲੋਕ ਵਿਚ ਭੀ (ਸੰਗਮ) ਸਾਥੀ (ਨਾਲ ਹੋਕੇ) ਸਹਾਇਤਾ ਕਰਨ ਵਾਲੇ ਹਨ ਪਰ ਜੇਹੜਾ ਆਦਮੀ ਗੁਰਾਂ ਦੇ ਗਿਆਨ ਧਿਆਨ ਵਿਚ ਪ੍ਰੇਮ ਕਰੇ ਉਸਨੂੰ ਅੰਮ੍ਰਿਤ ਸੁਆਦੀ ਛਕਾਉਂਦੇ ਹਨ ॥ ੨੨੦ ॥

ਉਪ੍ਰੋਕਤ ਪ੍ਰਸੰਗ ਨੂੰ ਮੁਹਰੇ ਵਰਨਨ ਕਰਦੇ ਹਨ॥

ਦੀਪਕ ਪਤੰਗ, ਅਲਿ ਕਮਲ ਸਲਿਲ ਮੀਨ
ਚਕਵੀ ਚਕੋਰ ਮ੍ਰਿਗ ਰਵਿ ਸਸਿ ਨਾਦਿ ਹੈ।

ਪਤੰਗਾ ਦੀਵੇ ਨਾਲ। ਭੌਰਾ ਕੌਲ ਫੁਲ ਨਾਲ। ਮਛੀ ਪਾਣੀ ਨਾਲ। ਚਕਵੀ ਸੂਰਜ ਨਾਲ। ਚਕੋਰ ਚੰਦ੍ਰਮਾ ਨਾਲ। ਹਰਨ ਘੰਡੇ ਹੇੜੇ ਦੇ ਸ਼ਬਦ ਨਾਲ ਪ੍ਰੀਤੀ ਕਰਦਾ ਹੈ॥

ਜਲਿ ਪਤੰਗ ਨਿਸੰਗ ਹੋਇ ਕਰਿ ਅੰਗ ਉਘਾੜੀ।
ਭਉਰੇ ਵਾਸ ਵਿਣਾਸ ਹੈ ਫਿਰਦਾ ਫੁਲਵਾੜੀ॥ ਵਾਰ ੨੭ ਪੌੜੀ ੪
ਲੋਹੀ ਚਾਖੇ ਮੱਛ ਜਿਉਂ ਰਸ ਜੀਭ ਵਿਗਾੜੀ॥ ਏਸੇਹੀ ਵਾਰ ਵਿਚੋਂ ਪੌੜੀ ੪
ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।
ਚੰਦ ਚਕੋਰ ਪਰੀਤਿ ਹੈ ਲਾਇ ਤਾਰ ਨਿਹਾਲੇ॥ ਵਾਰ ੨੭ ਪੌੜੀ ੧
ਮਿਰਗਾ ਨਾਦ ਬਿਸਮਾਦ ਹੋਇ ਫਿਰਦਾ ਉਜਾੜੀ॥

ਪ੍ਰੀਤਿ ਇਕ ਅੰਗੀ ਬਹੁ ਰੰਗੀ ਨਹਿ ਸੰਗੀ ਕੋਊ
ਜਾਤੇ ਦੁਖਦਾਈ ਨ ਸਹਾਈ ਅੰਤ ਆਦਿ ਹੈ।

ਉਪ੍ਰੋਕਤ ਜਾਨਵਰਾਂ ਦੀ ਪ੍ਰੀਤੀ ਇਕ ਪਾਸੇ ਦੀ ਅਤੇ ਬਹੁਤ ਤਰ੍ਹਾਂ ਦੀ ਹੈ ਪਰ ਅੰਤ ਨੂੰ ਦੁਖਦੇ ਵੇਲੇ ਕੋਈ ਭੀ ਉਨਾਂ ਵਿਚੋਂ ਉਨਾਂ ਦਾ ਸਾਥੀ ਨਹੀਂ ਬਣਦਾ ਸਗੋਂ ਹੀ ਦੁਖ ਦੇਣ ਵਾਲੇ ਹਨ ਅਤੇ ਸਹਾਇਤਾ ਕਰਨ ਵਾਲਾ ਕੋਈ ਭੀ ਨਹੀਂ ਨਾ ਹੀ ਪਹਿਲੇ ਅਤੇ ਨਾ ਹੀ ਓੜਕ ਨੂੰ (ਹੁੰਦਾ) ਹੋਵੇਗਾ॥

ਜੀਵਨ ਨ ਸਾਧ ਸੰਗ ਮੂਏ ਨ ਪਰਮ ਗਤਿ
ਗ੍ਯਾਨ ਧ੍ਯਾਨ ਪ੍ਰੇਮ ਰਸ ਪ੍ਰੀਤਮ ਪ੍ਰਸਾਦਿ ਹੈ ।

ਉਪ੍ਰੋਕਤਿ ਜਾਨਵਰ ਜੋ ਆਪਣੇ ਪਿਆਰਿਆਂ ਨਾਲ ਪਿਆਰ ਕਰਦੇ ਹਨ ਓਹ ਜੀਂਵਦਿਆਂ ਹੋਇਆਂ ਸਾਧਸੰਗਤ ਵਿਚ ਆਕੇ ਨਹੀਂ ਸਮਝਦੇ ਅਤੇ ਮਰਕੇ ਵਡੇ ਸੁਖ ਦੀ ਪ੍ਰਾਪਤੀ ਨੂੰ ਨਹੀਂ ਪਾਉਂਦੇ (ਭਾਵ) ਜੀਕੁਰ ਜਾਨਵਰ ਬੇਸਮਝੀ ਦੇ ਕਾਰਨ ਮਰ ਜਾਂਦੇ ਸਨ ਈਕੁਰ ਹੀ ਮੂਰਖ ਆਦਮੀ ਜੀਉਂਦਿਆਂ ਸਾਧ ਸੰਗਤ ਵਿਚ ਨਹੀਂ ਆਉਂਦੇ ਅਤੇ ਇਸੇ ਲਈ ਉਨ੍ਹਾਂ ਮੋਇਆਂ ਨੂੰ ਚੰਗੀ ਮੁਕਤੀ ਨਹੀਂ ਮਿਲਦੀ ਅਤੇ ਜੇਕਰ ਉਪ੍ਰੋਕਤਿ ਜਾਨਵਰਾਂ ਵਾਕੁਰ ਗੁਰਾਂ ਦੇ ਗਿਆਨ ਧਿਆਨ ਵਿਚ ਪ੍ਰੇਮ ਕਰਨ ਅਤੇ ਤਾਂ ਉਨ੍ਹਾਂ ਨੂੰ ਗੁਰਾਂ ਦੀ ਬਹੁਤ ਕਿਰਪਾ ਹੋਵੇ ਤੇ ਤਦ (ਪ੍ਰੀਤਮ) ਵਾਹਿਗੁਰੂ ਪਿਆਰੇ ਦਾ (ਰਸ) ਸੁਆਦ ਉਨ੍ਹਾਂ ਨੂੰ ਆਵੇ (ਭਾਵ) ਤਾਂ ਉਨ੍ਹਾਂ ਨੂੰ ਸੁਖ ਹੋਵੇ ॥

ਮਾਨਸ ਜਨਮ ਪਾਇ ਸ੍ਰੀ ਗੁਰ ਦਯਾ ਨਿਧਾਨ
ਚਰਨ ਸਰਨ ਸੁਖ ਫਲ ਵਿਸਮਾਦ ਹੈ ॥ ੩੨੧॥

ਚੰਗਾ ਆਦਮੀ ਦਾ ਜਨਮ ਪਾਕੇ ਜੇਹੜਾ ਸਿਖ ਸੁਭਾਇਮਾਨ ਕਿਰਪਾ ਦੇ (ਨਿਧਾਨ) ਭੰਡਾਰ ਗੁਰਾਂ ਦੀ ਚਰਨ ਸ਼ਰਨ ਆਉਂਦਾ ਹੈ ਉਹ (ਸੁਖਫਲ) ਗਿਆਨ (ਵਿਸਮਾਦ) ਬੜਾ ਸੋਹਣਾ ਪਾਉਂਦਾ ਹੈ ॥ ੩੨੧ ॥

ਉਪ੍ਰੋਕਤਿ ਗੁਰਮੁਖ ਜੀਕੁਰ ਮੂਹਰੇ ਵਰਨਨ ਹੈ ਈਕੁਰ ਦੇ ਕੰਮ ਕਰਨ ਵਾਲੇ ਹੋ ਜਾਂਦੇ ਹਨ ।

ਗੁਰਮੁਖ ਪੰਥ ਗੁਰ ਧ੍ਯਾਨ ਸਾਵਧਾਨ ਰਹੈ
ਲਹੈ ਨਿਜੁ ਘਰੁ ਅਰੁ ਸਹਜ ਨਿਵਾਸ ਜੀ ।

ਗੁਰ ਸਿਖਾਂ ਦਾ ਜੇਹੜਾ ਪੰਥ ਹੈ ਓਹ ਗੁਰਾਂਦੇ (ਧਿਆਨ) ਦਰਸ਼ਨ ਕਰਨ ਵਲ ਹੁਸ਼ਿਆਰ ਰਹਿੰਦਾ ਹੈ ਇਸ ਲਈ ਓਹ (ਆਪਣੇ ਸ੍ਵੈ ਸਰੂਪ) ਵਾਹਿਗੁਰੂ ਦੇ ਪਿੰਡ ਦੇ ਘਰ ਨੂੰ ਵੇਖ ਲੈਂਦੇ ਹਨ ਅਤੇ ਓਥੇ (ਸਾਂਤੀ ਸਰੂਪ ਅਚਰਜ ਸੁਖ) ਗਿਆਨ ਵਿਚ ਇਸਥਿਤੀ ਕਰਦੇ ਹਨ ॥

ਸਬਦ ਬਿਬੇਕ ਏਕ ਟੇਕ ਨਿਹਚਲ ਮੱਤਿ
ਮਧੁਰ ਬਚਨ ਗੁਰ ਧ੍ਯਾਨ ਕੈ ਪ੍ਰਗਾਸ ਜੀ ।

(ਉਪ੍ਰੋਕਤਿ ਗੁਰ ਸਿਖਾਂ ਦੀ) ਗੁਰਾਂ ਦੇ ਇਕ ਉਪਦੇਸ਼ ਦੀ ਵਿਚਾਰ ਕਰਨੀ (ਇਹ) ਪੱਕੀ ਬੁਧੀ ਦਿਖਾਈ ਹੈ ਭਾਵ ਅਕਲ ਹੋਰ ਪਾਸੇ ਵਲ ਨਹੀਂ ਡੋਲਦੀ

ਅਤੇ ਮਿਲੇ ਸੰਗ ਸੰਗਤ ਗੁਰਾਂ ਦੇ ਦਿਸ਼ਨ ਨੂੰ ਪ੍ਰਾਪਤ ਕਰਦੇ ਹਨ ॥

ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ

ਪ੍ਰੇਮ ਰਸ ਬਸ ਭਏ ਬਿਸਮ ਬਿਸ੍ਵਾਸ ਜੀ ।

ਗੁਰਾਂ ਦੇ ਚਰਨ ਕੌਲਾਂ ਦਾ ਚਰਨ ਅੰਮ੍ਰਿਤ ਸੁਖਾਂ ਦਾ (ਨਿਧਾਨ) ਖ਼ਜ਼ਾਨਾ (ਪਾਨ) ਪੀਕੇ ਅਸਚਰਜ ਭਰੋਸੇ ਕਰਕੇ ਪ੍ਰੇਮ ਅਨੰਦ ਦੇ ਵਸ ਹੋਏ ਹਨ ॥

ਗਿਆਨ ਧਿਆਨ ਪ੍ਰੇਮ ਨੇਮ ਪੂਰਨ ਪ੍ਰਤੀਤਿ ਚੀਤਿ

ਬਨ ਗ੍ਰਿਹ ਸਮਸਰਿ ਮਾਯਾ ਮੈ ਉਦਾਸ ਜੀ॥੨੨੨

ਗੁਰਾਂ ਦੇ ਗਿਆਨ ਧਿਆਨ ਪ੍ਰੇਮ ਵਿਚ ਪੂਰੀ ਪਰਤੀਤ ਚਿਤ ਦੀ ਦਾ ਨਿਸ਼ਚੇ ਕਰਕੇ ਅਤੇ ਦੌਲਤ ਕਠੀ ਕਰਨ ਤੋਂ ਉਦਾਸ ਹੋਕੇ (ਗ੍ਰਿਹ) ਘਰ ਨੂੰ ਜੰਗਲ ਦੇ (ਸਮਸਰ) ਬਰਾਬਰ ਜਾਣਦੇ ਹਨ ਅਥਵਾ ਉਜਾੜ ਤੇ ਘਰਦਾ ਵਸਣਾ ਇਕ ਜਿਹਾ ਜਾਣਦੇ ਹਨ॥ ੨੨੨ ॥

ਉਪ੍ਰੋਕਤਿ ਗੁਰਮੁਖ ਜੀਕੂੰ ਸਾਧ ਸੰਗਤ ਨੂੰ ਨਹੀਂ ਛਡਦੇ ਜੀਕੂੰ ਮੁਹਰੇ ਦੱਸਨਾਂ ਹੈ ਕਿ ਚੋਰ ਆਦਕ ਮਾਰਿਆਂ ਵੀ ਚੋਰੀ ਨਹੀਂ ਛੱਡਦੇ ॥

ਮਾਰਬੇ ਕੋ ਤ੍ਰਾਸ ਦੇਖ ਚੋਰ ਨ ਤਜਤ ਚੋਰੀ

ਬਟਪਾਰਾ ਬਟਪਾਰੀ ਸੰਗ ਹ੍ਵੈ ਤਕਤ ਹੈ ।

ਮਾਰਦਾ (ਤ੍ਰਾਸ) ਡਰ (ਦੁਖ) ਵੇਖਕੇ ਵੀ ਚੋਰ ਚੋਰੀ ਕਰਨੀ ਨਹੀਂ ਛਡਦਾ ਹੈ ਅਤੇ (ਬਟਪਾਰਾ) ਰਾਹ ਮਾਰ ਰਾਹ ਵਿਚ ਲੁਟਣ ਦੀ ਤਰਕੀਬ ਨੂੰ ਦੂਜਿਆਂ ਲੁਟੇਰਿਆਂ ਦੇ ਨਾਲ ਹੋਕੇ (ਤਕਤ) ਵੇਖਦਾ ਹੈ ॥ ਭਾਵ—ਭਾਵੇਂ ਜਾਣਦਾ ਹੈ ਕਿ ਜਿਨ੍ਹਾਂ ਸਾਥੀਆਂ ਨਾਲ ਮੈਂ ਰਲਿਆ ਹਾਂ ਸੋ ਫੜਿਆ ਜਾਵਾਂਗਾ ਪਰ ਫਿਰ ਵੀ ਠਗੀ ਨਹੀਂ ਛਡਦਾ ॥

ਚੋਰ ਨ ਚੋਰੀ ਪਰਹਰਹਿ ਦੁਖ ਸਹਨ ਗਰੱਠੇ। (ਵਾਰ ੨੭ ਪੌੜੀ ੨ ਪੰਗਤੀ ੪)

ਬੇਸ੍ਵਾਰਤੁ ਬ੍ਰਿਥਾ ਭਏ ਮਨ ਮੈ ਨ ਸੰਕਾ ਮਾਨੈ

ਜੂਆਰੀ ਨ ਸਰਬਸੁ ਹਾਰੇ ਮੈ ਥਕਤ ਹੈ ।

(ਬੇਸ੍ਵਾਰਤੁ) ਵੇਸਵਾ ਨਾਲ ਪ੍ਰੀਤ ਕਰਨਵਾਲਾ (ਬ੍ਰਿਥਾ) ਪੀੜਾ (ਸਰਬਸ) ਸਭ ਕੁਛ ਹਰਦਾ ਸਰਬੰਸ। ਵੇਸਵਾ ਨਾਲ ਪ੍ਰੀਤੀ ਕਰਨਵਾਲੇ ਨੂੰ ਭਾਵੇਂ ਕਿੰਨੀ ਹੀ ਪੀੜਾ ਹੋਵੇ ਪਰ ਫਿਰ ਵੀ ਮਨ ਵਿਚ ਸ਼ੰਕਾ ਨਹੀਂ ਮੰਨਦਾ (ਭਾਵ) ਵਿਸ਼ਈਆਂ ਆਦਮੀਆਂ ਨੂੰ ਕਸੂਰ ਕਰਾਂ ਦੀਆਂ ਕੋਹ ਦੀਆਂ ਬਿਮਾਰੀਆਂ ਲੱਗੀਆਂ ਹਨ ਪਰ ਫਿਰ ਵੀ ਪਰ ਸ਼ੰਕਾਂ ਦਾ ਡਰ (ਸ਼ਰਮ) ਨਹੀਂ ਕਰਦੇ ਜੀਕੂੰ ਦੋ ਜੂਆਰੀ

ਰਹੇ ਹਨ । ਅਤੇ ਜੂਆਰੀਆ ਅਤੇ ਜਿਹਾ ਜੂਆ ਖੇਡਣਾ ਜੂਏ ਵਿਚ ਹਾਰ ਜਾਵੇ ਪਰ ਫਿਰ ਭੀ ਜੂਆ ਖੇਡਣੋਂ ਨਹੀਂ (ਟਲਦਾ) ਭਾਂਦਾ ॥

ਵਾਰ੨੭ ਪੌੜੀ ੨—ਰਹਿਨ ਨ ਗੌਨਤਾ ਵਾਕਿਅਹੁ ਵੇਕਰਮੀ ਅੰਤੇ ।

ਜਿਉਂ ਜੂਏ ਜੂਆਰੀਆ ਲਗ ਦਾਵ ਉਪੱਠੇ ॥

***ਅਮਲੀ ਨ ਅਮਲ ਤਜਤ ਜਿਉਂ ਧਿਕਾਰ ਕੀਏ**
ਦੇਖ ਦੁਖ ਲੋਗ ਬੇਦ ਸੁਨਤ ਛਕਤ ਹੈ ।

ਨਸ਼ਈ ਨਸ਼ੇ ਨੂੰ ਕਦੀ ਨਹੀਂ ਛਡਦਾ ਭਾਵੇਂ ਅਨੇਕਾਂ ਹੀ ਵਾਰੀ ਲੋਕੀ ਫਿਟੇ ਮੂੰਹ(ਲਾਨਤ)ਕਰਨ ਅਤੇ ਦੁਖਨ ਸੁਨੈਂਦਾ ਭਾਵ ਲੋਕਾਂ ਕੋਲੋਂ ਅਮਲ ਦੇ ਦੂਖਨ ਸੁਣਦਾ ਹੈ ਅਤੇ ਹੋਰ ਕੀਤਾਂ ਪੁਸਤਕਾਂ ਹਿਕਮਤ ਦਿਆਂ ਵਿਚੋਂ ਪੜਦਾ ਹੈ ਕਿ ਅਮਲ ਦੁਖਦਾਈ ਹੈਨ ਪਰ ਫਿਰ ਵੀ ਨਹੀਂ ਛਡਦਾ ਸਗੋਂ ਰਾਤ ਦਿਨੇ ਮਸਤ ਰਹਿੰਦਾ ਹੈ ॥

ਅਮਲੀ ਅਮਲ ਨ ਛੱਡਨੀ ਹੋਇ ਬਹਨ ਇਕੱਠੇ । (ਵਾਰ੨੭ ਪੌੜੀ੨)

ਅਧਮ ਅਸਾਧ ਸੰਗ ਛਾਡਤ ਨ ਅੰਗੀਕਾਰ
ਗੁਰ ਸਿਖ ਸਾਧਸੰਗ ਛਾਡਿ ਕੈਸੇ ਸਕਤ ਹੈਂ॥੩੨੩॥

ਜਦ ਕਿ ਨੀਚ ਲੋਕਾਂ(ਉਪ੍ਰੋਕਤਾਂ) ਨੇ ਭੈੜੇ ਕੰਮ ਜੇਹੜੇ ਉਨ੍ਹਾਂ ਨੇ ਧਾਰ ਨ ਲੀਤੇ ਹਨ ਉਨ੍ਹਾਂਨੂੰ ਓਹ ਨਹੀਂ ਛਡ ਸਕਦੇ ਭਾਵ ਨਸ਼ਈਆਂ ਨਾਲ ਬੈਠਕੇ ਜੋ ਨਸ਼ੇ ਨਸ਼ਈਆਂ ਨੇ ਅੰਗੀਕਾਰ ਕੀਤੇ ਹਨ ਉਨ੍ਹਾਂ ਨੂੰ ਹੁਣ ਓਹ ਨਹੀਂ ਛਡ ਸਕਦੇ ਤਦ ਗੁਰੂ ਕੇ ਸਿਖ ਬਹੁਤ ਸੁਖ ਦੇਣ ਵਾਲੀ ਅਤੇ ਉਤਮ ਸਾਧ ਸੰਗਤ ਨੂੰ ਅੜਮੱਤੀਆ ਦੇ ਪੇਰ ਕੇ ਹਟੇਣ ਨਾਲ ਜ਼ਰੂਰ ਛਡ ਸਕਦੇ ਹਨ ॥ ੩੨੩ ॥

ਉਪ੍ਰੋਕਤ ਨਸ਼ਈਆਂ ਵਿਸ਼ਈਆਂ ਨੂੰ ਜਦ ਨਸ਼ਿਆਂ ਵਿਸ਼ਿਆਂ ਵਲੋਂ ਧਕੇ ਪੈਂਦੇ ਹਨ ਤੇ ਤਦ ਵੀ ਨਹੀਂ ਹਟਦੇ ਅਤੇ ਗੁਰੂ ਕੇ ਸਿਖ ਸਾਧ ਸੰਗਤ ਵਿਚ ਕਿਉਂ ਨ ਜਾਣ ॥

---

*ਤਿਬ ਰਹੀਮੀ ਡਾਕਟਰੀ ਕਤਾਬ (ਜੇਹੜੀ ਰਹੀਮਖਾਨ ਖਾਨ ਬਹਾਦਰ ਨੇ ਬਣਾਈ ਹੋਈ ਹੈ ਅਤੇ ਮੈਡੀਕਲ ਕਾਲਜ ਲਾਹੌਰ ਵਿਚ ਪੜ੍ਹਾਈ ਜਾਂਦੀ ਹੈ) ਦਾ ੨੧੦ ਸਫਾ ਸ਼ਰਾਬ ਦੇ ਵੇਰਵੇ ਲਈ ਵੇਖੋ ॥

*ਇਸ ਕਬਿਤ ਵਿਚ ਜੋ ਨਸ਼ਿਆਂ ਦਾ ਵਰਤਣਾ ਹੈ ਜੋ ਨੀਚ ਆਦਮੀਆਂ ਦਾ ਕੰਮ ਹੈ ਜ਼ਰੂਰ ਵਰਨਨ ਕੀਤਾ ਗਯਾ ਹੈ ਪਰ ਅਫਸੋਸ ਜੋ ਖਾਲਸਾ ਧਰਮ ਦੇ ਮੁਹਰੀ ਬਣ ਕਰ ਮੁਫਤ ਸ਼ਰਾਬ ਆਦਕ ਨੂੰ ਖੁਸ਼ੀ ਮੰਨਦੇ ਹਨ ਉਨ੍ਹਾਂ ਵਿਦਵਾਨਾਂ ਦੀ ਅਕਲ ਖੁਦ ਸੌੜ ਹੈ ਅਤੇ ਓਹ ਖਾਲਸਾ ਕੌਮ ਦੇ ਵੈਰੀ ਹਨ ॥

ਉਮਰ ਦੈ ਦੋਖ ਦੁਖ ਅਪਜਸ ਲੈ ਅਸਾਧ
ਲੋਕ ਪਰਲੋਕ ਮੁਖ ਸਿਆਮਤਾ ਲਗਾਵਹੀ।

ਤੇ ਜੋ ਸਾਧੂ ਰੂਪੇ ਖਰਚ ਕੇ ਦੂਸ਼ਨ, ਰੋਗ, ਨਿੰਦਾ, ਇਸ ਲੋਕ ਵਿਚ ਲੈਂਦੇ ਹਨ ਅਤੇ ਵਾਹਿਗੁਰੂ ਦੇ ਪਿੰਡ ਜਦ ਜਾਂਦੇ ਹਨ ਓਦੋਂ ਵੀ ਉਨ੍ਹਾਂ ਦੇ ਮੂੰਹ ਤੇ ਕਾਲੇ ਦੀ ਸਿਆਹੀ ਲਗਦੀ ਹੈ॥

ਚੋਰ ਜਾਰ ਔ ਜੂਆਰ ਮਦ ਪਾਨੀ ਦੁਹਕ੍ਰਿਤ ਸੈਂ
ਕਲਹ ਕਲੇਸ ਭੇਸ ਦੁਬਿਧਾ ਕੈ ਧਾਵਹੀ।

ਚੋਰ ਯਾਰ ਜੂਆਰੀਆ ਅਤੇ ਸ਼ਰਾਬੀ ਖੋਟਿਆਂ ਕੰਮਾਂ ਲੜਾਈ ਦੁਖ ਦਾ ਲਭ ਕਰਕੇ ਹੀ ਭੇਤ ਭਾਵ ਵਲ ਦੌੜਦਾ ਹੈ॥ ਭਾਵ—ਇਤਯਾਦਕ ਜਾਂਦੂਰੇ ਲੜਾਈ ਸਹੇੜਦੇ ਹਨ॥

ਅਤਿ ਪਤਿ ਮਾਨ ਹਾਨਿ ਕਾਨਿ ਮੈ ਕਨੌਡੀ ਸਭਾ
ਨਾਕ ਕਾਨ ਖੰਡ ਡੰਡ ਹੋਤ ਨ ਲਜਾਵਹੀ।

ਉਪ੍ਰੋਕਤਿ ਵਿਕਾਈਆਂ ਨਸ਼ਈਆਂ ਦੀ ਅਕਲ, ਇੱਜ਼ਤ, ਆਦਰ ਆਦਕ ਹਾਨੀ ਹੋ ਜਾਂਦੇ ਹਨ ਅਤੇ ਹਰ ਇਕ ਦੇ ਵੱਸ ਹੋਕੇ ਖੁਸ਼ਾਮਤ ਕਰਦੇ ਹਨ ਅਤੇ ਨੱਕਾਂ ਕੰਨਾਂ ਦੇ ਟੁਕੜੇ ਟੁਕੜੇ ਕਰਾਕੇ ਨਕਲੀਆਂ ਵਾਕੂਰ ਹੋਕੇ ਵੀ ਲਜਾਇਮਾਨ ਨਹੀਂ ਹੁੰਦੇ ਹਨ —ਭਾਵ ਇਕੁਲ ਦੇ ਬੇਸ਼ਰਮ ਹੋਕੇ ਵੀ ਸ਼ਰਮ ਨਹੀ ਕਰਦੇ ਹਨ॥

ਸਰਬ ਨਿਧਾਨ ਦਾਨ ਦਾਇਕ ਸੰਗਤ ਸਾਧ
ਗੁਰ ਸਿਖ ਸਾਧੂ ਜਨ ਕਊਂ ਨ ਚਲਿ ਆਵਹੀ॥੪੬੪॥

ਸਾਰਿਆਂ (ਨਿਧਾਨ) ਖਜ਼ਾਨਿਆਂ ਦੇ ਦੇਣ ਵਾਲੀ ਅਤੇ ਸੁਖਦਾਇਕ ਸਾਧ ਸੰਗਤ ਜੋ ਹੈ (ਗੁਰੂ ਕੇ ਸਿਖਾਂ ਦੀ) ਜੋ ਤਿਸ ਵਿਚ ਮਹਾਤਮਾਜਨ ਕਿਉਂ ਨਾ ਚਲਕੇ ਔਣ ਭਾਵ ਔਣ॥੪੬੪॥
ਸ੍ਰੋਤ ਗੁਰੂ॥ ਰਿਧਿਸਿਧਿ ਸਭ ਭਗਤਾਂ ਵਰਣੀ ਜਾਣੀ ਗੁਰਕੇ ਸਹਿਜ ਸੁਭਾਈ। ਸਤਿ ਸੰਗਤ ਨਿਜ ਕਲਪਤਰ ਸਗਲ ਕਾਮਨਾ ਦੇਤ॥ ਅੰਮ੍ਰਿਤ ਰੂਪੀ ਖਤਨ ਗਹਿ ਤ੍ਰਿਧੂ ਤਾਪ ਹਰਿ ਲੇਤ॥ ਵਿਚਾਰ ਮਾਲਾ ਦਾ ਸਾਰਾ ਦੂਜਾ ਅਧਿਆਇ ਵੀ ਉਪ੍ਰੋਕਤ ਗੁਰਮੁਖ ਆਪ ਤਾਂ ਜਨਮ ਮਰਨ ਤੋਂ ਰਹਿਤ ਹਨ ਪਰ ਲੋਕਾਂ ਵਾਸਤੇ ਔਹੁਰ ਪਰਉਪਕਾਰ ਕਰਦੇ ਹਨ ਜੀਵਨ ਅਜੇ ਵਰਤਨਾਂ॥

ਜੈਸੇ ਤੌ ਅਕਸਮਾਤ ਬਾਦਰ ਉਦੋਤ ਹੋਤ
ਗਗਨ ਘਟਾ ਘਮੰਡ ਕਰਤ ਬਿਥਾਰ ਜੀ ।

ਜੀਕੁਰ ਅਚਾਨਕ (ਥੋੜੇ ਹੀ ਚਿਰ ਵਿਚ) ਹੀ ਬਦਲ ਪ੍ਰਗਟ ਹੋਕੇ ਅਕਾਸ਼ ਵਿਚ ਘਟਾਂ ਦਾ ਅਡੰਬਰ ਹੋ ਜਾਂਦਾ ਹੈ ਅਤੇ ਸਾਰੀ ਧਰਤੀ ਉਤੇ ਪਾਣੀ ਦਾ ਫੈਲਾਉ ਕਰਦਾ ਹੈ ॥

ਤਾਹੀ ਤੇ ਸਬਦ ਧੁਨਿ ਘਨ ਗਰਜਤ ਅਤਿ
ਚੰਚਲ ਚਰਿਤ੍ਰ ਦਾਮਨੀ ਚਮਤਕਾਰ ਜੀ ।

ਤਿਸਤੋਂ (ਘਨ) ਬਦਲ ਗੱਜਦਾ ਹੈ ਅਤੇ ਉਸ (ਸਬਦ) ਅਵਾਜ਼ ਦੀ ਬਹੁਤ ਹੀ (ਧੁਨਿ) ਉਚੀ ਦਿੜੀ ਅਵਾਜ਼ ਹੁੰਦੀ ਹੈ ਅਤੇ ਜੋ ਚੰਚਲ (ਚਰਿਤ੍ਰ) ਚਮਕਾਂ ਵਾਲੀ (ਦਾਮਨੀ) ਬਿਜਲੀ ਹੈ ਉਸਦਾ ਵੀ ਓਨਾਂ ਬਦਲਾਂ ਵਿਚ ਚਾਨਣ ਹੁੰਦਾ ਹੈ ॥

ਬਰਖਾ ਅੰਮ੍ਰਿਤ ਜਲ ਮੁਕਤਾ ਕਪੂਰ ਤਾਂਤਿ
ਔਖਧੀ ਉਪਾਰਜਨਾ ਅਨਿਕ ਪ੍ਰਕਾਰ ਜੀ ।

(ਉਪਾਰਜਨਾ) ਪ੍ਰਗਟ ॥ ਤਿਸ ਬਰਖਾ ਵਿਚ ਜੋ ਸ੍ਵਾਂਤੀ ਬੂੰਦ ਵਰ੍ਹਦੀ ਹੈ ਓਹ ਸਿਪੀ ਦੇ ਮੂੰਹ ਵਿਚ ਪਵੇ ਤਾਂ ਮੋਤੀ ਬਣ ਜਾਂਦਾ ਹੈ ਅਤੇ ਜੇ ਕੇਲੇ (ਦਰਖਤ) ਵਿਚ ਪਵੇ ਤਾਂ ਕਪੂਰ ਸੁਗੰਧੀ ਵਾਲਾ ਬਣ ਜਾਂਦਾ ਹੈ ਅਤੇ ਹੋਰ ਜੇਹੜਾ ਬਹੁਤ ਜਲ ਧਰਤੀ ਤੇ ਵਰ੍ਹਦਾ ਹੈ ਉਸਦੇ ਅਨੇਕਾਂ ਤਰਾਂ ਦੇ ਉਪਕਾਰ ਹਨ ਕਿ ਬੂਟੀਆਂ ਜੋ ਦਵਾਈਆਂ ਬਣਾਈਆਂ ਜਾਂਦੀਆਂ ਹਨ ਓਹ ਉਗਦੀਆਂ ਹਨ ।

ਵਾਰ ੨ ਪੌੜੀ ੫ ਸਾਰੀ ਵੇਖੋ—ਸਮਸਰ ਵਰਸੈ ਸ੍ਵਾਂਤ ਬੂੰਦ ਜਿਉਂ ਸਭਨੀ ਥਾਈਂ ।
ਕੇਲੇ ਵਿਚ ਕਪੂਰ ਹੋਇ ਸੀਤਲ ਸੁਖਦਾਈ ।
ਮੋਤੀ ਹੋਵੈ ਸਿਪ ਮਹਿ ਬਹੁ ਮੋਲ ਮੁਲਾਈ ॥

ਦਿਬ ਦੇਹ ਸਾਧ ਜਨਮ ਮਰਨ ਰਹਤ ਜਗ
ਪ੍ਰਗਟਤ ਕਰਬੇ ਕੋ ਪਰਉਪਕਾਰ ਜੀ ॥੩੨੫॥

(ਦਿੱਬ) ਦੇਵਤਿਆਂ ਵਾਲੀ ਜੋ ਦੇਹ ਗੁਰਮੁਖਾਂ ਨੇ ਏਸ ਜਗਤ ਉਤੇ ਆਕੇ ਧਾਰੀ ਹੈ ਸੋ ਪਰਉਪਕਾਰ ਦੇ ਪ੍ਰਗਟ ਕਰਨ ਨੂੰ ਹੈ ਹੋਰ ਓਨਾਂ ਨੂੰ ਕੁਝ ਲੋੜ ਨਹੀਂ ਹੈ ਆਪ ਓਹ ਜਨਮ ਮਰਨ ਤੋਂ ਰਹਿਤ ਹਨ ਪਰ ਪਰਉਪਕਾਰ ਦੇ ਕਰਨ ਵਾਸਤੇ ਜਗਤ ਉਪਰ ਆਏ ਹਨ ॥

ਜਮਣ ਮਰਣ ਹੂੰ ਬਾਹਿਰੇ ਪਰਉਪਕਾਰੀ ਜਗ ਵਿਚ ਆਏ ।

ਛਾਉ ਕਰਾਇ ਉਪਦੇਸ ਕਰਿ ਆਪ ਸੰਗਤ ਸਤ ਸੰਗ ਦ੍ਰਿੜਾਏ ॥
ਗੁਰ ਸਿੱਖ) ਜਨਮ ਮਰਨ ਦੁਹਹੂੰ ਮਹਿ ਨਾਹੀ ਜਨ ਪਰਉਪਕਾਰੀ ਆਏ।
(ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੪॥

ਉਪ੍ਰੋਕਤਿ ਗੁਰਮੁਖਾਂ ਨੂੰ ਭਾਵੇਂ ਮਨਮੁਖ ਦੁਖ ਹੀ ਦੇਣ ਪਰ ਫਿਰ ਭੀ ਗੁਰਮੁਖ ਮਨਮੁਖਾਂ ਉਤੇ ਪਰਉਪਕਾਰ ਹੀ ਈਕੁਰ ਕਰਦੇ ਹਨ ਜੀਕੁਰ ਅਗੇ ਵਰਨਨ ਹੈ ॥

ਸਫਲ ਬਿਰਖ ਫਲ ਦੇਤ ਜੈਸੇਂ ਪਾਖਾਨ ਮਾਰੇ
ਸਿਰਿ ਕਰਵਤ ਸਹਿ ਗਹਿ ਪਾਰਿ ਪਾਰਿ ਹੈ ।

(ਪਖਾਨ) ਪੱਥਰ (ਕਰਵਤ) ਆਰਾ (ਗਹਿ) ਫੜਕੇ । ਜੀਕੁਰ ਫਲ ਨਾਲ ਫਲਿਆ ਹੋਇਆ ਦਰਖਤ ਵੱਟੇ ਮਾਰਨ ਤੇ ਫਲ ਦੇਂਦਾ ਹੈ ਅਤੇ ਆਪਣੇ ਸਿਰ ਤੇ ਆਰਾ ਸਹਿੰਦਾ ਹੈ ਕਿ ਤਰਖਾਣ ਉਸਨੂੰ ਫੜਕੇ ਪਾੜ ੨ ਕੇ ਸੱਚੇ ਪਾ ਦਿੰਦਾ ਹੈ ਪਰ ਫਿਰ ਵੀ ਦਰਖਤ ਆਦਮੀ (ਉਸ ਤਰਖਾਣ ਆਦਕ) ਨਾਲ ਪਰਉਪਕਾਰ ਹੀ ਕਰਦਾ ਹੈ ਕਿ ਨਦੀ ਆਦਕ ਤੋਂ ਓਹ ਬੇੜੀ ਬਣ ਕੇ ਪਾਰ ਕਰ ਦੇਂਦੇ ਹਨ (ਈਕੁਰ ਹੀ ਗੁਰਮੁਖ)
ਵਾਰ੨੯ ਪੌੜੀ੧੭-ਧਰਤੀ ਅੰਦਰ ਬਿਰਖ ਹੋਇ ਪਹਿਲੋਂ ਦੇ ਜੜ ਪੈਰ ਟਿਕਾਈ ।
ਉਪਰ ਝੂਲੈ ਝੰਟਲਾ ਠੰਢੀ ਛਾਉ ਸੁ ਥਾਉ ਸੁਹਾਈ ।
ਪਵਣ ਪਾਣੀ ਪਾਲਾ ਸਹੈ ਸਿਰ ਤਲ ਵਾਇਆ ਨਿਹਚਲ ਜਾਈ
ਫਲ ਦੇ ਵੱਟ ਵਗਾਇਆ ਸਿਰ ਕਲਵਤ ਲੈ ਲੋਹ ਤਰਾਈ ।
ਗੁਰਮੁਖ ਜਨਮ ਸਕਾਰਥਾ ਪਰਉਪਕਾਰੀ ਸਹਜ ਸੁਭਾਈ ।
ਮਿਤ੍ਰ ਨ ਸਤ੍ਰ ਨ ਮੋਹ ਧ੍ਰੋਹ ਸਮਦਰਸੀ ਗੁਰ ਸਬਦ ਸਮਾਈ ।
ਸਾਧ ਸੰਗਤਿ ਗੁਰਮਤਿ ਵਡਿਆਈ ।
ਪੁਨਾ ਵਾਰ ੨੦ ਪੌੜੀ ੧੧-੧੨ ਪੁਨਾ ਵਾਰ ੧੪
ਪੌੜੀ ੯ ਵੀ ਸਾਰੀ ਵੇਖੋ ਵਿਸਥਾਰਕੇ ਭੈ ਸੇ ਨਹੀਂ ਲਿਖੀ ॥

ਸਾਗਰ ਮੈਂ ਕਾਢਿ ਮੁਖ ਫੋਰੀਅਤਿ ਸੀਪ ਕੋ ਜੈਸੇਂ
ਦੇਤ ਮੁਕਤਾਹਲ ਅਵੱਗਯਾ ਨ ਬੀਚਾਰ ਹੈ ।

(ਸਾਗਰ) ਸਮੁੰਦਰ । ਜੀਕੁਰ ਸਿਪ ਨੂੰ ਸਮੁੰਦਰ ਵਿਚੋਂ ਕੱਢੀਦਾ ਹੈ ਅਤੇ ਉਸ ਦਾ ਮੂੰਹ ਭੰਨ ਦੇਈਦਾ ਹੈ ਤੇ ਸਗੋਂ ਓਹ ਅਗੋਂ ਮੋਤੀ ਦੇਂਦਾ ਹੈ ਅਤੇ ਮੂੰਹ ਭੰਨਣ ਵਾਲੇ ਦੀ ਅਵੱਗਯਾ ਨਹੀਂ ਵਿਚਾਰਦਾ (ਈਕੁਰ ਹੀ ਗੁਰਮੁਖ)

ਜੈਸੇ ਖਨਵਾਰਾ ਖਾਨਿ ਖਨਤ ਹਨਤ ਘਨ

ਮਾਨਕ ਅਮੋਲ ਹੀਰਾ ਪਰਉਪਕਾਰ ਹੈ।

(ਅਗਰ) ਪੂਰਨਾਂ (ਰਤਨ) ਮਾਰਨਾ (ਸਟ (ਘਨ) ਵਦਾਨ (ਹਥੌੜਾ) ਜੀਕੁਰ ਘਨ ਪੂਰਣ ਵਾਲਾ ਆਦੀ ਨੂੰ ਪੂਰਣ ਲੱਗਾ ਵਦਾਨ (ਹਥੌੜੇ) ਮਾਰਦਾ ਹੈ ਪਰ ਓਹ ਅੱਗੋਂ ਸਗੋਂ ਪਰਉਪਕਾਰ ਹੀ ਕਰਦਾ ਹੈ ਕਿ ਉਸਨੂੰ ਅਮੋਲਕ ਹੀਰੇ ਮਣਕੇ ਮੋਤੀ ਆਦਕ ਦੇਂਦੀ ਹੈ (ਈਕੁਰ ਹੀ ਗੁਰਮੁਖ)

ਊਖ ਮੈ ਪਿਯੂਖ ਜੈਸੇਂ ਪ੍ਰਗਾਸ ਹੋਤ ਕੋਲੂ ਪਚੈ
ਅਵਗੁਨ ਕੀਏ ਗੁਨ ਸਾਧਨ ਕੈ ਦ੍ਵਾਰ ਹੈ ॥ ੨੩੬॥

(ਊਖ) ਗੰਨਾ (ਪਿਯੂਖ) ਅੰਮ੍ਰਿਤ ਜੀਕੁਰ ਕਮਾਦਨੂੰ ਵੇਲਣੇ ਵਿਚ ਪੀੜੀਏ ਤਾਂ ਰਹੁ (ਰਸ) ਪਰਗਟ ਹੁੰਦੀ ਹੈ "ਪਰ ਗੰਨਾ ਪੀੜਨ ਵਾਲੇ ਜਦ ਦੇ ਔਗੁਣ ਨਹੀਂ ਯਾਦ ਕਰਦਾ" ਈਕੁਰ ਹੀ ਗੁਰਮੁਖਾਂ ਦੇ ਦਰਵਾਜੇ (ਸਾਧ ਸੰਗਤ ਦੇ ਬੂਹੇ) ਉਤੇ ਔਗੁਣ ਕਰੀਏ ਕਿ ਮਹਾਤਮਾ ਨੂੰ ਦੁਖ ਦੇਈਏ ਤੇ ਤਦ ਵੀ ਮਹਾਤਮਾ ਗੁਣ ਹੀ ਕਰਦੇ ਹਨ। ਵਾਰ ੨ ਪੌੜੀ ੧੨॥ ਗੰਨਾ ਕੋਹਲੂ ਪੀੜੀਐ ਰਸ ਦੇ ਦਰਹਾਲਾ ॥੩੨੬॥

ਉਪ੍ਰੋਕਤ ਗੁਰਮੁਖਾਂ ਦੇ ਪਛਾਨਣ ਵਾਲੇ ਸੁਹਣੇ ਲੱਛਣ ਹਨ॥

ਸਾਧ ਸੰਗ ਦਰਸਨ ਕੋ ਹੈ ਨਿਤ ਨੇਮ ਜਾਂਕੈ
ਸੋਈ ਦਰਸਨੀ ਸਮ ਦਰਸ ਧਿਆਨੀ ਹੈ।

ਜਿਸਦਾ ਸਾਧਸੰਗਤ ਦੇ ਦਰਸ਼ਨ ਕਰਨ ਦਾ ਨਿਯਮ ਹੈ ਸੋਈਓ ਹੀ (ਗੁਰਮੁਖ) ਦਰਸ਼ਨੀ ਵਾਹਿਗੁਰੂ ਦੀ ਸਮਾਨ ਨਜ਼ਰ ਦਾ ਧਿਆਨੀ ਹੁੰਦਾ ਹੈ।

ਸਬਦ ਬਿਬੇਕ ਏਕ ਟੇਕ ਜਾਂਕੈ ਮਨ ਬਸੈ
ਮਾਨ ਗੁਰ ਗਯਾਨ ਸੋਈ ਬ੍ਰਹਮ ਗਿਆਨੀ ਹੈ।

ਜਿਸਦੇ ਮਨ ਵਿਚ ਇਕ ਇਕ ਗੁਰਉਪਦੇਸ਼ ਦੇ (ਬਿਬੇਕ) ਵਿਚਾਰ ਦਾ (ਇਕ) ਟੇਕ (ਪੱਕਿਆਈ) ਵਸਦੀ ਹੈ ਅਤੇ ਮੰਨਦਾ ਹੈ ਗੁਰੂ ਦੇ ਗਿਆਨ ਨੂੰ ਸੋਈਓ ਹੀ (ਬ੍ਰਹਮ) ਵਾਹਿਗੁਰੂ ਦੇ ਜਾਨਣ ਵਾਲਾ ਹੈ।

ਦ੍ਰਿਸਟਿ ਦਰਸ ਅਰੁ ਸਬਦ ਸੁਰਤਿ ਮਿਲਿ
ਪ੍ਰੇਮੀ ਪ੍ਰਿਅ ਪ੍ਰੇਮ ਉਨਮਨ ਉਨ ਮਾਨੀ ਹੈ।

ਜਿਸਦੀ ਨੈਣਾਂ ਦੀ ਨਜ਼ਰ ਗੁਰਾਂ ਦੇ ਦਰਸ਼ਨ ਵਿਚ ਅਤੇ (ਸੁਰਤਿ) ਹੋਸ਼ ਗੁਰ ਸਬਦ ਵਿਚ ਮਿਲੀ ਹੋਈ ਹੈ ਸੋ ਆਪਣੇ ਵਾਹਿਗੁਰੂ ਦਾ ਪ੍ਰੇਮ ਪ੍ਰੇਮੀ

ਪ੍ਰੇਮੀ ਹੈ ਅਤੇ (ਉਦਾਸੀਨ) ਹੋਇਆ ਤ੍ਰਿਸ਼ਨਾ ਤੁਰੀਆ ਪਦਵੀ (ਇਕਮਾਯਾ) ਵਿਚ ਰਹਿਣ ਵਾਲਾ ਹੈ ॥

ਸਹਜ ਸਮਾਧਿ ਸਾਧ ਸੰਗ ਇਕ ਰੰਗ ਜੋਇ

ਸੋਈ ਗੁਰਮੁਖ ਨਿਰਮਲ ਨਿਰਬਾਨੀ ਹੈ ॥੨॥

ਜੇਹੜਾ ਸਿਖ ਇਕ (ਵਾਹਿਗੁਰੂ) ਦੇ (ਰੰਗ) ਪ੍ਰੇਮ ਵਿਚ ਸਾਧ ਸੰਗਤ ਵਿਚ ਜਾਕੇ ਸਹਿਜੇ ਹੀ ਸਮਾਧੀ ਲੈਂਦਾ ਹੈ ਉਹ ਪਵਿਤ੍ਰ (ਨਿਰਬਾਨੀ) ਜਮ ਆਦਿਕ ਦੇ ਬੰਧਨਾਂ ਤੋਂ ਰਹਿਤ ਗੁਰਮੁਖ ਹੈ ॥ ੨ ॥

ਉਪ੍ਰੋਕਤ ਗੁਰਸਿਖ ਸੰਨਯਾਸੀਆਂ ਦੇ ਲਖਣ

ਦਰਸ ਧਿਆਨ ਧਯਾਨੀ ਸਬਦ ਗਿਆਨ ਗਯਾਨੀ

ਚਰਨ ਸ਼ਰਨ ਦ੍ਰਿੜ ਮਾਯਾ ਮੈ ਉਦਾਸੀ ਹੈ ।

ਗੁਰ ਦਰਸਨ ਦਾ ਧਿਆਨ ਕਰਨ ਤੋਂ ਧਯਾਨੀ ਅਤੇ ਗੁਰ ਸਬਦ ਦੇ (ਗਯਾਨ) ਜਾਨਣ ਤੋਂ ਗਯਾਨੀ ਹੋਇ ਹਨ ਅਤੇ ਗੁਰਾਂ ਦੇ ਚਰਨਾਂ ਦੀ ਸ਼ਰਨ ਵਿਚ ਦ੍ਰਿੜ ਭਰੋਸਾ ਕਰਕੇ ਦੌਲਤ ਦੀਆਂ ਲਹਿਰਾਂ ਵਿਚ ਰਹਿਕੇ ਹੀ ਉਦਾਸ ਮਨ ਨੂੰ ਰਖਦੇ ਹਨ ਭਾਵ ਗ੍ਰਹਸਤ ਦੇ ਵਿਚ ਹੀ ਗੁਰਾਂ ਦੀ ਸ਼ਰਨ ਲੈਕੇ ਗਯਾਨੀ ਧਯਾਨੀ ਬਣ ਜਾਂਦੇ ਹਨ ॥

ਹੰਮੈ ਤ੍ਯਾਗ ਤ੍ਯਾਗੀ ਬਿਸਮਾਦ ਕੈ ਬੈਰਾਗੀ ਭਏ

ਤ੍ਰਿਗੁਨ ਅਤੀਤ ਚੀਤ ਅਨਭੈ ਅਭ੍ਯਾਸੀ ਹੈ ।

ਹੰਗਤਾ ਮਮਤਾ ਛਡਣ ਵਾਲੇ ਨੂੰ ਛੱਡਕੇ (ਬਿਸਮਾਦ) ਅਸਚਰਜ (ਵਾਹਿਗੁਰੂ) ਦੇ (ਬੈਰਾਗੀ) ਪ੍ਰੇਮੀ (ਵਿਰਾਗ ਵਾਲੇ) ਹੋਏ ਹਨ । ਅਤੇ (ਤ੍ਰਿਗੁਨ) ਤਿੰਨਾਂ ਗੁਣਾਂ ਤੋਂ (ਅਤੀਤ) ਮਨਕਰਕੇ ਰਹਿਤ ਹੋਏ ਹਨ, ਅਤੇ (ਅਨਭੈ) ਬੇਖੌਫ ਵਾਹਿਗੁਰੂ ਦੇ ਅਭਯਾਸ ਕਰਨ ਵਾਲੇ ਹੋਇ ਹਨ ॥

ਦੁਬਿਧਾ ਅਪਰਸ ਕੈ ਸਾਧ ਇੰਦ੍ਰੀ ਨਿਗ੍ਰਹ ਕੈ

ਆਤਮ ਬਿਬੇਕ ਪੂਜਾ ਸੁੰਨ ਮੈ ਸੰਨ੍ਯਾਸੀ ਹੈ ।

ਦ੍ਵੈਤ ਭਾਵ ਤੋਂ ਅਛੋਹ ਹੋਕੇ ਅਤੇ (ਨਿਗ੍ਰਹ) ਹਠ ਕਰਕੇ ਇੰਦ੍ਰੀਆਂ ਨੂੰ (ਸਾਧ) ਰੋਕਿਆ ਅਤੇ (ਆਤਮ) ਮਨ ਕਰਕੇ (ਬਿਬੇਕ) ਵਿਚਾਰ ਕੇ (ਸੁੰਨ) ਵਾਹਿਗੁਰੂ (ਅਫੁਰ) ਦੀ ਪੂਜਾ ਕਰਕੇ (ਸੰਨਿਆਸੀ) ਵਿਰਕਤ ਹੋਇ ਹਨ ॥

ਸਹਜ ਸੁਭਾਇ ਕਰ ਜੀਵਨ ਮੁਕਤਿ ਭਏ

ਸੇਵਾ ਸਰਬਾਤਮ ਕੈ ਬ੍ਰਹਮ ਬਿਸ੍ਵਾਸੀ ਹੈ ॥੩੨੮॥

ਬਾਣੀ ਸੁਰਤਾਉ ਧਾਰਨ ਕਰਕੇ (ਸੰਸਾਰ ਵਿਚ) ਓਹੁੰਦੇ ਹੀ ਮੁਕਤੀ (ਨਾਮ) ਨੂੰ ਪ੍ਰਾਪਤ ਹੋਇ ਹਨ ਅਤੇ (ਸਰਬਾਤਮ) ਸਾਰਿਆਂ ਦਾ ਮਨ ਜੋ ਵਾਹਿਗੁਰੂ ਹੈ ਉਸਦੀ (ਜੀਵਾਂ ਦੀ) ਸੇਵਾ ਕਰਕੇ (ਬ੍ਰਹਮ) ਵਾਹਿਗੁਰੂ ਵਿਚ (ਬਿਸ੍ਵਾਸੀ) ਨਿਸਚਾ ਕਰਨ ਵਾਲੇ ਹੋਏ ਹਨ ॥ ੩੨੮ ॥

ਉਪ੍ਰੋਕਤ ਗੁਰਮੁਖਾਂ ਦੀ ਸੰਗਤ ਵਿਚ ਆਕੇ ਮਨਮੁਖ ਕਿਵੇਂ ਨਹੀਂ ਸੁਧਰਦੇ ਸੀਕੁਰ ਮੁਹਰੇ ਵਰਨਨ ਹੈ ॥

ਜੈਸੇ ਜਲ ਅੰਤਰ ਸੁਚਿੰਤਰ ਬਸੈ ਪਖਾਨ

ਭਿਦੈ ਨ ਰਿਦੈ ਕਠੋਰ ਬੂਡੇ ਬੱਜ੍ਰ ਭਾਰ ਕੈ ।

ਜੀਕੁਰ ਬਹੁਤ ਚਿਰ ਤੀਕਰ ਪਾਣੀ ਵਿਚ ਪੱਥਰ ਵਸਦਾ ਰਹੇ ਪਰ ਓਹ ਰਿਦੇ ਦਾ (ਹਿਰਦੇ ਕਰਕੇ) ਕਰੜਾ ਹੁੰਦਾ ਹੈ ਕਿ ਕਦੇ ਵੀ ਗਿੱਲਾ ਨਹੀਂ ਹੁੰਦਾ ਸਗੋਂ ਬਹੁਤੇ ਭਾਰ ਕਰਕੇ ਡੁਬ ਜਾਂਦਾ ਹੈ ॥ ਪਾਥਰ ਕਉ ਬਹੁ ਨੀਰਿ ਪਵਾਇਆ। ਨਹ ਭੀਗੀ ਅਧਿਕ ਸੂਕਾਇਆ ॥ (ਭੈਰੋ)

ਅਠ ਸਠ ਤੀਰਥ ਮਜਨ ਕਰੈ ਤੋਂਬਰੀ ਤੈ

ਮਿਟਤ ਨ ਕਰਵਾਈ ਧੋਇ ਵਾਰ ਪਾਰ ਕੈ ।

ਜੇ ਤੂੰਬੀ ਨੂੰ ਅਠਾਹਠ ਤੀਰਥਾਂ ਪੁਰ ਵੀ ਨਵ੍ਹਾਈਏ ਤੇ ਤਾਂ ਵੀ ਉਸਦੀ ਕੌੜੱਤਣ ਨਹੀਂ ਦੂਰ ਹੁੰਦੀ ਅਤੇ ਜੇ ਨਦੀ ਦੇ ਉਰਲੇ ਅਤੇ ਪਾਰਲੇ ਬੰਨੇ ਧਰ ਕੇ ਧੋਈਏ ਤੇ ਤਾਂ ਵੀ ਮਿਠੀ ਨਹੀਂ ਹੁੰਦੀ ॥

ਭੂਮੀ ਅੰਮ੍ਰਿਤ ਸਿੰਜੀਐ ਕਉੜੱਤਣ ਨ ਜਾਈ ॥ ਵਾਰ ੩੫ ਪੌੜੀ ੨

ਬਾਹਰ ਧੋਤੀ ਤੂਮੜੀ ਅੰਦਰ ਵਿਸੁ ਨਿਕੋਰ ॥ ਗੁਰੂ ੧ ਵਾਰ ਸੂਹੀ

ਲਉਕੀ ਅਠਸਠ ਤੀਰਥ ਨਾਈ। ਕਉਰਾਪਨੁ ਤਊ ਨ ਜਾਈ ॥ (ਕਬੀਰ)

ਅਹਿਨਿਸ ਅਹਿ ਲਪਟਾਨੋ ਰਹੈ ਚੰਦਨ ਕੋ

ਤਜਤ ਨ ਬਿਖੁ ਤਊ ਹੌਮੈ ਅਹੰਕਾਰ ਕੈ ।

ਭਾਵੇਂ ਸੱਪ ਰਾਤ ਦਿਨੇ ਚੰਦਨ ਨੂੰ ਚੰਬੜਿਆ ਰਹੇ ਪਰ ਫਿਰ ਵੀ ਵਿਹੁ ਨੂੰ ਨਹੀਂ ਛਡਦਾ (ਤਿਆਗਦਾ) ਵਡੀ ਹਉਮੈ ਦੇ ਹੰਕਾਰ ਕਰਕੇ ॥

ਕਪਟ ਸਨੇਹ ਦੇਹ ਨਿਹਫਲ ਤੇ ਜਗਤ ਮੈ

ਸੰਤਨ ਕੋ ਆਹਿ ਦੋਖੀ ਦੁਬਿਧਾ ਬਿਕਾਰ ਕੈ ॥੩੨੯॥

ਇਉਂ ਹੀ ਏਹ (ਤ੍ਰਪਟ) ਏਹ (ਸਠਠ) ਪ੍ਰੇਮ ਕਰਦੇ ਹਨ ਅਤੇ ਸਿੱਖਾਂ ਦੇ ਦੂਸਨ ਵਿਚਾਰਨ ਵਾਲੇ ਦੁਸਮਨ (ਅਸਿੱਧ) ਹਨ ਅਤੇ ਦ੍ਵੈਤ ਭਾਵ ਦੇ ਵਿਕਾਰ ਬੁਰੇ ਕੰਮ ਕਿਤਾਵਨ ਵਾਲੇ ਹਨ ਉਨਾਂ ਦੀ ਦੇਹ ਭਾਰਤ ਵਿਚ ਨਿਸਫਲ ਹੈ। ਸਾਰੁਕਤਾਵਲੀ ਅਜਾ ਗਲੋ ਕੇ ਕੂਚਨ ਜਾਨ ਜਨਮ ਬਿਅਰਥਹੇ ਤਾਸ। ੪੧॥

ਗੁਰਾਂ ਵਿਚ ਜੀਕੁਰ ਦੀ ਕੋਈ ਭਾਵਨਾ ਕਰਦਾ ਹੈ ਓਕੁਰ ਦਾ ਹੀ ਉਸਨੂੰ ਫਲ ਮਿਲਦਾ ਹੈ॥

ਜੈਸੇ ਨਿਰਮਲ ਦਰਪਨ ਮੈ ਨ ਚਿਤ੍ਰ ਕਛੂ
ਸਕਲ ਚਰਿਤ੍ਰ ਚਿਤ੍ਰ ਦੇਖਤ ਦਖਾਵਈ।

ਜੀਕੁਰ ਧੋਤੇ ਹੋਇ ਸ਼ੀਸ਼ੇ ਵਿਚ ਕੁਝ ਲਿਖੀਆਂ ਹੋਈਆਂ ਮੂਰਤਾਂ ਨਹੀਂ ਹੁੰਦੀਆਂ ਪਰ ਜਿਹੜਾ ਸ਼ੀਸ਼ੇ ਨੂੰ ਵੇਖਦਾ ਹੈ ਉਸਦੇ ਮੂੰਹ ਦੀ ਕਾਲਖ, ਕੀਤਾਂ ਦੀਆਂ ਤਸਵੀਰਾਂ ਦੇ ਤਮਾਸ਼ੇ ਉਸਦੇ ਦਾਗ ਸਾਰੇ ਦਿਖਾ ਦੇਂਦਾ ਹੈ॥

ਜਿਉ ਕਰ ਨਿਰਮਲ ਆਰਸੀ ਸਭਾ ਸੁਧ ਸਭ ਕੋਈ ਦੇਖੈ॥

ਵਾਰ ੩੧ ਪੌੜੀ ੬ ਵੀਂ ਸਾਰੀ ਦੇਖੋ

ਜੈਸੇ ਨਿਰਮਲ ਜਲ ਬਰਨ ਅਤੀਤ ਰੀਤ
ਸਕਲ ਬਰਨ ਮਿਲ ਬਰਨ ਬਨਾਵਈ।

ਜੀਕਰ ਸ਼ੁਧ ਪਾਣੀ ਰੰਗਾਂ ਦੇ ਰੰਗਾਵਣ ਦੀ ਰੀਤੀ ਤੋਂ ਰਹਿਤ ਹੁੰਦਾ ਹੈ ਅਤੇ ਜਿਹੜਾ ਰੰਗ ਪਾਣੀ ਨੂੰ ਮਿਲਦਾ ਹੈ ਉਨਾਂ ਸਾਰਿਆਂ ਰੰਗਾਂ ਵਿਚ ਪਾਣੀ ਆਪਣਾ ਰੰਗ ਬਣਾ ਦੇਂਦਾ ਹੈ॥

ਪਾਣੀ ਕਾਲੇ ਰੰਗ ਵਿਚ ਜਿਉਂ ਡਾਲਾ ਦਿਸੈ। ਦੂਜੀਵਾਰ ਪੌੜੀ੪ਥੀ ਸਾਰੀ ਦੇਖੋ

ਪੁਨਾ ਵਾਰ ੧੬ ਪੌੜੀ ੧, ੨, ੩ ਸਾਰੀ ਵੇਖੋ

ਜੈਸੇ ਤੌ ਬਸੁੰਧਰਾ ਸੁਆਦਿ ਬਾਸਨਾ ਰਹਤ
ਔਖਦੀ ਅਨੇਕ ਰਸ ਗੰਧ ਉਪਜਾਵਈ।

(ਬਸੁੰਧਰਾ) ਧਰਤੀ। ਜੀਕੁਰ ਧਰਤੀ ਸੁਆਦੀ ਵਾਸਨਾਂ ਤੋਂ ਰਹਿਤ ਹੈ ਅਨੇਕਾਂ ਹੀ ਦਵਾਈਆਂ ਵਾਸਤੇ ਅਤੇ ਖੱਟੇ, ਰਸ, ਮਿੱਠੇ, ਕੁਰੜ, ਸਵਾਦ ਵਾਸਤੇ ਅਤੇ ਫੁਲਾਂ ਦੇ ਬੂਟੇ ਸੁਗੰਧੀਆਂ ਅਤਰ ਫੁਲੇਲ ਵਾਸਤੇ ਪੈਦਾ ਕਰਦੀ ਹੈ॥ ਵੇਖੋ ਸੋਲਵੀਂ ਵਾਰ ਪੌੜੀ ੧, ੨, ੩। ਵਾਰ ੧੪ ਪੌੜੀ ੨੦ਵੀਂ ਸਾਰੀ ਵੇਖੋ।

ਧਰਤੀ ਬੀਜ ਬੀਜਾਇ ਸਹਸ ਫਲਾਇਦਾ॥

ਤੈਸੇ ਗੁਰਦੇਵ ਸੇਵ ਅਲਖ ਅਭੇਵ ਗਤਿ

ਜੈਸੀ ਜੈਸੀ ਭਾਉ ਤੈਸੀ ਕਾਮਨਾ ਪੁਜਾਵਈ॥੩੨॥

ਤੇਹਾਕੂ ਹੀ ਪ੍ਰਕਾਸ਼ ਸਰੂਪ ਵਾਹਿਗੁਰੂ ਗੁਰਾਂ ਦੀ ਮਰਯਾਦਾ ਹੈ ਜੀਕੁਰ ਜਾ ਪ੍ਰੇਮ ਕਰਕੇ ਕੋਈ ਗੁਰਾਂ ਨੂੰ ਸੇਵਨਾਂ ਕਰਦਾ ਹੈ ਉਕੁਰ ਹੀ ਇਛਾ ਗੁਰੂ ਪੂਰੀ ਕਰ ਦੇਂਦੇ ਹਨ॥੩੨॥ ਸਮਦ੍ਰਿਸ਼ਟੀ ਵਰਨਨ

ਸੁਖ ਦੁਖ ਹਾਨਿ ਮ੍ਰਿਤ ਪੂਰਬ ਲਿਖਤ ਲੇਖ
ਜੰਤ੍ਰ ਕੈ ਨਾ ਵਸ ਕਛੁ ਜੰਤ੍ਰੀ ਜਗਦੀਸ ਹੈ।

ਉਪ੍ਰੋਕਤਿ ਗੁਰਮੁਖ ਈਕੁਰ ਜਾਣਦੇ ਹਨ ਕਿ ਸੁਖ ਦੁਖ ਕਿਸੇ ਪਦਾਰਥ ਦੀ ਹਾਨੀ ਹੋ ਜਾਣੀ ਅਤੇ ਕਿਸੇ ਸਰਬੰਧੀ ਆਦਕ ਦਾ ਘਰ ਵਿਚੋਂ ਮਰ ਜਾਣਾ ਏ ਪੂਰਬਲੇ ਲੇਖ ਲਿਖਿਆਂ ਹੋਇਆਂ ਦੇ ਅਨੁਸਾਰ ਹੈ (ਜੀਕੁਰ ਵਾਜਾ ਵਾਜਵਾਲੇ ਦੇ ਅਨੁਸਾਰ ਹੁੰਦਾ ਹੈ ਭਾਵ ਜਿਵੇਂ ਵਾਜੇ ਵਾਲਾ ਵਾਜੇ ਨੂੰ ਵਜਾਉਂਦਾ ਹੈ ਤਿਵੇਂ ਵਾਜਾ ਵਜਦਾ ਹੈ) ਈਕੁਰ ਹੀ (ਜੀਵ) ਸੰਸਾਰ ਦੇ ਆਦਮੀ ਵਾਹਿਗੁਰੂ ਸਰਬ ਈਸ਼ਰ ਦੇ ਵਸ ਹਨ ਭਾਵੇਂ ਮਾਰੇ ਭਾਵੇਂ ਜਵਾਲੇ ਭਾਵੇਂ ਸੁਖ ਦੁਖ ਪਾਵਾ ਭਾਵੇਂ ਮਰਨਾ ਜਨਮਣਾਂ ਪਾ ਦੇਵੇ॥

ਜੈਸੀ ਕਲਮ ਵੁੜੀ ਹੈ ਮਸਤਕ ਤੈਸੀ ਜੀਅੜੇ ਪਾਸਿ॥ ਸਿਰੀ ਰਾਗ ਗੁਰੂ ੧
ਸਰਬ ਜੀਆ ਸਿਰ ਲੇਖ ਧੁਰਾਹੂ ਬਿਨ ਲੇਖੈ ਨਹੀ ਕੋਈ ਜੀਉ। ਸੋਰਠ ਗੁਰੂ ੧

ਭੋਗਤਿ ਬਿਵਸਿ ਮੇਵ ਕਰਮ ਕਿਰਤ ਗਤਿ
ਜਸਿ ਕਰ ਤਸਿ ਲੇਪ ਕਾਰਨ ਕੋ ਈਸ ਹੈ।

ਉਪ੍ਰੋਕਤਿ ਗੁਰਮੁਖ ਈਕੁਰ ਜਾਣਦੇ ਹੈਨ ਕਿ ਜੇਹੇ ਜੀਵ ਏਥੇ ਕਰਮ ਕਰਦਾ ਹੈ ਓਨਾਂ ਦਾ ਫਲ ਅਗੇ ਓਹੋ ਜੇਹਾ ਮਿਲਦਾ ਹੈ ਅਤੇ ਓਨਾਂ ਦੁਖਾਂ ਨੂੰ ਜਰੂਰ ਹੀ ਭੋਗਦਾ ਹੈ ਪਰ (ਜਸ) ਜੋ ਕੁਝ ਕਰਦਾ ਹੈ (ਜੀਵ) ਤਸਿ ਤੈਸੇ ਕਰਮ ਬੁਰੇ ਭਲੇ ਵਿਚ (ਲੇਪ) ਲਿਖਿਆ ਜਾਂਦਾ ਹੈ ਪਰ ਉਪ੍ਰੋਕਤਿ ਕੰਮਾਂ ਦਾ ਪ੍ਰੇਰਕ ਵਾਹਿਗੁਰੂ ਹੈ॥

ਕਰਤਾ ਪ੍ਰਧਾਨ ਕਿਧੌ ਕਰਮ ਕਿਧੌ ਹੈ ਜੀਉ
ਘਾਟਿ ਬਾਢਿ ਕੌਨ ਕੌਨ ਮਤਿ ਬਿਸ੍ਵਾ ਬੀਸ ਹੈ।

(ਜਦ ਕੀ ਕੁਝ ਕਰਾਉਂਦਾ ਹੈ ਸੋ ਈਸ਼ਰ ਹੀ ਕਰੌਂਦਾ ਹੈ ਭਾਵ) ਕਰਨ ਵਾਲਾ ਅਤੇ ਮਾਇਆ ਕਿਥੇ ਰਹੀ ਅਤੇ ਕਰਮ ਕਰਨ ਵਾਲਾ ਜੀਵ ਕਿਥੇ ਰਿਹਾ ਅਤੇ ਮੰਨਾਂ ਵਡਾ ਏ ਸਰੀਰ ਦਾ ਘਟਣਾ ਵਧਣਾਂ (ਜਨਮ ਮਰਨ) ਕੇਹੜਾ ਉਚਾਰਨ ਕਰ ਸਕਦਾ ਹੈ ਅਤੇ ਹੋਰ ਗੁਣਾਂ ਦੇਵਤਿਆਂ ਦੇ ਮਤ ਉਤੇ ਕੇਹੜਾ ਕਹੀਨ

ਕਰ ਸਕਦਾ ਹੈ ॥

ਅਸਤੁਤਿ ਨਿੰਦਾ ਕਹਾ ਬਜ੍ਰਾਪਤ ਹਰਖ ਸੋਗ
ਹੋਨਹਾਰ ਕਹਾਂ ਕਹਾ ਗਾਰਿ ਔ ਅਸੀਸ ਹੈ॥੨੬੧॥

ਉਸਤਤਿ, ਨਿੰਦਿਆ, ਹਰਖ ਸੋਗ ਫਿਰ ਕਿਥੇ ਲਗਦੇ ਹਨ ਅਤੇ ਹੋਣੀ ਅਤੇ ਗਾਲੀਆਂ ਅਸੀਸਾਂ ਫਿਰ ਦਸ ਖਾਂ ਕਿਥੇ ਚੰਬੜਦੀਆਂ ਹਨ ॥੨੬੧॥

ਅਸੰਤਾਂ ਨੂੰ ਜੀਕੁਰ ਸੰਤਾਂ ਦਾ ਸਤਿਸੰਗ ਚੰਗਾ ਨਹੀਂ ਲਗਦਾ ਜੀਕੁਰ ਮੂਹਰੇ ਵਰਨਨ ਹੈ ॥

ਮਾਨ ਸਰ ਪਰ ਜੌ ਬੈਠਾਈਐ ਲੇਜਾਇ ਬਗ
ਮੁਕਤਾ ਅਮੋਲ ਤਜ ਮੀਨ ਬੀਨ ਖਾਤ ਹੈ ।

ਜੇ ਤਾਲ ਉਤੇ ਬਗਲੇ ਨੂੰ ਲਜਾਕੇ ਬਹਾਈਏ ਤੇ ਤਾਂ ਉਸਨੇ ਅਣਮੁਲੇ ਮੋਤੀ ਛੱਡਕੇ ਮਛੀਆਂ ਹੀ ਚੁਣਕੇ ਖਾਣੀਆਂ ਹਨ ਕਿ ਨਹੀਂ ॥

ਬਗੁਲਾ ਚਰਣ ਨ ਸਿਖਿਓ ॥ ਵਾਰ ੩੨ ਪੌੜੀ ੮

ਬਗੁਲ ਸਮਾਧੀ ਰੰਗ ਵਿਚ ਜੀਂਗੇ ਚੁਣ ਚੁਣ ਖਾਇ ਵਡਾਹਾ ।

ਵਾਰ ੩੧ ਪੌੜੀ ੩

ਅਸਥਨ ਪਾਨ ਕਰਬੇ ਕੌ ਜੌ ਲਾਈਐ ਜੋਕ
ਪੀਅਤ ਨ ਪੈ ਲੈ ਲੋਹੂ ਅਚਏ ਅਘਾਤ ਹੈ ।

ਜੇਕਰ ਜੋਕ ਨੂੰ ਦੁਧ ਪੀਣ ਵਾਸਤੇ ਥਣਾਂ ਨਾਲ ਲਾਈਏ ਤੇ ਤਾਂ ਦੁਧ ਨਹੀਂ ਪੀਂਦੀ ਸਗੋਂ ਲਹੂ ਨੂੰ ਪੀਕੇ ਰਜਦੀ ਹੈ ॥

ਸੂਰਜ ਪ੍ਰਕਾਸ਼ ਪੰਜਵੀਂ ਰੁਤ ਦਾ ਦੂਜਾ ਧਯਾਇ ਦੇਖੋ ।

ਹੀਰਕ ਜੋਕ ਲਗੈ ਥਨ ਮਾਹੀ। ਰੁਧਰ ਪਾਨ ਪੈ ਗੁਨ ਲਖ ਨਾਹੀ ॥

ਪਰਮ ਸੁਗੰਧ ਪਰ ਮਾਖੀ ਨ ਰਹਤ ਰਾਖੀ
ਮਹਾਂ ਦੁਰਗੰਧ ਪਰ ਬੇਗ ਚਲ ਜਾਤ ਹੈ ।

ਜੀਕੁਰ ਚੰਗੀ ਸੁਗੰਧੀ ਤੇ ਮੱਖੀ ਰਖੀ ਹੋਈ ਨਹੀਂ ਰਹਿੰਦੀ ਜਿਥੇ ਬਹੁਤੀ ਗੰਦਗੀ ਹੁੰਦੀ ਹੈ ਉਸਤੇ ਛੇਤੀ ਨਾਲ ਜਾ ਬਹਿੰਦੀ ਹੈ ॥

ਮਾਖੀ ਰਾਮ ਕੀ ਤੂ ਮਾਖੀ । ਜਹਾ ਦੁਰਗੰਧ ਤਹਾਂ ਤੂ ਬੈਸਹਿ ਮਹਾਂ ਬਿਖਿਆ ਮਦ ਚਾਖੀ ॥ ਸਾਰੰਗ ਗੁਰੂ ੫

ਜੈਸੇ ਗਜ ਮੱਜਨ ਕੈ ਡਾਰਤ ਹੈ ਛਾਰੁ ਸਿਰ

ਮੱਜਨ ਕੈ ਦੋਖੀ ਸੰਤ ਸੰਗ ਨ ਸੁਹਾਤ ਹੈ ॥੨੧੩॥

ਜੇਕਰ ਹਾਥੀ ਨਹਾਕੇ ਸਿਰ ਵਿਚ ਸੁਆਹੁ ਪਾ ਲੈਂਦਾ ਹੈ ਉਂਕਰ ਹੀ ਸੰਤਾਂ ਦੇ ਦੋਖੀਆਂ ਨੂੰ ਸਤਿਸੰਗ ਨਹੀਂ ਚੰਗਾ ਲਗਦਾ ॥

ਜਿਉ ਹਾਥੀ ਦਾ ਨ੍ਹਾਵਣਾਂ ਬਾਹਰ ਨਿਕਲ ਖੇਹ ਉਡਾਵੇ ॥

ਵਾਰ ੩੨ ਪੌੜੀ ੧੦ ॥ ੨੬੯ ॥

ਉਦਾਸੀ ਗੁਰਮੁਖਾਂ ਦੇ ਲਛਣ ਦਸਦੇ ਹਨ ॥

ਗੁਰ ਮੱਤਿ ਸੱਤਿ ਏਕ ਟੇਕ ਦੁਤੀਆ ਨਾਸੱਤਿ
ਸਿਵ ਨ ਸਕਤਿ ਗਤਿ ਅਨਭੈ ਅਭ੍ਯਾਸੀ ਹੈ।

ਗੁਰ ਸਿਖਿਆ ਸੱਚੀ ਦੀ ਇਕ ਓਟ ਲੈਕੇ ਦ੍ਵੈਤ ਭਾਵ ਨਾਸ ਕਰ ਲਿਆ ਹੈ ਅਤੇ ਨਿਡਰ ਵਾਹਿਗੁਰੂ ਦੇ ਅਭ੍ਯਾਸੀ ਹੋਕੇ ਕਰੋਪ ਵਾਲੇ ਸਿਵਜੀ ਤੇ ਮਾਇਆ ਦੇ ਪਾਸ ਨਹੀਂ (ਗਤਿ) ਜਾਂਦੇ ॥

ਤ੍ਰਿਗੁਨ ਅਤੀਤ ਜੀਤ ਹਾਰ ਨ ਹਰਖ ਸੋਗ
ਸੰਜੋਗ ਵਿਯੋਗ ਮੇਟਿ ਸਹਜ ਨਿਵਾਸੀ ਹੈ।

ਤਿੰਨਾ ਗੁਣਾਂ ਤੋਂ ਰਹਤ ਜਿਤ ਹਾਰ ਖੁਸ਼ੀ ਸੋਗ ਦੇ ਮਿਲਾਪ ਵਿਛੋੜੇ ਨੂੰ ਦੂਰ ਕਰਕੇ ਸਹਜੇ ਹੀ ਗਿਆਨ ਵਿਚ ਟਿਕੇ ਹਨ ॥

ਚਤੁਰ ਬਰਨ ਇਕ ਬਰਨ ਹ੍ਵੈ ਸਾਧ ਸੰਗ
ਪੰਚ ਪਰਪੰਚ ਤਯਾਗ ਬਿਸਮ ਬਿਸ੍ਵਾਸੀ ਹੈ।

ਚਾਰੇ ਵਰਨ ਸਿੱਖ ਸਭਾ ਵਿਚ ਆਕੇ ਇਕ ਖਾਲਸਾ ਰੂਪ ਹੋਇ ਅਤੇ ਪੰਜਾਂ ਕਾਮ ਕਰੋਧ ਆਦਿਕ ਠਗਾਂ ਨੂੰ ਛਡਕੇ ਅਸਚਰਜ (ਵਾਹਿਗੁਰੂ ਵਿਚ) ਭਰੋਸਾ ਕਰਨ ਵਾਲੇ ਹੋਏ ॥

ਖਟ ਦਰਸ਼ਨ ਪਰੈ ਪਾਰ ਹ੍ਵੈ ਸਪਤ ਸਰ
ਨਵ ਦ੍ਵਾਰ ਉਲੰਘ੍ਯ ਦਸਮਈ ਉਦਾਸੀ ਹੈ ॥੨੧੪॥

ਛੀਆਂ ਦਰਸਨਾਂ ਦੇ (ਭੇਖ) ਪਾਖੰਡ ਤੋਂ ਪਰੇ ਹੋ ਗਏ ਹਨ ਅਤੇ ਸਤਾਂ ਤਲਾਵਾਂ (ਵਿਸ਼ਿਆਂ ਦੇ ਅਨੰਦ) ਤੋਂ ਵੀ ਪਾਰ ਹੋ ਗਏ ਹਨ ਅਤੇ ਨਵਾਂ ਬੂਹਿਆਂ ਵਾਲੇ ਸਰੀਰ ਨੂੰ ਰੋਜ ਕਪੜੇ ਰੋਟੀ ਆਦਕ ਦੇਕੇ ਪਾਲਣਾਂ ਇਸ ਕੰਮ ਤੋਂ ਵੀ ਰਖ ਗਏ ਹਨ ਅਤੇ ਵਾਹਿਗੁਰੂ ਦੇ ਵਿਚ ਮਿਲ ਗਏ ਹਨ ਓਹ ਏਹ ਪੂਰੇ ਗੁਰੂ ਦੇ ਸਿਖ ਉਦਾਸੀ ਹੁੰਦੇ ਹਨ ॥ ੨੭੦ ॥

ਉਪ੍ਰੋਕਤਿ ਗੁਰਮੁਖ ਜੀਵਨ ਦਾ ਉਪਦੇਸ਼ ਸਿਆਣਿਆਂ ਨੇ ਕਰਦੇ ਹਨ ਜੀ।

ਨਦੀ ਨਾਵ ਕੈ ਸੰਜੋਗ ਸੁਜਨ ਕੁਟੰਬ ਲੋਗ
ਹੋਇ ਕੋ ਜੋ ਦੀਓ ਸੋਈ ਮਿਲੈ ਆਗੈ ਜਾਇਕੈ।

ਜੀਕੁਰ ਨਦੀ ਵਿਚ (ਨਾਵ) ਬੇੜੀ ਦੇ ਪੂਰ ਦਾ (ਸੰਜੋਗ) ਅਕੱਠ ਹੁੰਦਾ ਹੈ ਈਕੁਰ ਹੀ ਹੱਛੇ ਆਦਮੀ ਟੱਬਰ ਅਤੇ ਹੋਰ ਲੋਕਾਂ ਦਾ ਸੰਜੋਗ (ਸਾਨੂੰ ਵਾ) ਤੁਹਾਨੂੰ ਇਸ ਸੰਸਾਰ ਉਪਰ ਹੋਇਆ ਹੈ ਤੇ ਇਸ ਲਈ ਜੋ ਕੁਝ ਅਸਾਂ ਏਸ ਸੰਸਾਰ ਉਤੇ ਗਰੀਬਾਂ ਨੂੰ ਦਿਤਾ ਹੋਵੇਗਾ ਓਹੋਹੀ ਜਦ ਅਗੇ ਜਾਵਾਂਗੇ ਤਾਂ ਮਿਲੇਗਾ

ਅਸਨ ਬਸਨ ਧਨ ਸੰਗਿ ਨ ਚਲਤ ਚਲੇ
ਦੀਜੈ ਅਰਪ ਧਰਮਸਾਲਾ ਪਹੁੰਚਾਇਕੈ।

ਅੰਨ ਬਸਤ੍ਰ ਪਦਾਰਥ ਇਤਯਾਦਕ ਅੰਤ ਨੂੰ ਚਲਦਿਆਂ ਹੋਇਆਂ ਨਾਲ ਨਹੀਂ ਚਲਦਾ ਇਸ ਲਈ ਇਸ ਧਨ ਨੂੰ ਗੁਰਦੁਵਾਰੇ ਵਿਚ (ਜਾਕੇ) ਵਾ ਘਲ ਕੇ ਅਰਪਨ ਕਰ ਦੇਣਾ ਚਾਹੀਦਾ ਹੈ॥

ਜਿਥੈ ਹਰਿ ਆਰਾਧੀਐ। ਸੂਹੀ ਗੁਰੂ ੪ ਏਹ ਸਾਰਾ ਸ਼ਬਦ ਵੇਖੋ
ਅਗਨਿ ਨ ਦਹੈ॥ ਏਹ ਵੀ ਸਾਰਾ ਸ਼ਬਦ ਵੇਖੋ॥ ਗਉੜੀ ਕਬੀਰ ਜੀ

ਆਠੋ ਜਾਮ ਸਾਠੋ ਘਰੀ ਨਿਹਫਲ ਮਾਯਾ ਮੋਹ
ਸਫਲ ਪਲਕ ਸਾਧ ਸੰਗਤ ਸਮਾਇ ਕੈ।

ਅਠ ਪਹਰ ਸਠ ਘੜੀਆਂ ਬਿਅਰਥ ਹਨ ਜੋ ਮਾਇਆ ਦੇ ਪਿਆਰ ਵਿਚ ਲਗਕੇ ਗੁਜਰਦੀਆਂ ਹਨ ਅਤੇ ਓਹ ਇਕ (ਪਲ) ਛਿਨ ਮਾਤ੍ਰ ਹੀ ਸਫਲ ਹੈ ਜੋ ਸਾਧ ਸੰਗਤ ਵਿਚ (ਸਮਾ) ਜਾਕੇ ਬੀਤਦਾ ਹੈ॥

ਮਲ ਮੂਤ੍ਰ ਧਾਰੀ ਔ ਵਿਕਾਰੀ ਨਿਰੰਕਾਰੀ ਹੋਤ
ਸਬਦ ਸੁਰਤਿ ਸਾਧ ਸੰਗ ਲਿਵ ਲਾਇਕੈ॥੩੫੪

ਮਲ ਮੂਤ੍ਰ ਨੂੰ ਧਾਰਨ ਵਾਲੇ (ਅਪਵਿਤ੍ਰ ਆਦਮੀ) ਅਤੇ ਵਿਸ਼ੇ ਵਿਕਾਰਾਂ ਵਾਲੇ (ਨਿਰੰਕਾਰੀ) ਸੁਧ (ਵਾਹਿਗੁਰੂ ਦੇ ਜਪਣ ਵਾਲੇ ਪਿਆਰੇ) ਹੋ ਜਾਂਦੇ ਹਨ ਅਤੇ ਸਾਧ ਸੰਗਤ ਵਿਚ ਆਕੇ ਤੇ ਗੁਰਸ਼ਬਦ ਵਿਚ ਪ੍ਰੀਤ ਕਰਕੇ ਬ੍ਰਿਤੀ ਲਾਕੇ (ਵਾਹਿਗੁਰੂ ਨੂੰ ਮਿਲ ਜਾਂਦੇ ਹਨ)॥

ਸ਼ਬਦ ਬੀਚਾਰਿ ਭਏ ਨਿਰੰਕਾਰੀ ਰਾਮਕਲੀ ਗੁਰੂ ੩॥ ੩੫੪॥

ਉਪ੍ਰੰਤ ਗੁਰਮੁਖਾਂ ਦੇ ਅੰਗ ਏਕੁਰ ਸਫਲ ਹੋਏ ਹਨ।

ਹੌਮੈ ਅਭਿਮਾਨ ਅਸਥਾਨ ਤਜਿ ਬੈਸ ਬਨ

ਚਰਨ ਕਮਲ ਗੁਰ ਸੰਪਟ ਸਮਾਏ ਹੈਂ।

ਜੀਕੁਰ ਭੌਰਾ ਹੋਰ ਜੰਗਲਾਂ ਨੂੰ ਛੱਡਕੇ ਕੌਲ ਫੁਲ ਜੋ ਡੱਬੇ ਦਾਕੁਰ ਮੀਟਿਆ ਹੋਇਆ ਹੈ ਉਸ ਵਿਚ ਆ ਵੜਦਾ ਹੈ ਈਕੁਰ ਹੀ ਹੰਗਤਾ ਹੰਕਾਰ ਰੂਪ ਜੰਗਲਾਂ ਦੇ ਥਣ ਦੀ ਜਗਾ ਛਡਕੇ (ਗੁਰੂ ਕੇ ਸਿਖ) ਗੁਰਾਂ ਦੇ ਚਰਨਾਂ ਵਿਚ ਆ ਸਮੋਏ ਹਨ

ਅਤਿ ਹੀ ਅਨੂਪ ਰੂਪ ਹੇਰਤ ਹਿਰਾਨੇ ਦ੍ਰਿਗ

ਅਨਹਦ ਕੀਰਤ ਸ੍ਰਵਨ ਹੂ ਸਿਰਾਏ ਹੈਂ।

ਫਿਰ ਜਿਸ ਵੇਲੇ ਸੂਰਜ ਚੜ੍ਹਦਾ ਹੈ ਤਾਂ ਭੌਰਾ ਫੁਲ ਦੇ ਸੁੰਦਰ ਸਰੂਪ ਉਪਮਾਂ ਤੋਂ ਰਹਿਤ ਨੂੰ ਨੇਤ੍ਰਾਂ ਨਾਲ ਵੇਖਕੇ (ਹੈਰਾਨ) ਪ੍ਰਸੰਨ ਹੁੰਦਾ ਹੈ ਅਤੇ ਇਕ ਰਸ ਉਤੇ (ਗੂੰਜਦਾ) ਭੌਂਦਾ ਹੈ ਅਤੇ ਕੰਨ ਠੰਢੇ ਕਰਦਾ ਹੈ। ਈਕੁਰ ਹੀ ਸਿਖ ਗੁਰਾਂ ਦੇ ਉਪਮਾ ਰਹਿਤ ਸੁੰਦਰ ਸਰੂਪ ਨੂੰ ਨੇਤ੍ਰਾਂ ਨਾਲ ਵੇਖਕੇ ਪ੍ਰਸੰਨ ਹੁੰਦਾ ਹੈ (ਗੁਰਾਂ ਦਾ ਸੂਰਜ ਚੜ੍ਹਨਾ ਪ੍ਰਸੰਨ ਹੋਕੇ ਬਚਨ ਬਿਲਾਸ ਕਰਨੇ) ਅਤੇ ਇਕ ਰਸ ਸਬਦ ਕੀਰਤਨ ਦੀ ਅਵਾਜ ਸੁਣਕੇ ਕੰਨ ਠੰਢੇ ਕਰਦਾ ਹੈ (ਭਾਵ) ਏਕੁਰ ਨੇਤ੍ਰ ਅਤੇ ਕੰਨ ਸਿਖਾਂ ਦੇ ਸਫਲ ਹੋਏ ਹਨ॥

ਰਸਨਾ ਬਿਸਮ ਅਤਿ ਮਧੁ ਮਕਰੰਦ ਰਸ

ਨਾਸਕਾ ਚਕਤ ਹੀ ਸੁਬਾਸ ਮਹਿਕਾਏ ਹੈਂ।

ਫਿਰ ਭੌਰਾ ਜੀਭ ਨਾਲ ਫੁਲਾਂ ਦੀ ਧੂੜੀ ਦੇ ਮਿਠੇ ਦਾ ਬਹੁਤ ਅਸਚਰਜ ਸੁਆਦ ਲੈਂਦਾ ਹੈ ਅਤੇ ਨਾਸਾਂ ਕਰਕੇ ਸੁਗੰਧੀ ਸੁੰਘਦਾ ਹੈ ਅਤੇ ਅਗੇ ਚੇਤਨਾਂ ਨੂੰ ਰੋਲੌਂਦਾ ਹੈ। ਏਕੁਰ ਹੀ ਗੁਰਮੁਖ ਰਸਨਾਂ ਕਰਕੇ ਨਾਮ ਜਪਦੇ ਹਨ ਅਤੇ ਨਾਮ ਅੰਮ੍ਰਿਤ ਦਾ ਅਨੰਦ ਬਹੁਤ ਸਾਰਾ ਅਸਚਰਜ ਭਗਤੀ ਗ੍ਰਹਣ ਕਰਦੇ ਹਨ ਅਤੇ ਨਾਸਾਂ ਨਾਲ ਪ੍ਰੇਮ ਵਾਸਨਾਂ ਵੈਲਾ ਕੇ ਹੈਰਾਨ ਹੁੰਦੇ ਹਨ (ਭਾਵ) ਜੀਭ ਅਤੇ ਨਾਸਾਂ ਗੁਰਮੁਖਾਂ ਏਕੁਰ ਸਫਲ ਕੀਤੀਆਂ ਹਨ।

ਕੋਮਲਤਾ ਸੀਤਲਤਾ ਪੰਗ ਸਰਬੰਗ ਭਏ

ਮਨ ਮਧੁਕਰ ਪੁਨ ਅਨਤ ਨ ਧਾਏ ਹੈਂ॥੫੫੪॥

ਫੁਲਾਂ ਦੀ ਨਰਮਾਈ ਤੇ ਠੰਢਿਆਈ ਕਰਕੇ ਭੌਰਾ ਸਭ ਅੰਗਾਂ ਕਰਕੇ ਪਾਂਗਾ ਹੋ ਗਿਆ ਅਤੇ ਫਿਰ ਹੋਰ ਦੇ ਨਹੀਂ ਦੌੜਦਾ। ਏਕੁਰ ਹੀ ਸਿਖ ਦੇ ਚਾਹੀ ਕੋਮਲ ਚੰਗੀ ਜੋ ਪਿਆਰ ਦੀ ਹੈਸੀ ਹੋਇਆ ਅਤੇ ਹੋਰ ਸੀਗੇ (ਜਾਵ

ਸੰਪਟ ਕਰਕੇ) ਪਵਿਤ੍ਰ ਹੋਏ ਫਿਰ ਸਿਖ (ਗੁਰਾਂ ਦੇ ਚਰਨ ਛਡਕੇ) ਹੋਰਦੇ ਦੋਖੀ ਦੇਵਤਿਆਂ ਵਲ ਨਹੀਂ ਦੌੜਦੇ॥ ੨੨੫॥

ਉਪ੍ਰੋਕਤਿ ਗੁਰਮੁਖ ਈਕੁਰ ਦੇ ਕੰਮ ਕਰਕੇ ਈਕੁਰ ਦੇ ਮੁਰਾਤਬੇ ਨੂੰ ਪਹੁੰਚ ਜਾਏ॥

ਬਾਸਨਾ ਕੋ ਬਾਸੁ ਦੂਤ ਸੰਗਤਿ ਬਿਨਾਸ ਕਾਲ
ਚਰਨ ਕਮਲ ਗੁਰ ਏਕ ਟੇਕ ਪਾਈ ਹੈ।

ਦੁਰਗੰਧੀਆਂ ਦੀ ਵਾਸ਼ਨਾ ਵਿਚ ਵਸਣਾ ਅਤੇ ਕਾਮਕਰੋਧ ਆਦਿਕ ਦੂਤਾਂ ਦੀ ਸੰਗਤ ਜੋ ਮਰਨ ਦਾ ਵੇਲਾ ਛੇਤੀ ਲਿਆਉਂਦੀ ਹੈ ਇਸ ਵਾਸਤੇ ਇਸਤੋਂ ਡਰਕੇ ਗੁਰੂ ਕੇ ਸਿਖਾਂ ਨੇ ਇਕ ਗੁਰਾਂ ਦੇ ਚਰਨਾਂ ਕੰਵਲਾਂ ਦੀ ਓਟ (ਪਾਈ) ਲਈ ਹੈ॥

ਰਾਮਕਲੀ ਗੁਰੂ੫—ਕਾਮ ਕ੍ਰੋਧ ਕਾਇਆਂ ਕਉ ਗਾਲੈ। ਜਿਉ ਕੰਚਨ ਸੋਹਾਗਾ ਗਾਲੈ। (ਗਉੜੀ ਗੁਰੂ ੫ ਪੰਚ ਬਿਖਾਦੀ ਏਕ ਗਰੀਬਾ ਰਾਖਹੁ ਰਾਖਨ ਹਾਰੇ। ਖੇਦੁ ਕਰਹਿਅਰੁ ਬਹੁਤੁ ਸੰਤਾਵਹਿ ਆਇਓ ਸਰਨਿ ਤੁਹਾਰੇ।

ਭੈਜਲ ਭੈਆਨਕ ਲਹਿਰ ਨ ਬਿਆਪ ਸਕੈ
ਨਿਜ ਘਰ ਸੰਪਟ ਕੈ ਦੁਬਿਧਾ ਮਿਟਾਈ ਹੈ।

(ਸੰਪਟ) ਡੱਬਾ। ਜੀਕੁਰ ਸਮੁੰਦ੍ਰ ਵਿਚ ਰੁੜਦੇ ਜਾਂਦੇ ਨੂੰ ਜਹਾਜ਼ ਬੇੜੀ ਆਦਿਕ ਮਿਲ ਜਾਣ ਤਾਂ ਪਾਣੀ ਦਾ ਡਰ ਤੇ ਉਛੱਲਾਂ ਦਾ ਦੁਖ ਨਹੀਂ ਲਗ ਸਕਦਾ ਈਕੁਰ ਹੀ ਇਸ ਸੰਸਾਰ ਪਰ ਜੋ ਜਨਮ ਮਰਨ ਦਾ ਦੁਖ ਹੈ ਏਹ ਗੁਰਾਂ ਦੇ ਚਰਨਾਂ ਦੀ ਓਟ ਲਿਆਂ ਨਹੀਂ ਦਬਾ ਸਕਦਾ (ਈਕੁਰ ਜਾਣਕੇ ਗੁਰਮੁਖਾਂ ਨੇ) ਆਪਣਾ ਘਰ ਜੋ ਡੱਬੇ ਵਾਕਰ ਸੁਖ ਦੇਣ ਵਾਲਾ ਹੈ ਦ੍ਵੈਤ ਨੂੰ ਦੂਰ ਕਰਕੇ ਉਸ ਵਿਚ ਮਿਲ ਗਏ ਹਨ॥ ਭਾਵ—ਜੀਕੁਰ ਭੌਰਾ ਫੁਲ ਵਿਚ ਵੜ ਬਹੇ ਤਾਂ ਫੁਲ ਸੂਰਜ ਦੇ ਡੁਬਣ ਨਾਲ ਮੀਟਿਆ ਜਾਂਦਾ ਹੈ ਅਤੇ ਭੌਰਾ ਠਿਕਰ ਹਵਾ ਦੇ ਦੁਖ ਤੋਂ ਬਚ ਜਾਂਦਾ ਹੈ। ਈਕੁਰ ਹੀ ਪਦਾਰਥਾਂ ਦੇ ਤੇ ਜਨਮ ਮਰਨ ਦੇ ਦੁਖ ਜੀਵ ਨੂੰ ਗੁਰਾਂ ਦੇ ਚਰਨ ਵਿਚ ਲਗਿਆਂ ਹੋਇਆਂ ਕੁਝ ਨਹੀਂ ਕਰ ਸਕਦੇ॥

ਆਨ ਗਿਆਨ ਧਿਆਨ ਸਿਮਰਨ ਬਿਸਿਮਰਨ ਕੈ
ਪ੍ਰੇਮ ਰਸ ਬਸ ਆਸਾ ਮਨਸਾ ਨ ਪਾਈ ਹੈ।

(ਆਨ) ਹੋਰ। ਗਿਆਨ ਧਿਆਨ ਦੇਵੀ ਦੇਵਤਿਆਂ ਦੇ (ਸਿਮਰਨ) ਯਾਦ ਕਰਨੇ (ਬਿਸਿਮਰਨ) ਭੁਲਾਕੇ ਅਤੇ ਵਸ ਕਰਨ ਵਾਲੇ ਨਾਮ ਰਸ ਵਿਚ ਪ੍ਰੇਮ ਕਰਕੇ ਅਤੇ (ਆਸਾ) ਇਸ ਸੰਸਾਰ ਵਿਚ (ਮਨਸਾ) ਅਗਲੇ ਦੀ ਵਾਸ਼ਨਾ ਨਹੀਂ

ਪਾਈ ਹੈ ॥ ਭਾਵ—ਸਭ ਇਛਾ ਪੂਰੀ ਹੋਗਈ ॥

ਦੁਤੀਆ ਨਾਸਤਿ ਏਕ ਟੇਕ ਨਿਹਚਲ ਮਤਿ

ਸਹਜ ਸਮਾਧਿ ਉਨਮਨਿ ਲਿਵਲਾਈ ਹੈ ॥੪੩੬॥

(ਉਪ੍ਰੋਕਤਿ ਗੁਰਮੁਖਾਂ ਦੀ) ਦ੍ਵੈਤ ਨਾਸ ਹੋਗਈ ਅਤੇ ਇਕ ਵਾਹਿਗੁਰੂ ਦੀ ਓਟ ਲੈਕੇ ਮਤਿ ਇਸਥਿਤ ਹੋਗਈ ਭਾਵ ਵਾਸ਼ਨਾਂ ਮਿਟ ਗਈਆਂ ਅਤੇ ਅਡੋਲ ਸਮਾਧੀ ਲਾਕੇ ਵਾਹਿਗੁਰੂ ਦੇ ਪਿੰਡ ਵਿਚ ਚਿਤ ਬ੍ਰਿਤੀ ਲਾਈਹੈ॥੪੩੬॥

ਪੁਨ ਭਾਈ ਸਾਹਿਬ ਜੀ ਆਪਣੇ ਸਤਗੁਰਾਂ ਦੇ ਚਰਨ ਕਮਲਾਂ ਦੀ ਧੂੜੀ ਦਾ ਫਲ ਵਰਨਨ ਕਰਦੇ ਹਨ ॥

ਚਰਨ ਕਮਲ ਰਜ ਮਸਤਕ ਲੇਪਨ ਕੈ

ਭਰਮ ਕਰਮ ਲੇਖ ਸਜਾਮਤਾ ਮਿਟਾਈ ਹੈ ।

ਉਪ੍ਰੋਕਤਿ ਸਿਖਾਂ ਨੇ=ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਮੱਥੇ ਤੇ ਲਾਕੇ ਅਗਾੜੀ ਵਿਚ ਭ੍ਰਮੌਣ ਵਾਲੇ ਕਰਮਾਂ ਦੀ ਕਾਲੀ ਲੀਕ ਮਿਟਾ ਦਿਤੀ ਹੈ ॥

ਚਰਨ ਕਮਲ ਚਰਨਾਮ੍ਰਿਤ ਮਲੀਨ ਮਨ

ਕਰ ਨਿਰਮਲ ਦੂਤ ਦੁਬਿਧਾ ਗਵਾਈ ਹੈ ।

ਗੁਰਾਂ ਦੇ ਚਰਨਾਂ ਕਮਲਾਂ ਦੇ ਅੰਮ੍ਰਿਤ ਦੀ ਚੁਲੀ ਪੀਕੇ ਮਨ ਮੈਲੇ ਨੂੰ ਸੁਧ ਕੀਤਾ ਅਤੇ (ਦੂਤ) ਕਾਮ ਕ੍ਰੋਧ ਆਦਕ ਅਤੇ ਦ੍ਵੈਤ ਭਾਉ ਨੂੰ ਗਵਾ ਦਿਤਾ ਹੈ ॥ ਸੋਰਠ ਵਾਰ ਗੁਰੂ ੧ ॥ ਜਨਮ ਜਨਮ ਕੀ ਇਸੁ ਮਨੁ ਕਉ ਮਲੁ ਲਾਗੀ ਕਾਲਾ ਹੋਆ ਸਿਆਹੁ ॥

ਚਰਨ ਕਮਲ ਸੁਖ ਸੰਪਟ ਸਹਜ ਘਰ

ਨਿਹਚਲ ਮਤਿ ਏਕ ਟੇਕ ਠਹਿਰਾਈ ਹੈ ।

ਗੁਰਾਂ ਦੇ ਚਰਨਾਂ ਕਮਲਾਂ (ਦੀ ਧੂੜੀ) ਦੇ ਪ੍ਰਤਾਪ ਨਾਲ ਸਹਜੇ ਹੀ ਆਪਣੇ ਘਰ (ਵਾਹਿਗੁਰੂ) ਸੁਖ ਰੂਪ (ਸੰਪਟ) ਡਬੇ ਵਿਚ ਇਸਥਿਤ ਹੋਏ ਅਤੇ (ਮਤਿ) ਬੁਧੀ ਵਿਚ ਇਕ ਵਾਹਿਗੁਰੂ ਦੀ ਓਟ ਠਹਿਰਾਈ ਹੈ ॥

ਚਰਨ ਕਮਲ ਗੁਰ ਮਹਿਮਾ ਅਗਾਧ ਬੋਧ

ਸਰਬ ਨਿਧਾਨ ਔ ਸਕਲ ਫਲਦਾਈ ਹੈ ॥੪੩੭॥

(ਇਸ ਲਈ) ਗੁਰਾਂ ਦੇ ਚਰਨਾਂ ਕਮਲਾਂ ਦੀ ਮਹਿਮਾ ਦਾ (ਬੋਧ) ਗਿਆਨ ਜਾਨਣਾ (ਅਗਾਧ) ਔਖਾ ਹੈ ਤੇ ਸਾਰੇ ਪਦਾਰਥਾਂ ਦੇ (ਨਿਧਾਨ) ਭੰਡਾਰ ਅਤੇ ਸਾਰੇ

ਪਤਮ, ਸਤਰ, ਧਾਮ, ਸੋਧ, ਵਾਲਾਂ ਦੀ ਦੇਹ ਵਾਲੇ ਹਨ ਗੁਰਾਂ ਦੇ ਚਰਨਾਂ ॥ ੩੬੮ ॥ (ਪੂਨਾ ਤੂਫ਼ਾਰ ਹੈ)

ਚਰਨ ਕਮਲ ਰਜ ਮੱਜਨ ਕੈ ਦਿੱਬ ਦੇਹ
ਮਹਾ ਮਲ ਮੂਤ੍ਰਧਾਰੀ ਨਿਰੰਕਾਰੀ ਕੀਨੇ ਹੈ ।

ਗੁਰਾਂ ਦੇ ਚਰਨਾਂ ਕਵਲਾਂ ਦੀ ਧੂੜੀ ਵਿਚ ਨ੍ਹਾਕੇ ਦੇਵਤਿਆਂ ਵਾਲੀ ਸ਼ੁਧ ਦੇਹੀ ਵਾਲੇ ਹੋਗਏ ਅਥਵਾ ਬਹੁਤ ਮਲ ਮੂਤ੍ਰ ਧਾਰਨ ਵਾਲੀ ਦੇਹ ਤੋਂ ਗੁਰਾਂ ਦੀ ਚਰਨ ਧੂੜ ਨੇ ਪਵਿਤ੍ਰ ਕਰ ਦਿਤੇ ॥

ਸਬਦ ਬੀਚਾਰ ਭਏ ਨਿਰੰਕਾਰੀ । ਰਾਮਕਲੀ ਗੁਰੂ ੧

ਚਰਨ ਕਮਲ ਚਰਨਾਮ੍ਰਿਤ ਨਿਧਾਨ ਪਾਨ
ਤ੍ਰਿਗੁਨ ਅਤੀਤ ਚੀਤ ਆਪਾ ਆਪ ਚੀਨੇ ਹੈ ।

ਗੁਰਾਂ ਦੇ ਚਰਨ ਕਮਲ ਦੇ ਚਰਨਾਮ੍ਰਿਤ ਭੰਡਾਰ ਅੰਮ੍ਰਿਤ ਨੂੰ ਪੀਕੇ ਅਤੇ ਮਨ ਜਰਕੇ ਤਿਨ੍ਹਾਂ ਗੁਣਾਂ ਰੂਪੀ ਸੰਸਾਰ ਤੋਂ ਰਹਿਤ ਹੋਇ ਹਨ ਅਤੇ ਆਪਣੇ ਆਪਨੂੰ ਵਿਚਾਰਦੇ ਹਨ ਕਿ ਅਸੀ ਕੀ ਚੀਜ ਹਾਂ ਅਤੇ ਕੀ ਕਰਨ ਆਇ ਹਾਂ ॥

ਚਰਨ ਕਮਲ ਨਿਜ ਆਸਨ ਸਿੰਘਾਸਨ ਕੈ
ਤ੍ਰਿਭਵਨ ਔ ਤ੍ਰਿਕਾਲ ਗੰਮਿਤਾ ਪ੍ਰਬੀਨੇ ਹੈ ।

ਗੁਰਾਂ ਦੇ ਚਰਨ ਕਵਲ ਰੂਪ ਰਾਜ ਤਖਤ ਤੇ ਬਹਿਕੇ ਤਿਨਾਂ ਲੋਕਾਂ ਅਤੇ ਤਿਨਾਂ ਸਮਿਆਂ ਦੇ ਜਾਨਣ ਵਿਚ ਸਿਆਣੇ ਹੋਏ ॥

ਚਰਨ ਕਮਲ ਰਸ ਗੰਧ ਰੂਪ ਸੀਤਲਤਾ
ਦੁਤੀਆ ਨਾਸਤਿ ਏਕ ਟੇਕ ਲਿਵ ਲੀਨੇ ਹੈ ॥ ੩੨੯

(ਗੁਰ ਸਿਖ ਭੌਰੇ) ਗੁਰਾਂ ਦੇ ਚਰਨਾਂ ਕਵਲਾਂ ਦੀ ਵਾਸ਼ਨਾ ਦੇ (ਸੁਆਦ) ਅਨੰਦ ਨੂੰ ਲੈਕੇ ਸੀਤਲਤਾ ਰੂਪ ਹੋਇ ਹਨ ਅਤੇ ਦ੍ਵੈਤ ਭਾਉ ਮਨ ਤੋਂ ਨਾਸ ਹੋਗਿਆ ਹੈ ਅਤੇ ਇਕ ਗੁਰਾਂ ਦੀ ਓਟ ਲੈਕੇ ਵਾਹਿਗੁਰੂ ਦੇ ਵਿਚ ਬ੍ਰਿਤੀ ਨੂੰ ਮਸਤ ਕੀਤਾ ਹੈ ॥ ੩੨੯ ॥ ਪੂਨਾ

ਚਰਨ ਕਮਲ ਰਜ ਮੱਜਨ ਪ੍ਰਤਾਪੁ ਅਤਿ
ਕੂਰਬ ਤੀਰਥ ਕੋਟਿ ਚਰਨ ਸਰਨ ਹੈਂ ।

ਗੁਰਾਂ ਦੇ ਚਰਨ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਬਹੁਤ ਪ੍ਰਤਾਪ ਹੈ ਕਿ ਕਰੋੜਾਂ ਹੀ ਪ੍ਰਯਾਗ ਆਦਿਕ ਤੀਰਥ ਦੇ ਪ੍ਰਤਖ ਗੁਰਾਂ ਦੇ ਚਰਨਾਂ ਦੀ ਸ਼ਰਨ

ਜਾਂਦੇ ਹਨ, ਜਾਂ ਉਸ ਸਿਖ ਦੇ ਚਰਨ ਜੋ ਚਲ ਕੇ ਆਏ ਹੋਣ, ਜਿਸ ਨੇ ਗੁਰੂ ਚਰਨ ਧੂੜ ਵਿਚ ਇਸ਼ਨਾਨ ਕੀਤਾ ਹੈ ॥

ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ

***ਦੇਵੀ ਦੇਵ ਸੇਵਕ ਹ੍ਵੈ ਪੂਜਤ ਚਰਨ ਹੈਂ ।**

ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਬਹੁਤ ਪ੍ਰਤਾਪ ਹੈ ਕਿ ਦੇਵੀ ਦੇਵਤੇ ਦਾਸ ਹੋਕੇ ਪੈਰਾਂ ਨੂੰ ਪੂਜਦੇ ਹਨ (ਪਹਿਲੇ ਗੁਰ ਚਰਨ ਨੂੰ ਦੇਵੀ ਦੇਵਤੇ ਮੰਨਦੇ ਹਨ ਫਿਰ ਜੋ ਧੂੜੀ ਵਿਚ ਇਸ਼ਨਾਨ ਕਰੇ ਉਸਨੂੰ ਮੰਨਦੇ ਹਨ ।)

ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ

ਕਾਰਨ ਅਧੀਨ ਕੀਨ ਕਾਰਨ ਕਰਨ ਹੈ ।

ਗੁਰਾਂ ਦੇ ਚਰਨ ਕਮਲਾਂ ਦੀ ਧੂੜੀ ਦੇ ਇਸ਼ਨਾਨ ਕਰਨ ਦਾ ਬਹੁਤ ਵਡਾ ਪ੍ਰਤਾਪ ਹੈ ਕਿ ਜੇਹੜੇ ਸਿਖ ਪਹਲੇ (ਕਾਰਨ) ਮਾਇਆ ਆਦਕ ਦੇ (ਅਧੀਨ) ਵਸ ਹੁੰਦੇ ਹਨ (ਓਨ੍ਹਾਂ ਨੂੰ ਗੁਰਚਰਨ ਧੂੜ) ਸਭ ਕੰਮਾਂ ਦੇ ਕਰਨ ਵਾਸਤੇ ਸਾਮਰੱਥ ਕਰ ਦੇਂਦੀ ਹੈ ॥

ਚਰਨ ਕਮਲ ਰਜ ਮੱਜਨ ਪ੍ਰਤਾਪ ਅਤਿ

ਪਤਿਤ ਪੁਨੀਤ ਭਏ ਤਾਰਨ ਤਰਨ ਹੈ ॥ ੩੨੯ ।

ਗੁਰਾਂ ਦੇ ਚਰਨਾਂ ਕਮਲਾਂ ਦੀ ਧੂੜੀ ਦੇ ਇਸ਼ਨਾਨ ਦਾ ਬਹੁਤ ਭਾਰਾ ਮਹਾਤਮ ਹੈ ਕਿ (ਇਸਨਾਨ ਕਰਨ ਵਾਲੇ) ਪਾਪੀਆਂ ਤੋਂ ਪਵਿਤ੍ਰ (ਹੋਵਤਿਆਂ ਬਾਹੁਰ) ਸੰਸਾਰ ਸਮੁੰਦ੍ਰ ਤੋਂ ਤਾਰਨ ਵਾਸਤੇ (ਜਹਾਜ) ਸਾਮਰੱਥ ਹੋਏ ਹਨ ॥ ੩੨੯ ॥

ਉਪ੍ਰੋਕਤਿ ਗੁਰਮੁਖਾਂ ਦੀ ਸਾਧ ਸੰਗਤ ਨੂੰ ਮਾਨ ਸਰੋਵਰ ਨਾਲ ਮਿਲਾਉਂਦੇ ਹਨ ਕਿ ਮਾਨ ਸਰੋਵਰ ਉਤੇ ਹੰਸ ਰਹਿੰਦੇ ਨੇ ਅਤੇ ਬਗਲਿਆਂ ਦਾ ਉਥੇ ਦਿਲ ਨਹੀਂ ਲਗਦਾ ਕੀਕੁਰ ਹੀ ਗੁਰਮੁਖਾਂ ਦੀ ਸਾਧਸੰਗਤ ਵਿਚ ਮਨਮੁਖ ਨਹੀਂ ਬਹਿੰਦੇ ।

ਮਾਨਸਰ ਹੰਸ ਸਾਧ ਸੰਗਤਿ ਪਰਮਹੰਸ

---

*ਪਯਾਰੇ ਪਾਠਕ ਜੀ ਆਪ ਵਿਚਾਰ ਸਕਦੇ ਹੋ ਕਿ ਜੋ ਗੁਰੂ ਸਾਹਿਬ ਨੂੰ ਕਦੀ ਹੋਰ ਗੁਰਕਾ ਭਗਤ ਮੱਜਨ ਕਰਦੇ ਹਨ ਓਨ੍ਹਾਂਦੇ ਮੂੰਹ ਵਿਚ ਇਸ ਤਰਾਂ ਕੇਸੀ ਸੈਣ ਮਿਲ ਜਾਂਦੀ ਹੈ ॥

ਧਰਮ ਧੁਜਾ ਧਰਮਸਾਲਾ ਚਲਿ ਆਵਹੀ ।

ਜੀਕਰ (ਮਾਨ ਸਰੋਵਰ, ਦੁਧ ਤੇ ਮੋਤੀਆਂ ਦੇ ਭਾਲ ਉਤੇ ਵਡੇ ਹੰਸ ਚਲਕੇ ਜਾਂਦੇ ਹਨ ਏਕੂਰ ਹੀ ਜਿਸ ਗੁਰਦੁਆਰੇ ਉਤੇ ਝੰਡਾ ਸਾਹਿਬ ਹੋ ਅਤੇ ਜਿਦੇ ਵਿਚ ਕੇ ਸਾਧਸੰਗਤ ਲਗੀ ਹੋਵੇ ਉਥੇ ਗੁਰਮੁਖ ਹੱਡੇ ਚਲਕੇ ਆਂਵਦੇ ਹਨ॥

ਉਤ ਮੁਕਤਾਹਲ ਅਹਾਰ ਦੁਤੀਆ ਨਾਸਤ
ਇਤ ਗੁਰ ਸਬਦ ਸੁਰਤਿ ਲਿਵ ਲਾਵਹੀ ।

ਉਧਰ ਹੰਸ ਤਾਂ ਮੋਤੀਆਂ ਨੂੰ ਖਾਕੇ ਦੂਜੇ ਅੰਨ ਦੀ ਇੱਛਾ ਨੂੰ ਨਾਸ਼ ਕਰ ਦੇ ਹਨ ਏਧਰ (ਹੋਰ ਦੇਵੀ ਦੇਵਤਿਆਂ ਸਰਵਰਾਂ ਦੀ ਪੂਜਾ ਨੂੰ ਛਡਕੇ) ਗੁਰਮੁਖ ਗੁਰਾਂ ਦੇ ਸ਼ਬਦ ਵਿਚ ਪ੍ਰੀਤੀ ਕਰਕੇ ਵਿਰਤੀ ਲੌਂਦੇ ਹਨ ਭਾਵ ਗੁਰ ਸ਼ਬਦ ਨੂੰ ਸੁਰਤ ਨਾਲ ਸੁਣਦੇ ਹਨ ॥

ਉਤ ਖੀਰ ਨੀਰ ਨਿਰਵਾਰੋ ਕੈ ਬਖਾਨੀਅਤਿ
ਇਤ ਗੁਰਮਤਿ ਦੁਰਮਤਿ ਸਮਝਾਵਹੀ ।

ਉਧਰ (ਹੰਸ) ਦੁਧ ਤੋਂ ਪਾਣੀ ਵਖਰਾ ਕਰਦੇ ਹਨ ਏਧਰ (ਗੁਰਮੁਖ ਸਾਧ ਸੰਗਤਿ ਵਿਚ) ਗੁਰਾਂ ਦੀ ਸਿਖਿਆ ਨਾਲ ਖੋਟੀ ਸਿਖਿਆ ਵਿਚ ਦੂਸ਼ਨ ਵਿਖਾਕੇ ਅਤੇ ਗੁਰਮਤ ਨੂੰ ਚੰਗਾ ਵਿਖਾਕੇ ਹੋਰਨਾਂ ਲੋਕਾਂ ਨੂੰ ਸਮਝੌਂਦੇ ਹਨ।

ਉਤ ਬਗ ਹੰਸ ਬੰਸ ਦੁਬਿਧਾ ਨ ਮੇਟਿ ਸਕੈ
ਇਤ ਕਾਗ ਪਾਗ ਸਮ ਰੂਪ ਕੈ ਮਿਲਾਵਹੀ ॥੨੪੦॥

---

† ਭਾਈ ਸਾਹਿਬ ਜੀ ਨੇ ਸਾਰਾ ਰੂਪਕ ਅਲੰਕਾਰ ਬੰਨ੍ਹਕੇ ਗੁਰਮੁਖਾਂ ਦੀ ਸਾਧ ਸੰਗਤ ਦਾ ਹੰਸਾਂ ਦੇ ਮਾਨਸਰੋਵਰ ਨਾਲੋਂ ਵਾਧਾ ਕੱਢਿਆ ਹੈ ॥

ਇਸ ਅਲੰਕਾਰ ਦਾ ਵਿਸਥਾਰ ਅਲੰਕਾਰ ਸਾਗਰ ਸੁਧਾ ਕਵਿਕੁਲ ਕਲਸ ਭਾਈ ਟਹਿਲ ਸਿੰਘ ਜੀ ਕ੍ਰਿਤ ਵਿਚੋਂ ਵੇਖ ਸਕਦੇ ਹੋ ॥

ਕਬਿਤ ॥ ਜੈਸੀ ਮਤਿ ਹੋਤ ਤੈਸੀ ਗਤਿ ਹੋਤ ਚਾਂਦੇ ਸੰਗ ਪਾਏ ਸੰਗ ਨੀਕੀ ਅਤਿ ਗਤਿ ਹੋਤ ਫਰ ਕੀ । ਵੈ ਨ ਬੋਲੈ ਬੋਲਣ ਦੇ ਬਦਨ ਸੁਧਾਕੇ ਭਰੇ ਦੇ ਨ ਦੇਖੈ, ਦੇਖਤ ਹੈ ਮਿਹਰ ਨਜ਼ਰ ਕੀ । ਚਾਲੇ ਨ ਚਰਨ ਜਾਂਕੇ ਚਰਨ ਪਵਿਤ੍ਰ ਅਤਿ ਚਲ ਚਲ ਪਾਵਨ ਕਰਤ ਰੀਗ ਸਰ ਕੀ । ਐਸੀ ਅਤਿ ਮਤਿ ਮੰਦ ਮਾਨੀਐ ਟਹਲ ਸਿੰਘ ਭਾਗ ਸਦਾ ਸੇਵ ਸੇਵ ਕਰੇ ਦੇਵਤਨ ਕੀ॥ ਭੀ ਭੇਦ ਰੂਪਕ ਦੇ ਹਨ। ਏਥੇ ਪਹਿਲਾ ਦਸਿਆ ਗਿਆ ਹੈ ॥

ਨਿਧਰ ਮਾਨਸਰੋਵਰ ਉਤੇ ਹੰਸਾਂ ਦੀ ਔਲਾਦ ਤਾ ਬਗੁਲਿਆਂ ਦੀ ਬੁਧਿ ਦਾ ਅਹੀਆਂ ਨੂੰ ਖਾਣ ਦੀ ਵਾਦੀ ਨਹੀਂ ਹਟਾ ਸਕਦੀ ਅਤੇ ਇਧਰ ਸਾਧ ਸੰਗਤ ਵਿਚ ਜੋ ਗੁਰਮੁਖ ਹਨ ਕਾਂਵਾਂ (ਵਿਸ਼ਈਆਂ) ਨੂੰ ਆਪਣੇ ਵਿਚ ਮਿਲਾਕੇ ਅਤੇ ਵਾਹਿਗੁਰੂ ਦੇ ਨਾਮ ਦਾ ਰੰਗ ਚੜ੍ਹਾਕੇ ਆਪਣੇ ਰੂਪ ਦੇ ਬਰਾਬਰ ਕਿਆ ਆਪਣੇ ਵਰਗੀ ਕਰਕੇ ਆਪਣੇ ਨਾਲ ਮਿਲਾ ਲੈਂਦੇ ਹਨ ॥੧੬੪॥

ਉਪ੍ਰੋਕਤਿ ਗੁਰਮੁਖਾਂ ਦੀ ਸਾਧ ਸੰਗਤਦੇ ਮਿਲਾਪ ਦਾ ਮਹਾਤਮ ਵਰਨਨ ਕਰਦੇ ਹਨ ॥

ਗੁਰ ਸਿਖ ਸੰਗਤ ਮਿਲਾਪ ਕੋ ਪ੍ਰਤਾਪ ਛਿਨ
ਸਿਵ ਸਨਕਾਦਿ ਬ੍ਰਹਮਾਦਿਕ ਨ ਪਾਵਹੀ ।

ਸ਼ਿਵ (ਸਨਕਾਦਿ) ਤੇ ਚਾਰੇ ਪੁਤ੍ਰ ਬ੍ਰਹਮਾਂ ਦੇ ਅਤੇ ਬ੍ਰਹਮਾ ਆਦਕ ਹੋਰ ਦੇਵਤੇ ਗੁਰਾਂ ਦੇ ਸਿਖਾਂ ਦੀ ਸਤਿਸੰਗਤ ਦੇ ਮੇਲ ਦੇ ਪ੍ਰਤਾਪ ਦਾ ਜੋ ਫਲ ਹੈ ਤਿਸ ਨੂੰ ਓਹ ਇਕ ਛਿਨ ਮਾਤ੍ਰ ਭੀ ਨਹੀਂ ਪਾ ਸਕਦੇ ॥

ਸਿੰਮ੍ਰਿਤ ਪੁਰਾਨ ਬੇਦ ਸ਼ਾਸਤ੍ਰ ਔ ਨਾਦ ਬਾਦ
ਰਾਗ ਰਾਗਨੀ ਹੂੰ ਨੇਤਿ ਨੇਤਿ ਕਰ ਗਾਵਹੀ ।

ਸਿੰਮ੍ਰਿਤੀਆਂ ਪੁਰਾਨ ਵੇਦ ਸ਼ਾਸਤ੍ਰ ਅਤੇ ਵਾਜਿਆਂ ਦੇ (ਨਾਦ) ਸ਼ਬਦ ਨੂੰ ਉਚਾਰਨ ਵਾਲੇ ਰਾਗੀ ਅਤੇ ਰਾਗ ਰਾਗਨੀਆਂ ਬਿਅੰਤ ਬ ਕਰਕੇ ਗੁਰਮੁਖਾਂ ਦੇ ਸਤਿਸੰਗਤ ਦੇ ਜਸ ਨੂੰ ਗੌਂਦੀਆਂ ਹਨ ॥

ਬਿਚਾਰ ਮਾਲਾ—ਸ਼੍ਰੁਤਿ ਸਿੰਮ੍ਰਿਤ ਸ੍ਰੀ ਮੁਖ ਕਹ੍ਯੋ ਸਤਿਸੰਗਤ ਜਗ ਸਾਰ ।
ਅਨਾਥ ਮਿਟਾਵੈ ਬਿਖਮਤਾ ਦਰਸਾਵੈ ਸੁ ਬਿਚਾਰ ।

ਦੇਵੀ ਦੇਵ ਸਰਬ ਨਿਧਾਨ ਔ ਸਕਲ ਫਲ
ਸੁਰਗ ਸਮੂਹ ਸੁਖ ਧਿਆਨ ਧਰ ਧਿਆਵਹੀ ।

(ਗੁਰ ਸਿਖਾਂ ਦੇ ਛਿਨ ਮਾਤ੍ਰ ਦੇ ਸਤਸੰਗਤ ਦੇ ਸੁਖ ਨੂੰ) ਦੇਵੀ ਦੇਵਤੇ ਅਤੇ ਸਾਰੇ (ਨਿਧਾਨ) ਖਜਾਨੇ ਪਦਾਰਥਾਂ ਦੇ ਅਤੇ ਸਾਰੇ ਫਲ ਸੁਰਗ ਦੇ ਅਤੇ ਹੋਰ ਸਮੂਹ ਵਡੇ ਵਡੇ ਸਿਆਣੇ ਆਦਮੀ ਧਿਆਨ ਧਰਕੇ ਧਿਔਂਦੇ ਹਨ ।

ਕਾਮਧੇਨ ਅਰੁ ਕਲਪਤਰੁ ਜੋ ਸੇਵਤ ਫਲ ਹੋਇ ।
ਸਤਿਸੰਗਤਿ ਛਿਨ ਏਕ ਮੈਂ ਪ੍ਰਾਨੀ ਪਾਵੈ ਸੋਇ ।
ਬ੍ਰਹਮਾਦਿਕ ਦੇਵਾ ਸਕਲ ਤਿਨ ਭਜ ਜੋ ਫਲ ਹੋਤ ।
ਸਤਿਸੰਗਤ ਮੈਂ ਸਹਜ ਹੀ ਵੇਗਹਿ ਹੋਤ ਉਦੋਤ ॥ (ਬਿਚਾਰਮਾਲਾ)

ਪੂਰਨ ਬ੍ਰਹਮ ਸਤਿਗੁਰ ਸਾਵਧਾਨ ਜਾਨ
ਗੁਰ ਸਿਖ ਸਬਦ ਸੁਰਤਿ ਲਿਵ ਲਾਵਹੀ ॥ ੫੪੧ ॥

ਸਾਰੇ ਵੇਲੇ ਹੋਇ ਵਾਹਿਗੁਰੂ ਦਾ ਰੂਪ ਸਤਗੁਰਾਂ ਨੂੰ (ਸਾਵਧਾਨ) ਜਾਗਦਾ (ਹਰਜਗ੍ਹਾ) ਜਾਣਕੇ ਗੁਰਾਂ ਦੇ ਸਿਖ ਗੁਰਸਬਦ ਵਿਚ ਪ੍ਰੀਤੀ ਕਰਕੇ (ਸਾਧਸੰਗਤ ਵਿਚ ਜਾਕੇ) ਵਾਹਿਗੁਰੂ ਵਿਚ ਚਿਤ ਬ੍ਰਿਤੀ ਲੌਂਦੇ ਹਨ ॥੫੪੧॥

ਵਾਹਿਗੁਰੂ ਦੇ ਸੰਸਾਰ ਦੀ ਰਚਨਾ

ਰਚਨਾ ਚਰਿਤ੍ਰ ਚਿਤ੍ਰ ਬਿਸਮ ਬਚਿਤ੍ਰ ਪਨ
ਕਾਹੂ ਸੋਂ ਨ ਕੋਊ ਕੀਨੋ ਏਕ ਹੀ ਅਨੇਕ ਹੈ ।

ਵਾਹਿਗੁਰੂ ਦੀ ਚਿਤ੍ਰਕਾਰੀ ਦੀ ਰਚਨਾ ਦਾ ਤਮਾਸ਼ਾ ਬਹੁਤ ਤਰਾਂ ਦਾ ਅਸਚਰਜ ਹੈ ਕਿਉਂਕਿ ਕਿਸੇ ਜਿਹਾ ਕੋਈ ਵੀ ਨਹੀਂ ਕੀਤਾ ਅਤੇ ਇਕ ਹੀ ਵਾਹਿਗੁਰੂ ਅਨੇਕਾਂ ਜੀਵਾਂ ਵਿਚ ਹੈ॥

(ਆਸਾ ਨਾਮ ਦੇਵ ਜੀ (ਇਕ ਅਨੇਕ) ਸਾਰਾ ਸਬਦ ਵੇਖੋ)

ਸਿਮਰਨ ਕਪਟ ਘਟ ਘਟ ਨਟ ਵਟ ਨਟ
ਗੁਪਤ ਪ੍ਰਗਟ ਅਟ ਪਟ ਜਾਵਦੇਕ ਹੈ ।

ਜਿਵੇਂ ਮੰਦਾਰੀ ਆਪਣੇ ਵਟੇ ਨੂੰ ਬਹੁਤ ਹੀ ਛਲ (ਹੱਥ ਦੀ ਸਫਾਈ) ਕਰਕੇ ਕਦੀ ਲੁਕਾ ਲੈਂਦਾ ਹੈ ਅਤੇ ਕਦੇ ਫੇਰ ਪਰਗਟ ਕਰ ਵਿਖਾਉਂਦਾ ਹੈ ਅਤੇ ਜਿੰਨੇ ਕੁ ਆਦਮੀ ਵੇਖਦੇ ਹੁੰਦੇ ਹਨ ਉਹ ਸਾਰੇ ਹੀ ਆਪਣੇ ਦਿਲਾਂ ਵਿਚ ਆਖਦੇ ਹਨ ਕਿ ਭਾਈ ਇਹ ਬੜਾ ਔਖਾ ਕੰਮ ਹੈ ਪਰ ਉਸ ਨਟ ਨੂੰ ਪੁਛਿਆ ਜਾਵੇ ਤਾਂ ਕੁਝ ਵੀ ਨਹੀਂ ਇਸੇ ਤਰ੍ਹਾਂ ਹੀ ਬਹੁਤ ਮਾਇਆ ਦੇ ਫੈਲਾਉਣ ਰੂਪ ਜੋ ਛਲ ਵਾਹਿਗੁਰੂ ਨੇ ਕੀਤਾ ਹੋਇਆ ਹੈ ਸੋ ਮਾਇਆ ਦੇ ਅੰਦਰ ਆਪ ਹੀ ਹੈ ਕਦੀ ਪ੍ਰਗਟ ਹੋਜਾਂਦਾ ਹੈ ਕਦੀ ਛਪ ਜਾਂਦਾ ਹੈ ਭਾਵ ਗੁਰਮੁਖਾਂ ਨੂੰ ਦਿਸਦਾ ਹੈ ਤੇ ਮਨਮੁਖਾਂ ਨੂੰ ਨਹੀਂ ਪਰ ਏਹ ਸਾਰਾ ਕੰਮ ਜਾਨਣਾ ਔਖਾ ਹੈ ॥

ਦ੍ਰਿਸਟਿ ਸੀ ਦ੍ਰਿਸਟਿ ਨ ਦਰਸਨ ਸੋਂ ਦਰਸ
ਬਚਨ ਸੋਂ ਬਚਨ ਨ ਸੁਰਤਿ ਸਮੇਕ ਹੈ ।

(੧) ਨੇਤ੍ਰਾਂ ਦੀ ਨਜ਼ਰ ਜਿਹੀ ਨੇਤ੍ਰਾਂ ਦੀ ਨਜ਼ਰ ਨਹੀਂ ॥
(੨) (ਦਰਸਨ) ਮੂੰਹ ਦੇ ਦਰਸਨ ਵਰਗਾ ਮੂੰਹ ਦਾ ਦਰਸਨ ਨਹੀਂ ॥
(੩) ਬੋਲ ਨਾਲ ਬੋਲ ਨਹੀਂ ਰਲਦਾ ॥

(੪) ਇਸੇ ਤਰ੍ਹਾਂ ਰੰਗ ਨਹੀਂ ਰਲਦੇ ॥

ਪਰ ਜੇ ਵਿਚਾਰਿਆ ਜਾਵੇ ਤਾਂ ਸਾਰਿਆਂ ਵਿਚ ਇਕ ਵਾਹਿਗੁਰੂ ਹੀ ਵਰਤ ਰਹਾ ਹੈ ਅਥਵਾ ਸੂਰਤ ਸਾਰਿਆਂ ਦੀ ਇਕੋ ਜੇਹੀ ਹੈ ਸਾਰੇ ਜਾਣਦੇ ਨੇ ਕਿ ਪਾਪ ਬੁਰੇ ਨੇ ਅਤੇ ਪੁੰਨ ਚੰਗੇ ਨੇ ਅਤੇ ਦੌਲਤ ਕਠੀ ਕਰਨੀ ਚਾਹੀਦੀ ਹੈ ਉਜਾੜਨੀ ਚੰਗੀ ਨਹੀਂ (ਗੁਰੂ ੧ ਸੋਰਠ)

"ਇਕਤੁ ਰੂਪਿ ਫਿਰਹਿ ਪਰਛੰਨਾ ਕੋਇ ਨ ਕਿਸ ਹੀ ਜੇਹਾ"

"ਮੇਰੇ ਪ੍ਰਭ ਸਾਚੇ ਇਕ ਖੇਲ ਰਚਾਇਆ ॥
ਕੋਇ ਨ ਕਿਸ ਹੀ ਜੇਹਾ ਉਪਾਇਆ।"

ਰੂਪ ਰੇਖ ਲੇਖ ਭੇਖ ਨਾਦ ਬਾਦ ਨਾਨਾ ਬਿਧ
ਅਗਮ ਅਗਾਧ ਬੋਧ ਬ੍ਰਹਮ ਬਿਬੇਕ ਹੈ ॥੪੪੨॥

(੧) ਰੂਪ (ਰੰਗ) ਨਾਲ ਰੂਪ ਨਹੀਂ ਮਿਲਦਾ ।

(੨) ਚਿਹਨ ਚੱਕਰ (ਸਰੀਰ ਦੇ ਨਿਸ਼ਾਨਾਂ ਨਾਲ ਨਿਸ਼ਾਨ) ਨਹੀਂ ਮਿਲਦੇ

(੩) ਮਥੇ ਦੇ ਕਰਮ ਸਾਰਿਆਂ ਦੇ ਇਕੋ ਜਿਹੇ ਨਹੀਂ।

(੪) ਪਹਰਾਵਾ ਵਾ ਪੰਥ (ਜੋਗੀ ਜੰਗਮ ਆਦਕ) ਨਾਲ ਪੰਥ ਨਹੀਂ ਰਲਦਾ ਭਾਵ ਜਿੰਨੇ ਕਿ ਤਕੋ ਜਗਤ ਉਤੇ ਚਲੇ ਹੋਇ ਹਨ ਸਭ ਵਖੋ ਵਖ ਹਨ।

(੫) ਇਕ ਦਾ ਦੂਜੇ ਨਾਲ ਅਵਾਜ ਨਹੀਂ ਰਲਦਾ। ਏਕੁਰ ਹੀ ਜਿਸ ਵਾਹਿਗੁਰੂ ਦੀ ਸ੍ਰਿਸ਼ਟੀ ਬਹੁਤ ਤਰਾਂ ਦੀ ਬਣਾਈ ਹੋਈ ਹੈ ਭਾਵ ਇਸ ਦੁਨੀਆਂ ਦਾ ਅੰਤ ਨਹੀਂ ਲਿਆ ਜਾਂਦਾ ਅਤੇ ਬਹੁਤੇਆਂ ਸੋਚਾਂ ਵਿਚਾਰਾਂ ਨਾਲ ਉਸ ਵਾਹਿਗੁਰੂ ਦਾ ਕੀਕੁਰ ਅੰਤ ਪਾ ਸਕੀਦਾ ਹੈ ਭਾਵ ਏਹ ਜਾਨਣਾਂ ਵੀ ਔਖਾ ਹੈ ॥ ੪੪੨।

ਵਾਹਿਗੁਰੂ ਨੂੰ ਮਿਲਨ ਵਾਲੇ ਗੁਰਮੁਖਾਂ ਨੂੰ ਨਮਸਕਾਰ ਕਰਦੇ ਹਨ।

ਸਤਿ ਰੂਪ ਸਤਿਗੁਰ ਪੂਰਨ ਬ੍ਰਹਮ ਧਿਆਨ
ਸਤਿਨਾਮ ਸਤਿਗੁਰ ਸੋ ਤੌ ਪਾਰਬ੍ਰਹਮ ਹੈ।

ਸਚ ਸਰੂਪ ਸਤਗੁਰਾਂ ਕਰਕੇ ਸਾਰਿਆਂ ਵਿਚ ਫੈਲੇ ਹੋਇ ਵਾਹਿਗੁਰੂ ਦਾ (ਗੁਰਮੁਖ) ਧਿਆਨ ਕਰਦੇ ਹਨ ਅਤੇ ਸਤਗੁਰਾਂ ਦੇ ਸਚੇ ਨਾਮ ਜਪਣ ਨੂੰ ਹੀ ਗੁਰਮੁਖ ਵਾਹਿਗੁਰੂ ਦੇ ਮਿਲਾਪ ਦਾ ਕਾਰਨ ਸਮਝਦੇ ਹਨ ॥

ਸਤਿਗੁਰ ਸਬਦ ਅਨਾਹਦ ਬ੍ਰਹਮ ਗਿਆਨ
ਗੁਰਮੁਖ ਪੰਥ ਸਤਿ ਕੀਮਤਿ ਅਗਮ ਹੈ।

ਗੁਰਾਂ ਦੇ (ਸਬਦ) ਉਪਦੇਸ਼ ਨੂੰ (ਅਨਾਹਦ) ਇਕਰਸ ਸੁਣਕੇ (ਗੁਰਮੁਖ) (ਬ੍ਰਹਮ) ਵਾਹਿਗੁਰੂ ਨੂੰ (ਗਿਆਨ) ਜਾਣਦੇ ਹਨ ਇਸ ਲਈ [illegible]

ਰਸਨਾ ਸਚਾ ਹੈ (ਧ੍ਰੂਤ ਕੋਈ ਅਨਮਤੀਆਂ ਰੱਖੇ) (ਚੀਮਿਤਾ) ਤੁਰਕੇ (ਅਗਮ) ਪਹੁੰਚ ਨਹੀਂ ਸਕਦਾ ॥

ਗੁਰ ਸਿਖ ਸਾਧ ਸੰਗ ਬ੍ਰਹਮ ਸਥਾਨ ਸਤਿ
ਕੀਰਤਨ ਸਮੈ ਹੋਇ ਸਾਵਧਾਨ ਸਮ ਹੈ ।

ਗੁਰੂ ਕੇ ਸਿਖਾਂ ਦੀ ਸਾਧ ਸੰਗਤ ਸਚੇ ਵਾਹਿਗੁਰੂ ਦਾ ਅਸਥਾਨ ਹੈ ਕਿਉਂਕਿ ਜਦੋਂ ਗੁਰ ਬਾਣੀ ਦੇ ਕੀਰਤਨ ਦਾ ਵੇਲਾ ਹੁੰਦਾ ਹੈ ਤਦੋਂ ਗੁਰਮੁਖ (ਸਾਵਧਾਨ) ਤਕਾਰ ਬਰਤਰਫਾਰ ਇਕੋ ਜਿਹੀ ਨਜ਼ਰ ਵਾਲੇ ਆਪ ਹੁੰਦੇ ਹਨ ਅਤੇ ਅਗਲੇ ਨੂੰ ਓਸੇ ਤਰਾਂ ਦਾ ਕਰ ਦਿੰਦੇ ਹਨ ਭਾਵ ਸਮਾਨ ਦ੍ਰਿਸ਼ਟੀ ਵਾਲਾ ਕਰ ਦੇਂਦੇ ਹਨ ।

ਗੁਰਮੁਖ ਭਾਵਨੀ ਭਗਤਿ ਭਾਉ ਚਾਉ ਸਤਿ
ਸਹਜ ਸੁਭਾਉ ਗੁਰਮੁਖ ਨਮੋ ਨਮ ਹੈ ॥ ੨੬੭ ॥

(ਉਪਰੋਕਤ) ਗੁਰਮੁਖ, ਸਰਧਾ, ਪ੍ਰੇਮਾ ਭਗਤੀ, ਉਤਸਾਹ, ਅਤੇ ਸ਼ਾਂਤੀ ਵਾਲੇ ਸੁਭਾਉ ਨੂੰ (ਸਤ) (ਦਿਲ ਵਿਚ) ਨਿਸਚੇ ਕਰਦੇ ਹਨ (ਇਸ ਲਈ ਭਾਈ ਗੁਰਦਾਸ ਜੀ ਆਂਹਦੇ ਹਨ ਕਿ ਸਾਡੀ ਉਨਾਂ) ਗੁਰਮੁਖਾਂ ਨੂੰ ਬਾਰ ਬਾਰ ਨਮਸਕਾਰ ਹੋਵੇ ॥ ੨੬੭ ॥

ਸਤਿਗੁਰ ਦੇਵ ਦੇ ਲਖਣ ॥

ਨਿਰਾਕਾਰ ਨਿਰਾਧਾਰ ਨਿਰਾਹਾਰ ਨ੍ਰਿਵਿਕਾਰ
ਅਜੋਨੀ ਅਕਾਲ ਅਪਰੰਪਰ ਅਭੇਵ ਹੈ ।

ਸਰੀਰ ੧ ਆਸਰੇ ੨ ਭੋਜਨ ੩ ਵਿਕਾਰ ੪ ਚੁਰਾਸੀ ਜੂਨੀ ੫ ਜਨਮ ਮਰਨ ੬ ਤੋਂ ਰਹਿਤ ਅਤੇ (ਅਪਰੰਪਰ) ਸੰਸਾਰ ਦਾ ਪਰਾ ਰੂਪ (ਅਭੇਵ) ਅਭੇਦ ਵਾਹਿਗੁਰੂ ਹੈ ॥

ਨਿਰਮੋਹ ਨਿਰਵੈਰ ਨਿਰਲੇਪ ਨਿਰਦੋਖ
ਨ੍ਰਿਭੈ ਨਿਰੰਜਨ ਅਤਹ ਪਰ ਅਤੇਵ ਹੈ ।

ਪਿਆਰ ੧ ਵੈਰ ੨ ਲੇਪ (ਕਿਸੇ ਚੀਜ਼ ਦਾ ਪੋਚਾ ਫਿਰ ਜਾਣਾ ਯਾ ਕੋਈ ਚੀਜ਼ ਸਰੀਰ ਬਾਹਰ ਚੰਬੜ ਜਾਣੀ) ੩ ਦੋਖ (ਦੂਸ਼ਨ ਵ ਦੁਖ) ੪ ਡਰ ੫ ਮਾਇਆ ੬ ਤੋਂ ਰਹਿਤ ਹੈ (ਅਤਹ ਅਤੇਵ) ਅਤਿਅੰਤ ਤੋਂ ਅਤਿਅੰਤ (ਵਾਹਿਗੁਰੂ) (ਪਰ) ਪਰੇ (ਦੂਰ) ਹੈ ।

ਅਬਿਗਤਿ ਅਗਮ, ਅਗੋਚਰ ਅਗਾਧਿ ਬੋਧ

ਅਦਭੁਤ ਅਲਖ ਅਤਿ ਅਛਲ ਅਭੇਵ ਹੈ।

ਵੇਦ ਸ਼ਾਸਤ੍ਰ ਨੇਤ੍ਰ ਕੋਈ ਉਸ ਪਾਸ ਪਹੁੰਚ ਨਹੀਂ ਸਕਦਾ ਇਸ ਲਈ ਸ੍ਰੀ ਵਾਹਿਗੁਰੂ ਦੇ ਵਾਹਿਗੁਰੂ ਦਾ ਗਿਆਨ ਜਾਨਣਾ ਔਖਾ ਹੈ ਸੋ ਅਦਭੁਤ ਹੀ ਅਦਭੁਤ ਹੈ ਅਲੇਖ ਅਛਲ ਇਕ (ਗੁਰਮੁਖਾਂ ਨੇ) ਨਿਸਚੇ ਕੀਤਾ ਹੈ ॥

ਬਿਸਮੈ ਬਿਸਮ ਅਸਚਰਜੈ ਅਸਚਰਜ ਮੈ
ਅਦਭੁਤ ਪਰਮਦਭੁਤ ਗੁਰਦੇਵ ਹੈ ॥ ੩੪੪ ॥

ਅਸਚਰਜ ਤੋਂ ਅਸਚਰਜ ਤੇ ਸੋਹਣੇ ਤੋਂ ਸੋਹਣਾਂ ਗੁਰਾਂ ਦਾ ਗੁਰੂ ਪ੍ਰਕਾਸ਼ ਵਾਲਾ ਅਕਾਲਪੁਰਖ) ਹੈ ॥ ੩੪੪ ॥

ਉਤਮ ਜਗਿਆਸੂ ਮਧਮ ਜਗਿਆਸੂ ਨੂੰ ਅਤੇ ਉਤਮ ਸਖੀ ਮਧਮ ਸਖੀ ਮਾਨਨੀ ਨਾਇਕਾ ਨੂੰ ਉਪਦੇਸ਼ ਕਰਦੀ ਹੈ ਸੋ ਸਖੀ ਦੀ ਸਿਖਿਆ ਸਭ ਪ੍ਰਕਾਸ਼ ਹਰਿਚਰਨ ਦਾਸ ਜੀ ਕ੍ਰਿਤ ਦੇ ਪਹਿਲੇ ਅਧਿਆਇ ਵਿਚੋਂ ਵੇਖ ਸਕਦੇ ਹੋ।

ਸਖੀ ਲੱਛਨ ਦੋਹਰਾ। ਨੇਹ ਰਾਧ ਕਿਨ ਜੋ ਕਰੈ ਸੁਖ ਦੁਖ ਦੇਵੈ ਭਾਖਿ
ਸਭ ਵਿਧ ਮਨ ਕੀ ਸਭ ਲਖੈ ਸਖੀ ਕਹੈ ਕਵਿਰਾਇ।

ਕਾਰਤਕ ਮਾਸ ਰੁਤਿ ਸਰਦ ਪੂਰਨਮਾਸੀ
ਆਠ ਜਾਮ ਸਾਠ ਘਰੀ ਆਜ ਤੇਰੀ ਬਾਰੀ ਹੈ।

(ਉਤਮ ਸਖੀ)ਹੇ ਮੇਰੀ ਪਿਆਰੀ ਭੈਣੇ ਤੂੰ ਪਤੀ ਪਾਸੋਂ ਕਿਉ ਰੁਸੀ ਹੋਈ ਹੈਂ। ਕਿ ਵੇਖ ਕੱਤੇਂ ਦਾ ਮਹੀਨਾ ਹੈ ਸਰਦ ਰੁਤ ਹੈ ਅਤੇ ਪੁੰਨਿਆ ਦਾ ਦਿਨ ਹੈ ਸਾਰੇ ਦਿਨ ਰਾਤ ਦੇ ਅਠਾਂ (ਜਾਮ) ਪਹਰਾਂ ਵਿਚ ਅਤੇ ਸਠਾਂ ਘੜੀਆਂ ਵਿਚ ਪਤੀ ਨੂੰ ਮਿਲਨ ਦੀ ਅਜ ਤੇਰੀ ਵਾਰੀ ਹੈ॥ ਛੰਦ ਰਤਨਾਵਲੀ ॥ ਪਾਵਦੀ ਪ੍ਰਿਤ ਕੀ ਚਾਲੈ ਐਸੀ ਨਾਹਿ ਖਰੀ ਬਦੀ। ਕਾਜਨ ਕਰੀਏ ਦੂਤੀ ਧੀ ਬਨਾ ਨੈ ਨਦੀ ਨਦੀ॥ (ਉਤਮ ਜਗਿਆਸੂ) ਹੇ ਭਾਈ ਏਹ ਕੱਤੇਂ ਦਾ ਮਹੀਨਾ ਕਿਆ ਮਨੁਖਾ ਜਨਮ ਤੈਨੂੰ ਪ੍ਰਮਾਤਮਾ ਨੇ ਬਖਸ਼ਿਆ ਹੈ ਅਤੇ (ਸਰਦ ਰੁਤ) ਸ਼ਾਂਤੀ ਸੁਭਾਉ ਨੂੰ ਤੂੰ ਧਾਰਨ ਕਰ ਜਿਸ ਕਰਕੇ ਗਿਆਨ ਰੂਪੀ ਚੰਦ੍ਰਮਾ ਤੈਨੂੰ ਚਾਨਣ ਕਰੇ ਅਤੇ ਵੇਖ ਹੁਣ ਤੈਨੂੰ ਪ੍ਰਮਾਤਮਾ ਨੇ ਅਠ ਪਹਰ ਦਿਨ ਰਾਤ ਦੇ ਅਤੇ ਸਠ ਘੜੀਆਂ ਦਿਤੀਆਂ ਹਨ ਸੋ ਤੇਰਾ ਅਜ ਵਾਹਿਗੁਰੂ ਨੂੰ ਮਿਲਨ ਦਾ ਵੇਲਾ ਹੈ ॥

ਔਸਰ ਅਤੀਤ ਬਹੁ ਨਾਇਕ ਕੀ ਨਾਇਕਾ ਹੈ
ਰੂਪ ਗੁਨ ਜੋਬਨ ਸਿੰਗਾਰ ਅਧਿਕਾਰੀ ਹੈ।

(ਉਤਮ ਸਖੀ)-ਨੀ ਭੈਣੇ ਦੇਖ ਪ੍ਰਿਆ ਸੋਹਣਾ ਅਜਿਹਾ ਮਿਲਣੂ ਦਾ ਵੇਲਾ

ਹੈ ਅਤੇ ਰੂਪ ਕੁਲ ਜਵਾਨੀ ਤੇਰੇ ਵਿਚ ਹੈ ਇਸ ਵੇਲੇ ਤੂੰ ਸਹੇਲੀਆਂ ਇਸਤ੍ਰੀਆਂ ਵਾਲੇ ਪਤੀ ਦੀ ਇਸਤ੍ਰੀ ਬਣ ਜਾ ॥

ਚਾਤੁਰ ਚਤੁਰ ਪਾਠ ਸੇਵਕ ਸਹੇਲੀ ਸਾਠ

ਸੰਪਤਾ ਸਮਗ੍ਰੀ ਸੁਖ ਸਹਜ ਸੁਚਾਰੀ ਹੈ ।

(ਉਤਮ ਸਖੀ) ਹੇ ਸਿਆਣੀ ਭੈਣੇ ਵਿਦਿਆ ਦੇ ਪੜ੍ਹਨ ਵਿਚ ਤੂੰ ਸਿਆਣੀ ਹੈਂ ਕਿਆ ਪਤੀ ਦੀਆਂ ਚਿਠੀਆਂ ਵੀ ਆਪ ਵਾਚ ਲੈਂਦੀ ਏਂ ਅਤੇ ਬਹੁਤ ਸਾਰੀਆਂ ੬੦ ਤੇਰੀਆਂ ਸਹੇਲੀਆਂ ਹਨ ਅਤੇ ਰਾਜ ਭਾਗ ਨਾਲ ਵੀ ਤੈਨੂੰ ਪ੍ਰਮਾਤਮਾ ਨੇ ਭਾਗ ਲਾਇਆ ਹੋਇਆ ਹੈ ਅਚਲ ਸੁਖ ਵਿਚ ਵਸਦੀ ਏਂ ਅਤੇ ਸੁੰਦਰ ਰੂਪ ਵਾਲੀਏਂ ॥

ਸੁੰਦਰ ਮੰਦਰ ਸੁਭ ਲਗਨ ਸੰਜੋਗ ਭੋਗ

ਜੀਵਨ ਜਨਮ ਧੰਨ ਪ੍ਰੀਤਮ ਪਿਆਰੀ ਹੈ ॥੬੪੭॥

(ਉਤਮ ਸਖੀ) ਚੰਗੇ ੨ ਮਕਾਨ ਅਤੇ ਚੰਗੇ ਲਗਨ ਵਿਚ ਤੇਰਾ ਪਤੀ ਨਾਲ ਮੇਲ ਹੋਇਆ ਹੈ ਜਿਸ ਕਰਕੇ ਤੈਨੂੰ (ਭੋਗ) ਸਾਰੇ ਪਦਾਰਥਾਂ ਦੇ ਭੋਗ (ਸੰਜੋਗ) ਮਿਲੇ ਰਹਿੰਦੇ ਹਨ ਪਰ ਹੇ ਪਿਆਰੀ ਤੇਰੇ ਜੀਊਣੇ ਅਤੇ ਜਨਮ ਧਾਰਨੇ ਨੂੰ ਤਦ ਹੀ ਧੰਨ ਧੰਨ ਹੋਵੇਗਾ ਜੇ ਤੂੰ ਪ੍ਰੀਤਮ ਪਤੀ ਨੂੰ ਪਿਆਰੀ ਹੋਵੇਂਗੀ ॥੬੪੭॥

(ਉਤਮ ਸਿਖ)--ਮਧਮ ਸਿਖ ਨੂੰ ਪ੍ਰਮਾਤਮਾ ਦੇ ਮਿਲਾਪ ਦਾ ਅਤੇ ਉਤਮ ਸਖੀ ਨਾਇਕਾ ਨੂੰ ਪਤੀ ਦੇ ਮਿਲਾਪ ਦਾ ਸਬਬ ਦਸਦੀ ਹੈ ॥

ਦਿਨਕਰ ਕਿਰਨ ਸੁਹਾਤ ਸੁਖਦਾਈ ਅੰਗ

ਰਚਤ ਸਿੰਗਾਰ ਅਭਰਨ ਸਖੀ ਆਇਕੈ ।

ਜੀਕਰ ਕੋਈ ਸਹੇਲੀ ਆਕੇ ਕਹੇ ਨਾਇਕਾ ਨੂੰ ਕਿ ਤੂੰ ਗਹਿਣਿਆਂ ਕਪੜਿਆਂ ਨੂੰ ਪਾ ਕਿਉਂਕਿ ਸੂਰਜ ਦੀਆਂ ਕਿਰਣਾਂ ਸੁਖ ਦੇਣ ਵਾਲੀਆਂ ਅੰਗਾਂ ਨੂੰ ਸੋਹੰਦੀਆਂ ਹਨ । ਤੇਹਾਂ ਕੁ ਹੀ ਉਤਮ ਸਿਖ ਮਧਮ ਸਿਖ ਨੂੰ ਆਖਦਾ ਹੈ ਕਿ ਹੁਣ ਗੁਰੂ ਮਹਾਰਾਜ ਜੀ ਦਾ ਉਪਦੇਸ਼ ਸੋਹਣਾ ਸੁਖਦਾਈ ਹੋਰਿਹਾ ਹੈ ਅਤੇ ਤੂੰ ਸਵੇਰੇ ਅੰਮ੍ਰਿਤ ਵੇਲੇ ਉਠਕੇ ਇਸ਼ਨਾਨ ਕਰ ਅਤੇ ਸਾਰੀ ਬਾਣੀ ਦਾ ਨਿਤ ਨੇਮ ਕਰਕੇ ਦਿਵਾਨ ਵਿਚ ਆਇਆ ਕਰ ॥

ਪ੍ਰਿਥਮ ਉਬਟਨਾ ਕੈ ਸੀਸ ਮੈ ਮਲੌਨੀ ਮੇਲ

ਮਜਨ ਉਸਨ ਜਲ ਨਿਰਮਲ ਭਾਇਕੈ ।

(ਸਖੀ) ਪਹਿਲੇ ਸਰੀਰ ਤੇ ਵਟਣਾ ਮਲਕੇ ਸਰੀਰ ਨੂੰ ਸਾਫ ਕਰ ਅਤੇ

ਸਿਰ ਵਿਚ (ਕਟੋ) ਧਣੀ ਆਦਿਕ ਦੀ ਮਿਲਾਵਟ ਮੇਲ ਕੇ (ਸਿਰ ਨੂੰ) ਅਤੇ ਫਿਰ ਸੁਧ ਪਾਣੀ ਕੋਸੇ ਨਾਲ ਇਸ਼ਨਾਨ ਕਰ ਅਤੇ ਝੰਕੁਰ ਦੀ ਬਣ ॥

ਕੁਸਮ ਅਵੇਸ ਕੇਸ ਬਾਸਤ ਫੁਲੇਲ ਮੇਲਿ
ਅੰਗ ਅਰਗਜਾ ਲੇਪ ਹੋਤ ਉਪਜਾਇ ਕੈ ।

(ਸਖੀ) ਸਿਰ ਦਿਆਂ ਵਾਲਾਂ ਵਿਚ ਮੋਤੀਏ ਆਦਕ ਦੇ ਫੁਲਾਂ ਨੂੰ ਪਾ, ਅਤੇ ਅਤਰ ਫੁਲੇਲ ਦੀ ਵਾਸ਼ਨਾ ਮਿਲਾ, ਅਤੇ ਸਰੀਰ ਦੇ ਸਾਰੇ ਅੰਗਾਂ ਵਿਚ ਬਹੁਤੀਆਂ ਸੁਗੰਧੀਆਂ ਦਾ ਪ੍ਰਗਟ ਅਰਕ ਕਰਕੇ ਲੇਪ ਕਰ ਭਾਵ ਬਹੁਤ ਵਾਸਨਾ ਲਾ ।

ਹੀਰ ਚਾਰ ਦਰਪਨ ਮਧਿ ਆਪਾ ਆਪੁ ਚੀਨ
ਚੈਨਿ ਪਰਜੰਕ ਪਰ ਧਾਵਰੀ ਨ ਧਾਇਹੈ ॥੩੪੬॥

(ਸਖੀ) ਈਕੁਰ ਦਾ ਸ਼ਿੰਗਾਰ ਜਦ ਤੂੰ ਕਰ ਲਵੇਂ ਅਤੇ ਹੱਥ ਕਪੜੇ ਪਾਕੇ ਸ਼ੀਸ਼ੇ ਵਿਚ ਆਪਣਾ ਮੂੰਹ ਵੇਖ ਲਵੇਂ ਤਦ ਪਤੀ ਨਾਲ ਮੰਜੇ ਪੁਰ ਬੈਠ ਜਾਵੇਂ (ਸੁਹੀ ਗੁਰੂ ਪ੍ਰ ਇਕਾ ਸੇਜ ਵਿਛੀ ਧਨ ਕੰਤਾ) ਅਤੇ ਫਿਰ ਤੂੰ ਕਿਧਰੇ ਛੇਤੀ ਨਾਲ ਨਹੀਂ ਜਾ ਸਕੇਂਗੀ ॥ ੩੪੬॥

ਉਪ੍ਰੋਕਤ ਇਸਤ੍ਰੀਆਂ ਦੇ ਸੋਲਾਂ ਸਿੰਗਾਰ ਵਰਨਨ

(ਜੇ ਆਪਨੇ ਕਾਵ੍ਯ ਦੇ ਈਕਣ ਹੀ ਵੇਖਣੇ ਹੋਣ ਤਾਂ ਕਵਿ ਪ੍ਰਿਯਾ ਕੇਸ਼ਵ ਦਾਸ ਜੀ ਕ੍ਰਿਤ ਅਤੇ ਪ੍ਰਸਤਾਰ ਮੰਜੂਹ ਸੰਗਤ ਸਿੰਘ ਜੀ ਕ੍ਰਿਤ ਵਿਚੋਂ ਵੇਖੋ)

ਕਕਹੀ ਦੈ ਮਾਂਗ ਉਰਝਾਏ ਸੁਰਝਾਏ ਕੇਸ
ਕੁੰਕਮ ਚੰਦਨ ਕੋ ਤਿਲਕ ਦੈ ਲਿਲਾਰ ਮੈ ।

ਜੀਕਰ ਇਸਤ੍ਰੀਆਂ ਕੰਘੀ ਨਾਲ ਫਸੇ ਹੋਇ ਵਾਲ ਸੀਡੀਆਂ ਦੇ ਖੋਹਲ ਦੀਆਂ ਹਨ ਅਤੇ ਚੰਦਨ ਕੇਸਰ ਦੇ ਟਿਕੇ ਮਥੇ ਤੇ ਲੌਂਦੀਆਂ ਹਨ ਈਕੁਰ ਹੀ ਗੁਰੂ ਕਾ ਸਿਖ ਆਪਣੀ ਵਿਚਾਰ ਕਰਕੇ ਮਨ ਦੀ ਮੈਲ ਨੂੰ ਦੂਰ ਕਰੇ ਅਤੇ ਮਨ ਸੰਸਾਰ ਵਿਚ ਫਸ ਹੋਇਨੂੰ ਵਾਹਿਗੁਰੂ ਵਲ ਲਾਵੇ ਅਤੇ ਨਿਮ੍ਰਤਾ ਦਾ ਟਿਕਾ ਮਥੇ ਤੇ ਲਾਕੇ ਕਿਆ ਪ੍ਰਸੰਨ ਬਦਨ ਰਹੇ ॥

ਅੰਜਨ ਖੰਜਨ ਦ੍ਰਿਗ ਬੇਸਰਿ ਕਰਨ ਫੂਲ
ਖਾਰੀ ਸੀਸ ਫੂਲ ਦੈ ਤਮੋਲ ਮੁਖ ਦ੍ਵਾਰ ਮੈ ।

ਨੇਤ੍ਰਾਂ ਵਿਚ ਸੁਰਮਾ ਪਾਕੇ ਮਮੋਲੇ ਵਰਗੀ ਚੰਚਲ ਕਰੇ । ਨੱਕ ਵਿਚ ਨਥ ਪਾਵੇ। ਕੰਨਾਂ ਵਿਚ (ਝੁਮਕੇ) ਵਾਲੀਆਂ ਪਾਵੇ। ਸਿਰ ਵਿਚ ਚੌਂਕ ਫੁਲ ਪਾਵੇ। ਮੂੰਹ ਭੂਹੇ ਵਿਚ ਪਾਨ ਬੀੜੇ ਦਾ ਰੰਗ ਦੇਵੇ ॥

(ਨੱਟ) ਇਹੁ ਸਿੰਗਾਰ ਚੰਚਲ ਇਸਤ੍ਰੀਆਂ ਦਾ ਹੈ (ਭਾਵ ਮਨਮੁਖਾਂ ਦੀ) ਅਤੇ ਪਤਿਬ੍ਰਤਾ ਇਸਤ੍ਰੀ ਭਾਵ ਗੁਰਮੁਖ ਏਹ ਅੰਤ੍ਰੀਵ ਸਿੰਗਾਰ ਕਰਨ

ਮਨ ਭੁਧੀ ਨੇਤ੍ਰਾਂ ਵਿਚ ਗਅਜਨ (ਸੁਰਮਾ) ਅਗਲੇ ਦੀ ਗਾਲ ਸੁਣਕੇ ਗੰਭੀਰ ਰਹਿਣਾ ਏਹ (ਨਥ) ਨੱਕ ਵਿਚ ਨਾਮ ਦਾ ਸ੍ਰਵਨ ਕਰਨਾ ਏਹ (ਤੁੰਮੇ) ਕੰਨਾਂ ਵਿਚ ਅਤੇ। ਹਰ ਇਕ ਨਾਲ ਮਿਲਕੇ ਪ੍ਰਸੰਨ ਰਹਣਾ ਏਹੁ (ਵਾਲੀਆਂ)। ਸਭਿ ਸੰਤੋਖ (ਫੂਲ)। ਦ੍ਰਿੜ ਭਾਵ ਫਫਨੀ (ਪਾਨ)। ਪਹਿਲੀ ਪਾਤਸ਼ਾਹੀ ਦਾ ਸ਼ਬਦ ਆਸਾ (ਮਨਮੋਤੀ ਜੇ ਗਹਿਣਾ) ਸਾਰਾ ਵੇਖੋ॥

ਕੰਠ ਸ੍ਰੀ ਕਪੋਤ ਮਰਕਤ ਔ ਮੁਕਤਾਹਲ
ਬਰਨ ਬਰਨ ਫੂਲ ਸੋਭਾ ਉਰ ਹਾਰ ਮੈ।

(ਉਰ) ਗਲ ਵਿਚ ਨੀਲੀਆਂ ਮਣੀਆਂ ਦੀ ਹੌਲਦਿਲੀ ਅਤੇ ਸੁੱਚੇ ਮੋਤੀਆਂ ਦੀ ਮਾਲਾ ਰੰਗਾਂ ਤਰਾਂ ਦੇ ਫੁਲਾਂ ਦੀ ਸੋਭਾ ਦੇਣ ਵਾਲੀ ਪਾਵੇ। ਈਵੇਂ ਹੀ ਅੰਤ੍ਰੀਵ ਸਿਖ ਕਰੇ।

ਚਦਰਚਰੀ ਕੰਕਨ ਮੁੰਦ੍ਰਕਾ ਮਹਦੀ ਬਨੀ
ਅੰਗੀਆ ਅਨੂਪ ਛੁਦ੍ਰ ਪੀਠ ਕਟ ਧਾਰ ਮੈ॥੩੪੭॥

ਆਰਸੀ ਦ ਕੰਗਣ ੨ ਮੁੰਦਰੀ ੩ ਮੇਂਹਦੀ ਚੋਲੀ ਬੜੀ ਚੰਗੀ ਬਣੀ ਹੋਵੇ ਅਤੇ ਤੜਾਗੀ ਲੱਕ ਵਿਚ ਪਈ ਹੋਵੇ (ਤਾਂ ਇਸਤ੍ਰੀ ਸਜਦੀ ਹੈ) ਇਕਰ ਹੀ ਸਿਖ ਦੇ ਸ਼ਿੰਗਾਰ ਜਾਣੋ॥੩੪੭॥

ਉਪ੍ਰੋਕਤਿ ਜੀਵ ਰੂਪ ਇਸਤ੍ਰੀ ਜਦ ਉਪ੍ਰੋਕਤਿ ਸ਼ਿੰਗਾਰ ਕਰਕੇ ਪਤੀ ਵਾਹਿਗੁਰੂ ਨਾਲ ਮਿਲ ਜਾਵੇ ਤੇ ਤਦਵੀ ਉਤਮ ਸਖੀਆਂ (ਗੁਰਮੁਖ) ਮਧਮ ਸਖੀਆਂ (ਹੋਰ ਆਦਮੀ) ਨੂੰ (ਉਪਦੇਸ਼) ਸਿਖਿਆ ਕਰਦੀਆਂ ਕਹਿੰਦੀਆਂ ਹਨ॥

ਸੋਭਿਤ ਸਰਦ ਨਿਸਿ ਜਗ ਮਗ ਜੋਤਿ ਸਸਿ
ਪ੍ਰਥਮ ਸਹੇਲੀ ਕਹੈ ਪ੍ਰੇਮ ਰਸ ਚਾਖੀਐ।

ਸਰਦ ਰੁਤ ਦੀ ਰਾਤ ਸੋਂਹਦੀ ਹੈ ਚੰਦ੍ਰਮਾ ਦੀ ਜੋਤਿ ਦਾ ਪ੍ਰਕਾਸ਼ ਹੋਰਹਿਆ ਹੈ। (ਸਿਖ ਨੂੰ ਸਿਖ) ਸਖੀ ਨੂੰ ਸਖੀ ਆਖਦੀ ਹੈ ਕਿ ਹੇ ਸਖੀ ਪਹਿਲੇ ਪੜ੍ਹੀ (ਪ੍ਰਥਮਾ) ਦੇ (ਪ੍ਰੇਮ ਰਸ) ਅਨੰਦ ਦਾ ਸੁਆਦ ਚਖਣਾ ਚਾਹੀਦਾ ਹੈ॥

ਪੂਰਨ ਕ੍ਰਿਪਾ ਕੈ ਤੇਰੇ ਆਇ ਹੈ ਕ੍ਰਿਪਾ ਨਿਧਾਨ
ਮਿਲੀਐ ਨਿਰੰਤਰ ਹ੍ਵੈ ਅੰਤਰ ਨ ਰਾਖੀਐ।

ਬਹੁਤ ਕਿਰਪਾ ਕਰਕੇ ਕ੍ਰਿਪਾ ਦੇ (ਨਿਧਾਨ) ਖ਼ਜ਼ਾਨੇ (ਵਾਹਿਗੁਰੂ) ਪਤੀ

ਤੇਰੇ ਪਲ ਆਇ ਹੋਨ (ਇਸ ਲਈ ਹੁਣ ਤੂੰ ਰੁਸ ਨਾ) (ਨਹੀਂਤਰ) ਇਕ ਰਸ ਹੋਕੇ ਮਿਲ ਕੋਈ ਆਪਣੇ ਅਤੇ ਪਤੀ (ਅੰਤਰ) ਵਿਚ (ਭੇਦ) ਫਰਕ ਨ ਰਖ ਭਾਵ ਪਤੀ (ਵਾਹਿਗੁਰੂ) ਨੂੰ ਇਸ ਵੇਲੇ ਕੁਝ ਹੋਰ ਨ ਸਮਝ ॥

ਚਰਨ ਕਮਲ ਮਕਰੰਦ ਰਸ ਲੁਭਿਤ ਹ੍ਵੈ

ਮਨ ਮਧੁਕਰ ਸੁਖ ਸੰਪਟ ਭਿਲਾਖੀਐ ।

ਜੀਕਰ ਭੌਰਾ ਫੁੱਲ ਕਮਲਾਂ ਦੀ ਵਾਸ਼ਨਾਂ ਦੇ ਸੁਆਦ ਉਤੇ ਮਸਤ ਹੋਕੇ ਚਾਹ ਵਾਲਾ ਹੁੰਦਾ ਹੈ ਈਕੁਰ ਤੂੰ ਵੀ ਪਤੀ ਪ੍ਰਮਾਤਮਾ ਦੇ ਚਰਨਾਂ ਦੇ ਅਨੰਦ ਉਤੇ ਮਸਤ ਹੋਕੇ ਇਛਾ ਕਰਕੇ ਮੈਨੂੰ ਛਕੇ ਠਾਕੁਰ ਸੁਖ ਦੇ ।

ਲੋਈ ਹੈ ਲਜਾਇ ਪਾਈਐ ਨ ਪੁਨ ਪਦਮ ਦੈ

ਪਲਕ ਅਮੋਲ ਪ੍ਰਿਯ ਸੰਗ ਮੁਖ ਸਾਖੀਐ॥੩੪੮

ਜੇ ਸ਼ਰਮ ਕਰੇ ਅਤੇ (ਵਾਹਿਗੁਰੂ) ਪਤੀ ਰੁਸ ਜਾਵੇ ਤਾਂ ਫਿਰ ਕਈ ਪਦਮ ਲਿਣਕੇ ਦੇਣ ਨਾਲ ਵੀ ਨਹੀਂ ਮਿਲਦਾ ਜੋ ਪਲ ਮਾਤ੍ਰ ਸਾਖੀ (ਵਾਹਿਗੁਰੂ) ਪਿਆਰੇ ਦੇ ਮੁਖ ਦਾ (ਦਰਸ਼ਨ) ਅਮੋਲਕ ਸੰਗ ਕਰਨਾ ਹੈ ਸੋ ਤਿਸ ਵਰਗਾ ਕੁਝ ਭੀ ਨਹੀਂ ॥ (ਬ੍ਰਿਤ ਚੰਦ੍ਰਦਾਸ ਖਿਆਲ)

ਆਸ਼ਕ ਸਭ ਸਦਾਇਆ ਲੋਕਨ ਦੇਹੀ ਪਰਾਣੀ ਧਰਕੇ ।
ਖੁਦੀ ਤਕੱਬਰ ਜੇ ਮਗ਼ਰੂਰੀ ਵਿਚ ਲਾ ਰਹੇ ਸਰਕੇ ॥ ੨ ॥
ਸਿਰ ਤੇ ਪਏ ਇਸ਼ਕ ਦਾ ਵੇਰਾ ਸਭ ਮੁੜ ਆਏ ਡਰਕੇ ।
ਮਹਿਬੂਬਾਂ ਦੇ ਮਹਲ ਪਿਆਰਿਆਂ ਨੂੰ ਪਹੁੰਚਾ ਸੋ ਮਰਕੇ ॥ ੩੪੯ ॥

ਹੁਣ (ਗੁਰਉਪਦੇਸ਼ ਦਾ ਮਹਾਤਮ) ਭਾਈ ਸਾਹਿਬ ਜੀ ਗੁਰੂ ਸਾਹਿਬ ਜੀ ਦੇ ਸਾਰੰਗ ਰਾਗ ਵਿਚ ਉਚਾਰਨ ਕੀਤੇ ਹੋਏ (ਅਬ ਮੇਰੋ ਨਾਚਨੋ ਰਹੋ) ਇਸ ਸ਼ਬਦ ਦੇ ਭਾਵ ਦਾ ਸੰਖੇਪ ਬਣਾਕੇ ਦਸਦੇ ਹਨ ॥

ਕੰਚਨ ਅਸੁਧ ਜੈਸੇ ਭ੍ਰਮਤ ਕੁਠਾਰੀ ਬਿਖੈ

ਸੁਧ ਭਏ ਭ੍ਰਮਤ ਨ ਪਾਵਕ ਪ੍ਰਗਾਸ ਹੈ ।

ਜੇਹਾ ਕੁ ਖੋਟਾ ਸੋਨਾ ਕੁਠਾਲੀ ਵਿਚ ਭੌਂਦਾ ਫਿਰਦਾ ਹੈ ਅਤੇ ਜਦੋਂ ਸੁਨਿਆਰਾ ਅੱਗ ਬਾਲਕੇ ਸੁਧ ਕਰ ਦੇਵੇ ਫਿਰ ਭੌਂਦਾ ਨਹੀਂ ॥

ਜਿਉ ਕਨਿਕੋ ਕੋਠਾਰੀ ਚੜਿਓ ਕਬਰੋ ਹੋਤ ਫਿਰੋ ਜਬ ਤੇ ਸੁਧ ਭਏ ਹੈ ਬਾਰਹਿ ਤਬ ਤੇ ਥਾਨ ਥਿਰੋ ॥ ਸਾਰਗ ਗੁਰੂ ੫

ਜੈਸੇ ਚਰ ਕੰਚਨ ਅਨੇਕ ਸੋ ਪ੍ਰਗਟ ਧਨਿ

ਟੂਕੈ ਟੂਕ ਟੂਕ ਪੂਨ ਪੂਨਿ ਕੈ ਬਿਨਾਸ ਹੈ ।

ਜਿਹਾ ਕੁ ਜਦ ਪਹਿਲੇ ਸੋਨੇ ਦੇ ਬਹੁਤ ਕਣੋ ਆਦਕ ਗਹਿਣੇ ਬਣਾਏ ਜਾਂਦੇ ਹਨ ਤਦ ਪਰਤੱਛ ਹੀ ਅਨੇਕਾਂ ਢਾਲਾਂ (ਸੋਨਾ) ਦੇਂਦਾ ਹੈ ਅਤੇ ਜਦ ਉਨਾਂ ਵਿਚ ਇਕ ਗਹਿਣਿਆਂ ਨੇ ਇਕ ਸੋਨੇ ਦੀ (ਗਲ ਕੇ) ਓਟ ਲੈ ਲਈ (ਨਾਲ ਮਿਲ ਗਏ) ਤਦ ਫਿਰ ਸਾਰਿਆਂ ਗਹਿਣਿਆਂ ਦੀਆਂ ਸਾਰੀਆਂ ਅਵਾਜ਼ਾਂ ਦੂਰ ਹੋਗਈਆਂ । (ਸੋਰਠ ਰਵਿਦਾਸ ਜੀ) ਅਨਿਕ ਕਟਕ ਜੈਸੇ ਭੂਲ ਪਰੇ ਅਬ ਕਹਤੇ ਕਹਨੁ ਨ ਆਇਆ।

ਛੁਧਤਾ ਕੈ ਬਾਲਕ ਬਿਲਲਾਤ ਅਕੁਲਾਤ ਅਤਿ
ਅਸਥਨ ਪਾਨ ਕਰ ਸਹਜ ਨਿਵਾਸ ਹੈ ।

ਜਿੱਕੁਰ ਭੁਖ ਕਰਕੇ ਬਾਲਕ ਰੋਂਦਾ ਅਤੇ ਬਹੁਤ ਕਾਹਲਾ ਪੈਂਦਾ ਹੈ ਅਤੇ ਜਦ ਮਾਂ ਦਾ ਮੰਮਾ ਚੁੰਘ ਲਵੇ ਤਾਂ ਸਹਜੇ ਹੀ ਮੰਜੇ ਤੇ ਸੌਂ ਜਾਂਦਾ ਹੈ ॥

ਤੈਸੇ ਮਾਯਾ ਭ੍ਰਮਤ ਚਤੁਰ ਕੁੰਟ ਧਾਵੈ (ਗੁਰ)
ਉਪਦੇਸ ਨਿਹਚਲ ਗ੍ਰਿਹ ਪਦ ਬਾਸ ਹੈ ॥ ੩੪੯

ਤਿਹਾ ਕੁ ਹੀ ਏਹ (ਜੀਵ) ਮਨ ਮਾਇਆ ਦਾ ਭੁਮਾਇਆ ਹੋਇਆ ਚਹੁੰ ਕੂਟਾਂ ਵਿਚ ਭੱਜਾ ਫਿਰਦਾ ਹੈ ਅਤੇ ਜਦ ਗੁਰਾਂ ਦਾ ਗੁਰਉਪਦੇਸ਼ ਹੋ ਜਾਵੇ ਤਾਂ ਅਡੋਲ ਘਰ ਸਰੂਪ ਦੀ ਪਦਵੀ ਨੂੰ ਪਹੁੰਚ ਕੇ ਵਸਦਾ ਹੈ ॥ ੩੪੯ ॥

ਪਾਸ ਹੁੰਦਿਆਂ ਗੁਰਾਂ ਦੀ ਕਦਰ ਨਾ ਜਾਣੀ ਅਤੇ ਪਿਛੋਂ ਪਛਤੋਣਾ

ਜੈਸੇ ਦੀਪ ਦਿਪਤ ਭਵਨ ਉਜਿਆਰੋ ਹੋਤ
ਸਗਲ ਸਮੱਗ੍ਰੀ ਗ੍ਰਿਹ ਪ੍ਰਗਟ ਦਿਖਾਤ ਹੈ ।

ਜਿਹਾ ਕੁ ਜਗਦੇ ਦੀਵੇ ਕਰਕੇ ਘਰ ਵਿਚ ਚਾਨਣ ਹੁੰਦਾ ਹੈ ਅਤੇ ਸਾਰੀ ਚੀਜ਼ ਵਸਤ ਘਰ ਦੀ ਪਰਤੱਛ ਹੀ ਨਜ਼ਰ ਔਂਦੀ ਹੈ ॥

ਉਤ ਪੋਤ ਜੋਤ ਹੇਤ ਕਾਰਜ ਬਾਂਛਤ ਸਿਧ
ਆਨੰਦ ਬਿਨੋਦ ਸੁਖ ਸਹਜ ਬਿਹਾਤ ਹੈ ।

ਜੇਕਰ (ਉਪ੍ਰੋਕਤ) ਦੀਵੇ ਦੀ ਘਰ ਦੇ ਅੰਦ੍ਰ ਬਾਹਰ ਸਭਨਾਂ ਨਾਲ ਜੋਤੀ ਮਿਲੀ ਹੋਵੇ (ਕ੍ਰਿਆ ਚਾਲਦ ਹੋਵੇ) ਤਦ ਜੇਹੜੀ ਕਿਸੇ ਕੰਮ ਲਈ ਘਰੋਂ ਚੀਜ਼ ਚਾਹੀਦੀ ਹੈ ਓਹ ਮਿਲ ਜਾਂਦੀ ਹੈ ਅਤੇ ਇੱਕੁਰ ਹੀ ਦੀਵੇ ਦੇ ਜਗਾਇਆਂ ਬਹੁਤ ਅਨੰਦ ਨਾਲ ਸੁਖਦਾਈ ਸਮਾਗਮਾਂ ਵਿਚ ਸਹਜੇ ਹੀ ਸਮਾਂ ਗੁਜ਼ਰਦਾ ਹੈ ।